13ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -13 ISSUE -5
May 8, 2024

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ




ਧੰਨ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਿੱਖ ਧਰਮ ਤੇ ਪੰਜਾਬੀ ਭਾਸ਼ਾ ਨੂੰ ਦੇਣ
(ਸਬੰਧਤ ਲੇਖ ਅੰਦਰ ਦੇਖੋ)



ਪੰਜਾਬ ਦੀਆਂ ਸਿਹਤ ਸੇਵਾਵਾਂ ਦਾ ਏਜੰਡਾ ਕੀ ਹੋਵੇ?
(ਸਬੰਧਤ ਲੇਖ ਅੰਦਰ ਦੇਖੋ)



ਮਮਤਾ, ਤਿਆਗ 'ਤੇ ਪਿਆਰ ਦੀ ਮੂਰਤ ਹੁੰਦੀ ਹੈ ਮਾਂ।
(ਮਦਰ ਡੇਅ ਨੂੰ ਸਮਰਪਿਤ ਲੇਖ ਦੇਖੋ ਸਫਾ 6 'ਤੇ)

## ਲੋਕ ਸਭਾ ਚੋਣਾਂ ਲਈ ਪੰਜਾਬ 'ਚ ਨਾਮਜ਼ਦਗੀਆਂ ਆਰੰਭ

### ਆਪੋ-ਆਪਣੀ ਸਹੂਲਤ ਲਈ ਪਾਰਟੀਆਂ ਬਦਲਣ ਦਾ ਰੁਝਾਨ

**ਚੰਡੀਗੜ੍ਹ (ਬਿਊਰੋ)–** ਪੰਜਾਬ ਵਿਚ ਲੋਕ ਸਭਾ ਦੀਆਂ ਚੋਣਾਂ 1 ਜੂਨ ਨੂੰ ਹੋਣੀਆਂ ਹਨ ਅਤੇ ਨਾਮਜ਼ਦਗੀਆਂ 7 ਮਈ ਤੋਂ ਆਰੰਭ ਹੋ ਗਈਆਂ ਹਨ। ਇਸ ਦਰਮਿਆਨ 20 ਤੋਂ ਜ਼ਿਆਦਾ ਉਮੀਦਵਾਰਾਂ ਨੇ ਨਾਮਜ਼ਦਗੀਆਂ ਦਾਖਲ ਕਰ ਦਿੱਤੀਆਂ ਹਨ ਪਰ ਫਿਲਹਾਲ ਮੁਕਾਬਲੇ ਵਿਚ ਦਿੱਸ ਰਹੀਆਂ ਪਾਰਟੀਆਂ ਦੇ ਉਮੀਦਵਾਰ ਨਾਮਜ਼ਦਗੀਆਂ ਲਈ ਨਹੀਂ ਆਏ ਹਨ। ਇਸ ਦਰਮਿਆਨ ਪੰਜਾਬ ਵਿਚ ਦਲ-ਬਦਲੀਆਂ ਦਾ ਰੁਝਾਨ ਸਿਖਰ ਤੇ ਚੱਲ ਰਿਹਾ ਹੈ। ਇੱਥੋਂ ਤੱਕ ਕਿ ਕਈ ਪਾਰਟੀਆਂ ਦੁਆਰਾ ਉਮੀਦਵਾਰ ਐਲਾਨ ਕਰਨ ਦੇ ਬਾਵਜੂਦ ਉਮੀਦਵਾਰ ਹੀ ਪਾਰਟੀ ਛੱਡ ਕੇ ਭੱਜ ਰਹੇ ਹਨ। ਚੰਡੀਗੜ੍ਹ ਤੋਂ ਅਕਾਲੀ ਦਲ ਦੇ ਉਮੀਦਵਾਰ ਨੇ ਆਪਣੀ ਉਮੀਦਵਾਰੀ ਹੀ ਛੱਡ ਦਿੱਤੀ ਹੈ। ਇਸੇ ਤਰ੍ਹਾਂ ਹੁਸ਼ਿਆਰਪੁਰ ਤੋਂ ਪੰਜਾਬ 'ਚ ਬਸਪਾ ਨੂੰ ਵੱਡਾ ਝਟਕਾ ਲੱਗਾ ਹੈ। ਹੁਸ਼ਿਆਰਪੁਰ ਤੋਂ ਉਮੀਦਵਾਰ ਰਾਕੇਸ਼ ਸੁਮਨ ਬੁੱਧਵਾਰ ਨੂੰ ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਗਏ। ਮੁੱਖ ਮੰਤਰੀ ਭਗਵੰਤ ਮਾਨ ਨੇ ਉਨ੍ਹਾਂ ਦਾ ਸਵਾਗਤ ਕੀਤਾ। ਬਸਪਾ ਹਾਈਕਮਾਂਡ ਨੇ 15 ਦਿਨ ਪਹਿਲਾਂ ਰਾਕੇਸ਼ ਸੁਮਨ ਨੂੰ ਹੁਸ਼ਿਆਰਪੁਰ ਲੋਕ ਸਭਾ ਸੀਟ ਤੋਂ ਉਮੀਦਵਾਰ ਐਲਾਨਿਆ ਸੀ। ਬਸਪਾ ਵਰਕਰਾਂ ਨੇ ਰਾਕੇਸ਼ ਸੁਮਨ ਨੂੰ ਲੈ ਕੇ ਚੋਣ ਤਿਆਰੀਆਂ ਵੀ ਸ਼ੁਰੂ ਕਰ ਦਿੱਤੀਆਂ ਸਨ ਪਰ 'ਆਪ' ਨੇ ਅਜਿਹਾ ਸਿਆਸੀ ਪਾਸਾ ਸੁੱਟਿਆ ਕਿ ਬਸਪਾ ਉਮੀਦਵਾਰ 'ਆਪ' 'ਚ ਸ਼ਾਮਲ ਹੋ ਗਿਆ। ਸਿਆਸੀ ਹਾਲਾਤਾਂ 'ਚ ਅਚਾਨਕ ਆਈ ਤਬਦੀਲੀ ਕਾਰਨ ਬਸਪਾ ਨੂੰ ਇਕ ਵਾਰ ਫਿਰ ਉਮੀਦਵਾਰ ਲੱਭਣ ਦੀ ਚੁਣੌਤੀ ਖੜ੍ਹੀ ਹੋ ਗਈ ਹੈ। ਬਹੁਜਨ ਸਮਾਜ ਪਾਰਟੀ ਦੇ ਕੇਂਦਰੀ ਕੋਆਰਡੀਨੇਟਰ ਅਤੇ ਪੰਜਾਬ ਚੰਡੀਗੜ੍ਹ ਹਰਿਆਣਾ ਦੇ ਇੰਚਾਰਜ ਰਣਧੀਰ ਸਿੰਘ ਬੈਨੀਵਾਲ ਨੇ ਪ੍ਰੈਸ ਨੋਟ ਰਾਹੀਂ ਜਾਣਕਾਰੀ ਦਿੰਦਿਆਂ ਕਿਹਾ ਕਿ ਹੁਸ਼ਿਆਰਪੁਰ ਦੇ ਉਮੀਦਵਾਰ ਰਕੇਸ਼ ਸੁਮਨ ਦਾ ਆਮ ਆਦਮੀ ਪਾਰਟੀ ਵਿੱਚ ਜਾਣਾ ਮੰਦਭਾਗਾ ਹੈ। ਬੀਤੇ ਕੱਲ੍ਹ ਬਹੁਜਨ ਸਮਾਜ ਪਾਰਟੀ ਵੱਲੋਂ ਬਸਪਾ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਦੇ ਹੁਕਮਾਂ ਅਨੁਸਾਰ ਪੰਜਾਬ ਦੀਆਂ 12 ਲੋਕ ਸਭਾ ਸੀਟਾਂ ਅਤੇ ਚੰਡੀਗੜ੍ਹ ਦੀ ਇੱਕ ਸੀਟ ਲਈ ਭਾਵ ਕੁਲ 13 ਟਿਕਟ ਸੰਭਾਵੀ ਉਮੀਦਵਾਰਾਂ ਨੂੰ ਜਾਰੀ ਕਰ ਦਿੱਤੀ ਗਈ ਸੀ ਅਤੇ ਸਿਰਫ ਇੱਕ ਟਿਕਟ ਹੁਸ਼ਿਆਰਪੁਰ ਦੇ ਸੰਭਾਵੀ ਉਮੀਦਵਾਰ ਰਕੇਸ਼ ਸੁਮਨ ਦਾ ਰੋਕਿਆ ਗਿਆ ਸੀ। ਬੈਨੀਵਾਲ ਨੇ ਕਿਹਾ ਕਿ ਸੰਭਾਵੀ ਉਮੀਦਵਾਰ ਰਕੇਸ਼ ਸੁਮਨ ਦਾ ਟਿਕਟ ਰੋਕੇ ਜਾਣ ਪਿੱਛੇ ਬਹੁਤ ਵੱਡਾ ਤਕਨੀਕੀ ਕਾਰਨ ਸੀ, ਜਿਸ ਤਹਿਤ ਸੁਮਨ ਕੋਲ ਉਨਾਂ ਦੀ ਵੋਟ ਸੂਚੀ ਵਾਲੀ ਤਸਦੀਕ ਸੁਦਾ ਵੋਟ ਦੀ ਕੋਈ ਕਾਪੀ ਨਹੀਂ ਸੀ। ਇਸ ਤੋਂ ਪਹਿਲਾਂ ਲੁਧਿਆਣਾ ਤੋਂ ਕਾਂਗਰਸ ਦੇ ਉਮੀਦਵਾਰ ਨੇ ਭਾਰਤੀ ਜਨਤਾ ਪਾਰਟੀ ਜੁਆਇਨ ਕਰ ਲਈ ਸੀ। ਜਲੰਧਰ ਤੋਂ ਪਵਨ ਟੀਨੂ ਨੇ ਭਾਜਪਾ ਜੁਆਇਨ ਕਰ ਲਈ।




## ਨਿੱਜਰ ਹੱਤਿਆਕਾਂਡ- ਭਾਰਤ ਅਤੇ ਕੈਨੇਡਾ ਵਿਚ ਦੁਬਾਰਾ ਆਰੰਭ ਹੋ ਸਕਦਾ ਹੈ ਵਿਵਾਦ

**ਔਟਵਾ (ਬਿਊਰੋ)–** ਕੈਨੇਡਾ ਦੀ ਵਿਦੇਸ਼ ਮੰਤਰੀ ਮੇਲਾਨੀ ਜੌਲੀ ਨੇ ਕਿਹਾ ਹੈ ਕਿ ਓਟਵਾ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਵਿੱਚ ਭਾਰਤੀ ਏਜੰਟਾਂ ਦੇ ਸ਼ਾਮਲ ਹੋਣ ਦੇ ਦੋਸ਼ਾਂ 'ਤੇ ਕਾਇਮ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜੌਲੀ ਨੇ ਕਿਹਾ ਕਿ ਨਿੱਝਰ ਦੀ ਹੱਤਿਆ ਦੀ ਜਾਂਚ ਰਾਇਲ ਕੈਨੇਡੀਅਨ ਮਾਊਂਟਿਡ ਪੁਲੀਸ ਕਰ ਰਹੀ ਹੈ। ਉਨ੍ਹਾਂ ਕਿਹਾ, 'ਕੈਨੇਡਾ ਆਪਣੇ ਨਾਗਰਿਕਾਂ ਦੀ ਸੁਰੱਖਿਆ ਕਰਨ ਲਈ ਕੋਈ ਕਸਰ ਨਹੀਂ ਛੱਡੇਗਾ। ਅਸੀਂ ਉਨ੍ਹਾਂ ਦੋਸ਼ਾਂ 'ਤੇ ਕਾਇਮ ਹਾਂ ਕਿ ਕੈਨੇਡੀਅਨ ਜ਼ਮੀਨ 'ਤੇ ਭਾਰਤੀ ਏਜੰਟਾਂ ਨੇ ਕੈਨੇਡੀਅਨ ਦੀ ਹੱਤਿਆ ਕੀਤੀ ਗਈ ਸੀ। ਇਸ ਦੀ ਆਰਸੀਐੱਮਪੀ ਜਾਂਚ ਕਰ ਰਹੀ ਹੈ। ਮੈਂ ਅੱਗੇ ਕੋਈ ਟਿੱਪਣੀ ਨਹੀਂ ਕਰਾਂਗੀ।' ਭਾਰਤ-ਕੈਨੇਡਾ ਸਬੰਧਾਂ ਵਿੱਚ ਕੂਟਨੀਤਕ ਤਣਾਅ ਦੌਰਾਨ ਇਥੇ ਭਾਰਤ ਦੇ ਹਾਈ ਕਮਿਸ਼ਨਰ ਨੇ ਚਿਤਾਵਨੀ ਦਿੱਤੀ ਹੈ ਕਿ ਕੈਨੇਡਾ ਵਿੱਚ ਸਿੱਖ ਵੱਖਵਾਦੀ ਸਮੂਹ ਖਤਰੇ ਦੀ ਵੱਡੀ ਲੀਕ ਪਾਰ ਕਰ ਰਹੇ ਹਨ, ਜਿਸ ਨੂੰ ਭਾਰਤ ਆਪਣੀ ਕੌਮੀ ਸੁਰੱਖਿਆ ਅਤੇ ਖੇਤਰੀ ਅਖੰਡਤਾ ਦੇ ਮਾਮਲੇ ਵਜੋਂ ਨੂੰ ਦੇਖਦਾ ਹੈ। ਮੀਡੀਆ ਨਾਲ ਗੱਲਬਾਤ ਦੌਰਾਨ ਕੈਨੇਡਾ ਵਿੱਚ ਭਾਰਤੀ ਹਾਈ ਕਮਿਸ਼ਨਰ ਸੰਜੈ ਕੁਮਾਰ ਵਰਮਾ ਨੇ ਆਪਣੇ ਪਹਿਲੇ ਜਨਤਕ ਬਿਆਨ ਵਿੱਚ ਇਹ ਗੱਲ ਕਹੀ। ਸ੍ਰੀ ਵਰਮਾ ਇਸ ਮਾਮਲੇ ਨੂੰ ਘਰੇਲੂ ਅਪਰਾਧ ਨਾਲ ਜੋੜਦੇ ਨਜ਼ਰ ਆਏ।



ਇਧਰ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤੇ ਤਿੰਨ ਭਾਰਤੀ ਨਾਗਰਿਕ ਇਸ ਕੇਸ ਵਿੱਚ ਕਤਲ ਦੇ ਦੋਸ਼ਾਂ ਦਾ ਸਾਹਮਣਾ ਕਰਨ ਲਈ ਪਹਿਲੀ ਵਾਰ ਵੀਡੀਓ ਕਾਨਫਰੰਸ ਰਾਹੀਂ ਕੈਨੇਡਾ ਦੀ ਅਦਾਲਤ ਵਿੱਚ ਪੇਸ਼ ਹੋਏ। ਇਸ ਕਤਲ ਨੇ ਕੈਨੇਡਾ-ਭਾਰਤ ਸਬੰਧਾਂ ਵਿੱਚ ਤਣਾਅ ਪੈਦਾ ਕਰ ਦਿੱਤਾ ਹੈ। ਐਡਮਿੰਟਨ 'ਚ ਰਹਿਣ ਵਾਲੇ ਭਾਰਤੀ ਨਾਗਰਿਕ ਕਰਨ ਬਰਾੜ (22), ਕਮਲਪ੍ਰੀਤ ਸਿੰਘ (22) ਅਤੇ ਕਰਨਪ੍ਰੀਤ ਸਿੰਘ (28) ਨੂੰ ਸ਼ੁੱਕਰਵਾਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਉਨ੍ਹਾਂ 'ਤੇ ਕਤਲ ਅਤੇ ਕਤਲ ਦੀ ਸਾਜ਼ਿਸ਼ ਰਚਣ ਦੇ ਦੋਸ਼ ਲਾਏ ਗਏ।




Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539




DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC




SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga
6930 65TH STREET # 115 SACRAMENTO CA 95823


ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

ਜਉ ਤੁਮ ਗਿਰਿਵਰ ਤਉ ਹਮ ਮੋਰਾ ॥ ਜਉ ਤੁਮ ਚੰਦ ਤਉ ਹਮ ਭਏ ਹੈਂ ਚਕੋਰਾ ॥1॥
ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥ ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥1॥ਰਹਾਉ॥

**ਗੁਰੂ ਪਿਆਰੀ ਸਾਧ ਸੰਗਤ ਜੀ**







**ਸ਼ਰਧਾਲੂ ਪਰਿਵਾਰਾਂ ਨੂੰ ਸਮੁੱਚੀ ਸੰਗਤ ਨੂੰ ਹੇਠ ਲਿਖੇ ਸਮਾਗਮਾਂ ਵਿੱਚ ਹਾਜ਼ਰੀ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ:**

## ਜੂਨ 28-29-30, 2024 ਪਿਟਸਬਰਗ ਗੁਰੂਘਰ ਦੀ 39ਵੀਂ ਵਰ੍ਹੇਗੰਢ


ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੀ 39ਵੀਂ ਬਰਸੀ 30 ਜੂਨ, 2024 ਨੂੰ ਮਨਾਈ ਜਾਵੇਗੀ। ਅਖੰਡ ਪਾਠ ਸ਼ੁੱਕਰਵਾਰ 28 ਜੂਨ 2024 ਨੂੰ ਸਵੇਰੇ 10:00 ਵਜੇ ਆਰੰਭ ਹੋਵੇਗਾ ਅਤੇ 06/30/2024 ਦਿਨ ਐਤਵਾਰ ਨੂੰ ਭੋਗ ਸਮਾਗਮ ਨਾਲ ਸਮਾਪਤ ਹੋਵੇਗਾ। ਗੁਰੂਘਰ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪਾਠ ਅਤੇ ਲੰਗਰ ਦੀ ਸੇਵਾ ਕੀਤੀ ਜਾਵੇਗੀ। ਇਸ ਮੌਕੇ ਗਿਆਨੀ ਬਲਵਿੰਦਰ ਸਿੰਘ ਜੀ ਦਾ ਰਾਗੀ ਜਥਾ ਸੰਗਤਾਂ ਨੂੰ ਨਿਹਾਲ ਕਰੇਗਾ।

**"ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ"**

**Sangat Sewadars** www.srigurudo ravidasstemple.com



Chairman
Ramesh Suman



President
Vinod Kumar



Secretary
Dilbag Singh



Treasurer
Sunita K. Singh

## ਸ਼੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਨੇ ਮਨਾਇਆ

# ਡਾ. ਅੰਬੇਡਕਰ ਸਾਹਿਬ ਦਾ 133ਵਾਂ ਜਨਮ ਦਿਹਾੜਾ
























ਰਿਪੋਰਟ ਅਤੇ ਤਸਵੀਰਾਂ- ਵਿਨੋਦ ਚੁੰਬਰ



**ਯੂਨੀਅਨ ਸਿਟੀ-** ਸ਼੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ, (ਕੈਲੀਫੋਰਨੀਆ) ਨੇ ਉਸਾਰੀ ਅਧੀਨ ਸ਼੍ਰੀ ਗੁਰੂ ਰਵਿਦਾਸ ਟੈਂਪਲ ਵਿਖੇ ਡਾ. ਬੀ. ਆਰ. ਅੰਬੇਡਕਰ ਸਾਹਿਬ ਦਾ 133ਵਾਂ ਜਨਮ ਦਿਹਾੜਾ ਮਨਾਇਆ। ਇਸ ਦੇ ਨਾਲ ਹੀ ਵਿਸਾਖੀ ਅਤੇ ਖਾਲਸਾ ਪੰਥ ਦਿਵਸ ਵੀ ਮਨਾਏ ਗਏ। ਸ਼੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਦੇ ਸਰਵਸ਼੍ਰੀ ਚੇਅਰਮੈਨ ਵਿਨੋਦ ਕੁਮਾਰ ਚੁੰਬਰ, ਪ੍ਰਧਾਨ ਤਰਲੋਚਨ ਸਿੰਘ ਬੱਧਣ, ਜਨਰਲ ਸਕੱਤਰ ਨਰੇਸ਼ ਕੁਮਾਰ ਗੱਡੂ ਅਤੇ ਖਜਾਨਚੀ ਮਨਦੀਪ ਰਾਏ ਨੇ ਬਾਬਾ ਸਾਹਿਬ ਜੀ ਦੇ ਯੋਗਦਾਨ ਅਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੀਆਂ ਸਿੱਖਿਆਵਾਂ ਬਾਰੇ ਵਿਚਾਰ ਸਾਂਝੇ ਕੀਤੇ। ਡਾ. ਹਰਮੇਸ਼ ਕੁਮਾਰ ਅਤੇ ਸ਼੍ਰੀ ਰਣਧੀਰ ਸੁਝਮਨ ਨੇ ਅਮੈਰਿਕਨ ਰਾਜਨੀਤੀ ਬਾਰੇ ਗੱਲ ਕਰਦਿਆਂ ਕਿਹਾ ਕਿ ਸਾਡੇ ਜੀਵਨ ਵਿੱਚ ਸਿੱਖਿਆ ਦੀ ਕਿੰਨੀ ਮਹੱਤਤਾ ਹੈ। ਗਿਆਨੀ ਜੱਥਾ ਵਿਜੇ ਸਿੰਘ ਜੀ ਨੇ ਖਾਲਸਾ ਪੰਥ ਅਤੇ ਗੁਰੂ ਗੋਬਿੰਦ ਜੀ ਮਹਾਰਾਜ ਦੇ ਉਪਦੇਸ਼ ਸਾਂਝੇ ਕੀਤੇ। ਸ਼੍ਰੀ ਜੀਤ ਰਾਮ ਥਿੰਦ ਨੇ ਆਪਣਾ ਅਨੁਭਵ ਸਾਂਝਾ ਕੀਤਾ ਅਤੇ ਗੁਰੂ ਸਾਹਿਬਾਨ ਦੇ ਮਹਾਨ ਸ਼ਬਦ ਗਾਇਨ ਕੀਤੇ।

ਸਭਾ ਵੱਲੋਂ ਚੇਅਰਮੈਨ ਨੇ ਸੰਗਤਾਂ ਨੂੰ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ। ਸਭਾ ਵੱਲੋਂ ਇਸ ਮਹੀਨੇ ਦੇ ਪ੍ਰੋਗਰਾਮ 12 ਮਈ ਮਦਰ ਡੇਅ ਮਨਾਇਆ ਜਾਵੇਗਾ ਅਤੇ ਅਗਲਾ ਪ੍ਰੋਗਰਾਮ 26 ਮਈ ਨੂੰ ਹੋਵੇਗਾ।









ਉਸਾਰੀ ਅਧੀਨ ਸ਼੍ਰੀ ਗੁਰੂ ਰਵਿਦਾਸ ਟੈਂਪਲ, ਯੂਨੀਅਨ ਸਿਟੀ (ਕੈਲੀਫੋਰਨੀਆ) ਗੁਰੂ ਘਰ ਦੀਆਂ ਮਾਡਲ ਤਸਵੀਰਾਂ

**ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਕਮੇਟੀ ਵੱਲੋਂ ਬੇਨਤੀ ਹੈ ਕਿ ਵੱਧ ਤੋਂ ਵੱਧ ਮਾਇਆ ਦਾ ਯੋਗਦਾਨ ਗੁਰੂ ਘਰ ਦੀ ਉਸਾਰੀ ਜਾ ਰਹੀ ਬਿਲਡਿੰਗ ਲਈ ਕਰਨ**

# ਅਮੈਰਿਕਨ ਸੀਨੀਅਰ ਸਿਟੀਜ਼ਨਜ਼ ਗਰੁੱਪ ਸੈਕਰਾਮੈਂਟੋ (ਕੈਲੇਫੋਰਨੀਆ) ਵੱਲੋਂ ਸਮੂਹਿਕ ਤੌਰ 'ਤੇ ਜਨਮ ਦਿਨ ਪਾਰਟੀ ਮਨਾਈ ਗਈ

ਪਿਛਲੇ ਕੁਝ ਸਮੇਂ ਤੋਂ ਉਪਰੋਕਤ ਸਿਟੀਜ਼ਨਜ਼ ਗਰੁੱਪ ਰਲ-ਮਿਲ ਕੇ ਸਾਂਝਾ ਪ੍ਰੋਗਰਾਮ ਕਰਵਾਉਂਦੇ ਹਨ। ਇਹ ਪ੍ਰੋਗਰਾਮ ਪਿਛਲੇ ਤਿੰਨ ਜਾਂ ਚਾਰ ਮਹੀਨਿਆਂ ਵਿਚ, ਜਿਹਨਾਂ ਸੀਨੀਅਰਜ਼ ਦੇ ਜਨਮ ਦਿਨ ਆਉਂਦੇ ਹਨ, ਸਾਰਿਆਂ ਦਾ ਸਾਂਝਾ ਪ੍ਰੋਗਰਾਮ ਹੁੰਦਾ ਹੈ। ਇਸ ਵਾਰੀ ਮਿਤੀ 5 ਮਈ 2024 ਦਿਨ ਐਤਵਾਰ ਨੂੰ ਇਹ ਪ੍ਰੋਗਰਾਮ ਫਲੈਮਿੰਗੋ ਪੈਲੇਸ, ਵਾਟ ਐਵਿਨਿਊ, ਸੈਕਰਾਮੈਂਟੋ ਦੇ ਹਾਲ ਵਿਚ ਕੀਤਾ ਗਿਆ।








ਇਸ ਪ੍ਰੋਗਰਾਮ ਦੇ ਸਪਾਂਸਰਸ੍ਰੀ ਗੁਰਦੇਵ ਸਿੰਘ ਤੂਰ, ਸੁਖਚੈਨ ਸਿੰਘ, ਗੁਰ-ਮੀਤ ਸਿੰਘ ਵੜੈਚ, ਦਲਜੀਤ ਸਿੰਘ ਸੰਧੂ, ਡਾ. ਪਰਮਜੀਤ ਸਿੰਘ ਤੱਖਰ, ਗੁਰਪਾਲ ਸਿੰਘ ਖੈਰਾ, ਮਨਜੀਤ ਸਿੰਘ ਪੁਰੇਵਾਲ ਸਨ। ਪ੍ਰੋਗਰਾਮ ਵਿਚ ਵਿਸ਼ੇਸ਼ ਤੌਰ 'ਤੇ ਸਾਬਕਾ ਸਟੇਟ ਅਸੈਂਬਲੀ ਮੈਂਬਰ, ਕੈਲੀਫੋਰਨੀਆ ਮਿਸਟਰ ਰੋਜ਼ਰ ਇਊਜੀਨ ਡਿਕਿਨਸਨ ਨੇ ਸ਼ਿਰਕਤ ਕੀਤੀ, ਜਿਹਨਾਂ ਦੀ ਜਾਣ ਪਹਿਚਾਣ ਕਰਨਲ ਗੁਰਮੁਖ ਸਿੰਘ ਗਿੱਲ ਨੇ ਕਰਵਾਈ।

ਇਸ ਤੋਂ ਬਾਅਦ ਪ੍ਰੋਗਰਾਮ ਵਿਚ ਗਾਣੇ, ਕਵਿਤਾ, ਚੁਟਕਲੇ ਪੇਸ਼ ਕਰਨ ਸਬੰਧੀ ਸ੍ਰੀ ਮਲਕ ਇਮਤਿਆਜ਼, ਜੂਨੀਅਰ ਕਿਸ਼ੋਰ, ਜਵਾਹਰ ਲਾਲ ਧਵਨ, ਪੰਮੀ ਮਾਨ, ਪੂਨਮ ਮਲੋਹਤਰਾ, ਮਹਿੰਦਰ ਸਿੰਘ ਸਿੱਧੂ, ਬਿੱਕਰ ਸਿੰਘ ਮਾਨ, ਹਰਜੀਤ ਸਿੰਘ ਆਹਲੂਵਾਲੀਆ ਸ਼ਾਮਲ ਹੋਏ ਤੇ ਖੂਬ ਰੰਗ ਬੰਨਿਆ।

ਪ੍ਰੋਗਰਾਮ ਵਿਚ ਸੀਨੀਅਰ ਸਿਟੀਜ਼ਨਜ਼ ਗਰੁੱਪ ਦੇ ਵਿਛੋੜਾ ਦੇ ਗਏ ਮੈਂਬਰ ਸ੍ਰੀ ਸੁਖਦੇਵ ਸਿੰਘ ਸੇਖੋਂ ਨੇ ਯਾਦ ਕੀਤਾ ਗਿਆ। ਉਹਨਾਂ ਦੇ ਬਾਰੇ ਸ੍ਰੀ ਧਰਮਿੰਦਰ ਸਿੰਘ (ਗੋਲਡਨ ਟਰੱਕ) ਨੇ ਉਹਨਾਂ ਦੇ ਜੀਵਨ ਤੇ ਝਾਤ ਪਾਈ। ਡਾ. ਪਰਮਜੀਤ ਸਿੰਘ ਤੱਖਰ ਵੱਲੋਂ ਉਹਨਾਂ ਦੇ ਪਰਿਵਾਰ ਨੂੰ ਪਲੈਕ ਵੀ ਦਿੱਤਾ ਗਿਆ।

ਸ੍ਰੀ ਦਲਜੀਤ ਸਿੰਘ ਸੰਧੂ ਨੇ ਜਨਮ ਦਿਨ ਵਾਲੇ ਮੈਂਬਰਾਂ ਨੂੰ ਸਟੇਜ ਤੇ ਬੁਲਾ ਕੇ ਕੇਕ ਕਟਵਾਇਆ।

ਪ੍ਰੋਗਰਾਮ ਵਿਚ ਵਿਸ਼ੇਸ਼ ਤੌਰ ਤੇ ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ ਦੇ ਪ੍ਰਧਾਨ ਸ੍ਰੀ ਦਿਲਵੀਰ ਨਿੱਜਰ ਅਤੇ ਸਾਥੀ ਰਾਠੇਸ਼ਵਰ ਸਿੰਘ ਰਾਠੀ ਵੀ ਪਹੁੰਚੇ। ਸਨਮਾਨ ਕਮੇਟੀ ਵਿਚ ਸ੍ਰੀ ਅਜਾਇਬ ਸਿੰਘ ਧਾਲੀਵਾਲ, ਇਕਬਾਲ ਸਿੰਘ ਪੱਡਾ, ਡਾ. ਪਰਮਜੀਤ ਸਿੰਘ ਤੱਖਰ ਸ਼ਾਮਲ ਹੋਏ।

ਸਾਰੇ ਪ੍ਰੋਗਰਾਮ ਦੀ ਕਵਰੇਜ਼ ਸ੍ਰੀ ਪ੍ਰੇਮ ਕੁਮਾਰ ਚੁੰਬਰ, ਸੰਪਾਦਕ 'ਦੇਸ਼ ਦੁਆਬਾ' ਅਖਬਾਰ ਵੱਲੋਂ ਕੀਤੀ ਗਈ।

ਪ੍ਰੋਗਰਾਮ ਦੇ ਅਖੀਰ ਵਿਚ ਸ੍ਰੀ ਜਗਰੂਪ ਸਿੰਘ ਪ੍ਰਧਾਨ ਵੱਲੋਂ ਵੋਟ ਆਫ ਥੈਂਕਸ ਦਿੱਤਾ ਗਿਆ। ਕੁੱਲ ਮਿਲਾ ਕੇ ਸਾਰਾ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।

**- ਬਿੱਕਰ ਸਿੰਘ ਮਾਨ**



ਤਸਵੀਰਾਂ 'ਦੇਸ਼ ਦੁਆਬਾ'

**Golden State Truck Sales Inc.**



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

## ਮਾਮਲਾ ਯੁਕਰੇਨ ਨਾਲ ਜੰਗ ਵਿੱਚ ਰੂਸ ਦੇ ਸਮਰਥਨ ਦਾ

# ਅਮਰੀਕਾ ਨੇ ਚੀਨ ਤੇ ਹਾਂਗਕਾਂਗ ਦੀਆਂ ਇਕ ਦਰਜਨ ਕੰਪਨੀਆਂ ਉਪਰ ਲਾਈਆਂ ਪਾਬੰਦੀਆਂ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) –** ਅਮਰੀਕਾ ਨੇ ਯੁਕਰੇਨ ਨਾਲ ਜੰਗ ਵਿੱਚ ਰੂਸ ਦਾ ਸਮਰਥਨ ਕਰਨ ਕਾਰਨ ਚੀਨ ਤੇ ਹਾਂਗਕਾਂਗ ਦੀਆਂ ਇਕ ਦਰਜ਼ਨ ਕੰਪਨੀਆਂ ਉਪਰ ਪਾਬੰਦੀਆਂ ਲਾ ਦਿੱਤੀਆਂ ਹਨ। ਇਹ ਪਾਬੰਦੀਆਂ ਬੀਤੇ ਦਿਨ ਅਮਰੀਕਾ ਵੱਲੋਂ ਐਲਾਨੀਆਂ ਤਕਰੀਬਨ 300 ਨਵੀਆਂ ਪਾਬੰਦੀਆਂ ਦਾ ਹਿੱਸਾ ਹਨ। ਇਸ ਤੋਂ ਪਹਿਲਾਂ ਖਜ਼ਾਨਾ ਸਕੱਤਰ ਜੈਨਟ ਯੈਲਨ ਤੇ ਵਿਦੇਸ਼ ਮੰਤਰੀ ਐਨਟਨੀ ਬਲਿੰਕਨ ਸਮੇਤ ਅਮਰੀਕਾ ਦੇ ਚੋਟੀ ਦੇ ਹੋਰ ਅਧਿਕਾਰੀਆਂ ਨੇ ਵਾਰ ਵਾਰ ਚਿਤਾਵਨੀਆਂ ਦਿੱਤੀਆਂ ਸਨ ਕਿ ਚੀਨੀ ਅਧਿਕਾਰੀ ਰੂਸ ਨੂੰ ਉਹ ਸਾਜ ਸਮਾਨ ਭੇਜਣ ਦੀ ਵਿਵਸਥਾ ਖਤਮ ਕਰਨ ਜਿਸ ਸਮਾਨ ਦੀ ਵਰਤੋਂ ਯੁਕਰੇਨ ਵਿਰੁੱਧ ਜੰਗ ਵਿੱਚ ਰੂਸ ਆਪਣੀ ਫੌਜ ਨੂੰ ਮਜ਼ਬੂਤ ਬਣਾਉਣ ਲਈ ਕਰ ਰਿਹਾ ਹੈ ਪਰੰਤੂ ਇਨਾਂ ਚਿਤਾਵਨੀਆਂ ਦੀ ਚੀਨੀ ਅਧਿਕਾਰੀਆਂ ਨੇ ਕੋਈ ਪਰਵਾਹ ਨਹੀਂ ਕੀਤੀ। ਖਜ਼ਾਨਾ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਖਜ਼ਾਨਾ ਵਿਭਾਗ ਤੇ ਵਿਦੇਸ਼ ਵਿਭਾਗ ਨੇ ਦਰਜ਼ਨ ਕੰਪਨੀਆਂ ਜਿਨਾਂ ਨੇ ਰੂਸ ਨੂੰ ਅਤਿ ਲੋੜੀਂਦੀ ਤਕਨੀਕ ਤੇ ਸਾਜ ਸਮਾਨ ਵਿਦੇਸ਼ ਵਿਚੋਂ ਮੰਗਵਾਉਣ ਦੇ ਸਮਰਥ ਬਣਾਇਆ ਹੈ, ਸਮੇਤ 300 ਰਣਨੀਤਿਕ ਟੀਚਿਆਂ ਨੂੰ ਪ੍ਰਵਾਨਗੀ ਦਿੱਤੀ ਹੈ। ਇਹ ਪਾਬੰਦੀਆਂ ਰੂਸ ਦੇ ਨਾਲ ਨਾਲ ਜ਼ਰਬਾਈਜਾਨ, ਬੈਲਜੀਅਮ, ਸਲੋਵਾਕੀਆ, ਤੁਰਕੀ ਤੇ ਸੰਯੁਕਤ ਅਰਬ ਅਮੀਰਾਤ ਨੂੰ ਵੀ ਪ੍ਰਭਾਵਿਤ ਕਰਨਗੀਆਂ। ਬਿਆਨ ਵਿਚ ਹੋਰ ਕਿਹਾ ਗਿਆ ਹੈ ਕਿ ਇਨਾਂ ਪਾਬੰਦੀਆਂ ਦਾ ਮੰਤਵ ਪਾਬੰਦੀਆਂ ਤੋਂ



ਬਚਣ ਲਈ ਬਹਾਨੇਬਾਜੀ ਕਰਨ ਵਾਲੀਆਂ ਤੇ ਰੂਸ ਦੀ ਫੌਜੀ ਸਨਅਤ ਅਤੇ ਉਸ ਦੇ ਰਸਾਇਣਕ ਤੇ ਜੀਵ ਹਥਿਆਰ ਪ੍ਰੋਗਰਾਮ ਦਾ ਸਮਰਥਨ ਕਰਨ ਵਾਲੀਆਂ ਕੰਪਨੀਆਂ ਨੂੰ ਨੱਥ ਪਾਉਣਾ ਹੈ। ਬਿਆਨ ਵਿਚ ਕਿਹਾ ਹੈ ਕਿ ਰੂਸ ਨੂੰ ਬਰੂਦ ਮੁਹੱਈਆ ਕਰਵਾਉਣ ਵਾਲਿਆਂ ਵਿਰੁੱਧ ਵੀ ਕਾਰਵਾਈ ਹੋਵੇਗੀ। ਬਾਈਡਨ ਪ੍ਰਸ਼ਾਸਨ ਵਾਰ ਵਾਰ ਚੀਨ ਵੱਲੋਂ ਰੂਸ ਦੀ ਫੌਜੀ ਸਨਅਤ ਦੀ ਪਿੱਠ ਠੋਕਣ ਦੀ ਦੁਹਾਈ ਪਾਉਂਦਾ ਆ ਰਿਹਾ ਹੈ। ਅਮਰੀਕਾ ਦਾ ਮੰਨਣਾ ਹੈ ਕਿ ਚੀਨ ਦੇ ਸਮਰਥਨ ਕਾਰਨ ਹੀ ਮਾਸਕੋ ਯੁਕਰੇਨ ਵਿਰੁੱਧ ਜੰਗ ਜਾਰੀ ਰਖ ਰਿਹਾ ਹੈ। ਇਸ ਤੋਂ ਵਧ ਕੇ ਰੂਸ ਆਪਣੀ ਡਿਫੈਂਸ ਸਮਰੱਥਾ ਵੀ ਮਜਬੂਤ ਬਣਾ ਰਿਹਾ ਹੈ। ਇਸ ਦੇ ਮੱਦੇਨਜਰ ਅਮਰੀਕਾ ਨੇ ਆਪਣੇ ਭਾਈਵਾਲਾਂ ਨੂੰ ਕੂਟਨੀਤਿਕ ਢੰਗ ਤਰੀਕਿਆਂ ਰਾਹੀਂ ਚੀਨ ਉਪਰ ਦਬਾਅ ਬਣਾਉਣ ਲਈ ਕਿਹਾ ਹੈ। ਅਮਰੀਕਾ ਨੇ ਆਪਣੇ ਜੋਟੀਦਾਰਾਂ ਨੂੰ ਕਿਹਾ ਹੈ ਕਿ ਜੇਕਰ ਫਿਰ ਵੀ ਚੀਨ ਨਹੀਂ ਮੰਨਦਾ ਤਾਂ ਉਸ ਵਿਰੁੱਧ ਦੰਡਾਤਮਿਕ ਕਦਮ ਚੁੱਕੇ ਜਾਣ।

# ਫਰਿਜ਼ਨੋ ਦੇ ਨਜ਼ਦੀਕੀ ਕੂਦਰਜ਼ ਸ਼ਹਿਰ ਦੇ ਵਿਸਾਖੀ ਮੇਲੇ ‘ਤੇ ਦੇਖੇ ਗਏ ਵੱਖ ਵੱਖ ਰੰਗ

**ਸੈਕਰਾਮੈਂਟੋ, ਕੈਲੇਫੋਰਨੀਆਂ (ਹੁਸਨ ਲੜੋਆ ਬੰਗਾ)–** ਫਰਿਜ਼ਨੋ ਦੇ ਨਜ਼ਦੀਕੀ ਸ਼ਹਿਰ ਕੂਦੂਜ਼ ਦੇ ਗੁਰਦਵਾਰਾ ਪੈਸੇਫਿਕ ਕੋਸਟ ਖ਼ਾਲਸਾ ਦੀਵਾਨ ਸੁਸਾਇਟੀ ਵਿਖੇ 31ਵਾਂ ਸਲਾਨਾ ਵਿਸਾਖੀ ਮੇਲਾ ਬੜੀ ਧੂੰਮ-ਧਾਮ ਨਾਲ ਮਨਾਇਆ। ਮੇਲੇ ਵਿੱਚ ਲਾਲ, ਨੀਲੀਆਂ, ਕੇਸਰੀ ਦਸਤਾਰਾਂ ਅਤੇ ਦੁਪੱਟੇ ਖਾਲਸਾਈ ਜਾਹੋ ਜਲਾਲ ਦੇਖਣ ਨੂੰ ਮਿਲਆ। ਇਸ ਮੌਕੇ ਗੁਰੂਘਰ ਵਿਖੇ ਅਖੰਡ ਪਾਠ ਦੇ ਭੋਗ ਉਪਰੰਤ ਵਿਸ਼ੇਸ਼ ਗੁਰਮਤਿ ਦੀਵਾਨ ਸਜਾਏ ਗਏ। ਜਿੱਥੇ ਗੁਰੂਘਰ ਦੇ ਹਜ਼ੂਰੀ ਕੀਰਤਨੀ ਜੱਥੇ ਅਤੇ ਹੋਰ ਬਹੁਤ ਸਾਰੇ ਕੀਰਤਨੀ ਜੱਥਿਆਂ ਅਤੇ ਕਥਾ ਵਾਚਕਾਂ ਨੇ ਸੰਗਤਾਂ ਨੂੰ ਗੁਰਬਾਣੀ ਅਤੇ ਗੁਰ ਇਤਿਹਾਸ ਨਾਲ ਜੋੜਿਆ। ਇਸ ਸਮੇਂ ਦਰਬਾਰ ਸਾਹਿਬ ਵਿੱਚ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਨਤਮਸਤਕ ਹੋਣ ਵਾਲੀਆਂ ਸੰਗਤਾਂ ਦਾ ਭਾਰੀ ਇਕੱਠ ਸਾਰਾ ਦਿਨ ਜੁੜਿਆ ਰਿਹਾ। ਇੰਨ੍ਹਾਂ ਪ੍ਰੋਗਰਾਮਾਂ ਦੌਰਾਨ ਹਾਜ਼ਰ ਸੰਗਤਾਂ ਨੇ ਸੁਆਦਿਸਟ ਲੰਗਰਾਂ ਦਾ ਵੀ ਭਰਪੂਰ ਅਨੰਦ ਮਾਣਿਆ।

ਦੂਸਰੇ ਪਾਸੇ ਗੁਰਦਵਾਰਾ ਸਹਿਬ ਦੀਆਂ ਗਰਾਉਂਡਾ ਵਿੱਚ ਝੂਲੇ, ਚੰਡੋਲ ਅਤੇ ਹੋਰ ਰਾਈਡਾਂ ਬੱਚਿਆਂ ਲਈ ਖਾਸ ਅਕਰਸ਼ਕ ਰਹੀਆਂ। ਪ੍ਰਬੰਧਾਂ ਵੱਲੋਂ ਬੱਚਿਆਂ ਅਤੇ ਬਜ਼ੁਰਗਾਂ



ਦੀਆਂ ਦੌੜਾਂ ਕਰਵਾਈਆਂ ਵੀ ਕਰਵਾਈਆਂ ਗਈਆ। ਇਸ ਮੌਕੇ 85 ਸਾਲਾ ਪੰਜਾਬੀ ਗੱਭਰੂ ਗੁਰਚਰਨ ਸਿੰਘ ਛੀਨਾ ਨੇ ਵੀ ਦੌੜ ਵਿੱਤ ਹਿੱਸਾ ਲਿਆ, ਤੇ ਉਹਨਾਂ ਨੂੰ ਸ. ਚਰਨਜੀਤ ਸਿੰਘ ਬਾਠ ਨੇ ਮੈਡਲ ਪਾਕੇ ਨਿਵਾਜਿਆ। ਇਸ ਮੌਕੇ ਬਾਸਕਟਵਾਲ ਦੇ ਮੈਚ ਵੀ ਹੋਏ, ਜਿੰਨ੍ਹਾਂ ਵਿੱਚ ਫਾਊਲਰ ਸ਼ਹਿਰ ਦੀ ਟੀਮ ਅਤੇ ਹੋਰ ਟੀਮਾਂ ਨੇ ਭਾਗ ਲਿਆ। ਰੱਸਾਕਸ਼ੀ ਦੇ ਜੌਹਰ ਵੇਖਣ ਨੂੰ ਮਿਲੇ।

ਇਸ ਮੌਕੇ ਸੱਭਿਆਚਾਰ ਸਟੇਜ ਦਾ ਅਗਾਜ਼ ਬੀਬੀ ਆਸ਼ਾ ਸ਼ਰਮਾਂ ਨੇ ਸਭ ਨੂੰ ਜੀ ਆਇਆਂ ਕਹਿਣ ਨਾਲ ਕੀਤਾ। ਜਦ ਕਿ ਇਸ ਉਪਰੰਤ ਉਸਤਾਦ ਲਾਲ ਚੰਦ ਯਮਲਾ ਜੱਟ ਦੇ ਸ਼ਾਗਿਰਦ ਰਾਜਿੰਦਰ ਬਰਾੜ ਯਮਲਾ ਨੇ ਵਿਸਾਖੀ ਨੂੰ ਸਮਰਪਿਤ ਗੀਤ ਨਾਲ ਕੀਤਾ। ਇਸ ਮੌਕੇ ਫਰਿਜ਼ਨੋ ਕਾਉਟੀ ਦੇ ਸੁਪਰਵਾਈਜ਼ਰ ਮਿਸਟਰ ਅਰਨਿਟ ਬੈਡੀ ਮਿਨਡਸ ਨੂੰ ਸ. ਚਰਨਜੀਤ ਸਿੰਘ ਬਾਠ ਅਤੇ ਮੇਲੇ ਦੇ ਮੁੱਖ ਪ੍ਰਬੰਧਕਾਂ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਸਮੇਂ ਬੋਲਣ ਵਾਲੇ ਬੁਲਾਰਿਆਂ ਨੇ ਖ਼ਾਲਸੇ ਦੇ ਸਾਜਨਾਂ ਦਿਵਸ ਨੂੰ ਸਮਰਪਿਤ ਭਾਈ ਪਰਮਪ੍ਰੀਤ ਸਿੰਘ ਅਤੇ ਹੋਰਨਾਂ ਨੇ ਭਾਸ਼ਨ ਵੀ ਕੀਤੇ। ਇਸ ਸਮੇਂ ਗਾਇਕੀ ਦੇ ਅਖਾੜੇ ਵਿੱਚ ਬੀਬਾ ਦਿਲਪ੍ਰੀਤ ਕੌਰ ਅਤੇ ਪੱਪੀ ਭਦੌੜ ਦੀ ਜੋੜੀ ਨੇ ਖੂਬ ਰੰਗ ਬੰਨਿਆਂ। ਜਦ ਕਿ ਬਾਕੀ ਗਾਇਕਾਂ ਵਿੱਚ ਰਾਜਿੰਦਰ ਬਰਾੜ ਯਮਲਾ ਅਤੇ ਹੋਰਨਾਂ ਨੇ ਹਾਜ਼ਰੀਨ ਦਾ ਭਰਪੂਰ ਮੰਨੋਰੰਜਨ ਕੀਤਾ। ਇਸੇ ਤਰਾਂ ਜੀ. ਐਚ. ਜੀ. ਡਾਂਸ ਅਤੇ ਸੰਗੀਤ ਅਕੈਡਮੀਂ, ਕੂਦੂਜ਼ ਦੇ ਬੱਚਿਆਂ ਦੀ ਟੀਮ ਅਤੇ ਹੋਰ ਬਹੁਤ ਸਾਰੀਆਂ ਵੱਖ-ਵੱਖ ਟੀਮਾਂ ਨੇ ਗਿੱਧੇ ਅਤੇ ਭੰਗੜੇ ਦੀਆਂ ਖੂਬ ਰੌਣਕਾਂ ਲਾਈਆਂ।

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ
WE PROVIDE ALL TRUCKING RELATED PERMITS AND SERVICES
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL BIT INSPECTION AND DOT AUDIT COMPLIANCE:
SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

ਦੇਸ਼ ਦੁਆਬਾ

# ਖੁਸ਼ਹਾਲੀ ਦਾ ਰਸਤਾ

1905 ਈ: ਦੇ ਬਰਸਾਤੀ ਦਿਨ ਇਕ ਨੌਵੀਂ ਜਮਾਤ ਦਾ ਵਿਦਿਆਰਥੀ ਮੀਂਹ ਕਾਰਨ ਸਕੂਲ ਦੇ ਕਮਰੇ ਵਿਚ ਆ ਵੜਿਆ। ਉਸ ਵਿਦਿਆਰਥੀ ਦੇ ਬ੍ਰਾਹਮਣ ਮਾਸਟਰ ਨੇ ਉਸ ਨੂੰ ਅਛੂਤ ਹੁੰਦਿਆਂ ਕਮਰੇ ਵਿਚ ਵੜਨ 'ਤੇ ਕੁੱਟ-ਕੁੱਟ ਅਧਮੋਇਆ ਕਰ ਦਿੱਤਾ। ਇਹ ਮਾਰ ਕੁੱਟ ਅਤੇ ਬਦਸਲੂਕੀ ਨੇ ਉਸ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਸਿਰਫ ਉਸ ਨਾਲ ਹੀ ਅਜਿਹਾ ਸਲੂਕ ਕਿਉਂ? ਇਸ ਬਦਸਲੂਕੀ ਕਾਰਨ ਉਸ ਨੂੰ ਪੜ੍ਹਾਈ ਛੱਡਣੀ ਪਈ।

1909 ਈ. ਵਿਚ ਇਹੀ ਨੌਜਵਾਨ ਅਮਰੀਕਾ ਵਿਚ ਰੁਜ਼ਗਾਰ ਲਈ ਗਿਆ, ਜਿੱਥੇ ਉਸ ਦਾ ਲਾਲਾ ਹਰਦਿਆਲ ਗਦਰ ਪਾਰਟੀ ਦੇ ਆਗੂ ਨਾਲ ਵਾਹ ਪਿਆ ਅਤੇ ਗਦਰ ਪਾਰਟੀ ਦੇ ਉਘੇ ਆਗੂ ਬਣ ਨਿਕਲੇ। ਇਹ ਨੌਜਵਾਨ ਪੰਜਾਬ ਦਾ ਜੰਮਪਲ ਬਾਬੂ ਮੰਗੂ ਰਾਮ ਮੁੱਗੋਵਾਲੀਆ ਸੀ। ਬਾਬੂ ਜੀ ਦੇਸ਼ ਦੀ ਆਜ਼ਾਦੀ ਲਈ ਚਾਰ ਸਾਥੀਆਂ ਸਣੇ ਅਸਲਾ ਲੈ ਕੇ ਭਾਰਤ ਵੱਲ ਵਧੇ ਪਰ ਦੇਸ਼ ਧ੍ਰੋਹੀਆਂ ਕਾਰਨ ਫੜੇ ਗਏ ਅਤੇ ਦੋ ਵਾਰੀ ਸ਼ਹੀਦ ਹੁੰਦੇ-ਹੁੰਦੇ ਬਚੇ। ਦਸੰਬਰ 1925 ਵਿਚ 40 ਵਰ੍ਹਿਆਂ ਦੀ ਉਮਰ ਵਿਚ ਬਾਬੂ ਜੀ ਭਾਰਤ ਵਾਪਸ ਪਰਤੇ। ਪੰਜਾਬ ਪੁੱਜਦਿਆਂ ਬਾਬੂ ਜੀ ਦੇ ਖਿਆਲਾਂ ਵਿਚ ਮਹਾਨ ਤਬਦੀਲੀ ਆਈ। ਅਮਰੀਕਾ ਆਦਿ ਦੇਸ਼ਾਂ ਵਿਚ ਬਰਾਬਰੀ ਦਾ ਗੁਜ਼ਾਰਿਆ ਜੀਵਨ ਅਤੇ ਭਾਰਤ ਵਿਚ ਅਛੂਤਾਂ ਦੀ ਦੁਰਦਸ਼ਾ ਦੇਖ ਕੇ ਬਾਬੂ ਜੀ ਨੇ ਅਛੂਤਾਂ ਦੀ ਬਿਹਤਰ ਲਈ ਆਪਣਾ ਰਹਿੰਦਾ ਜੀਵਨ ਗੁਜ਼ਾਰਨ ਦਾ ਪ੍ਰਣ ਕੀਤਾ। ਉਨ੍ਹਾਂ ਨੇ ਅਛੂਤਾਂ ਨੂੰ ਅੰਗਰੇਜਾਂ ਦੀ ਗੁਲਾਮੀ ਦੇ ਨਾਲ-ਨਾਲ ਬ੍ਰਾਹਮਣਵਾਦ ਦੀ ਗੁਲਾਮੀ ਤੋਂ ਛੁਟਕਾਰਾ ਦਿਵਾਉਣ ਲਈ ਹੰਭਲਾ ਮਾਰਨਾ ਸ਼ੁਰੂ ਕੀਤਾ। ਪਿੰਡ ਵਿਚ ਸਕੂਲ ਖੋਲ੍ਹ ਕੇ ਆਦਿ ਧਰਮੀਆਂ ਦੇ ਬੱਚਿਆਂ ਨੂੰ ਵਿੱਦਿਆ ਦਾ ਚਾਨਣ ਦਿੱਤਾ। ਇਸੇ ਕਰਕੇ ਪੰਜਾਬ ਖਾਸ ਕਰ ਦੁਆਬੇ ਦੇ ਆਦਿ-ਧਰਮੀ ਵੱਧ ਪੜ੍ਹੇ-ਲਿਖੇ ਅਤੇ ਜਾਗਰਿਤ ਹਨ। ਉੱਤਰੀ ਭਾਰਤ ਦੇ ਆਦਿ-ਧਰਮੀਆਂ ਨੂੰ ਜਾਗਰਿਤ ਕਰਨ ਲਈ 11-12 ਜੂਨ 1926 ਨੂੰ ਪਿੰਡ ਮੁੱਗੋਵਾਲ (ਹੁਸ਼ਿਆਰਪੁਰ) 'ਚ ਜਲਸੇ ਵਿਚ ਆਦਿ-ਧਰਮ ਦੀ ਸਥਾਪਨਾ ਕਰਕੇ ਆਦਿ-ਧਰਮੀ ਵੱਖਰੀ ਕੌਮ ਹੈ ਦਾ ਐਲਾਨ ਕੀਤਾ। ਮਰਦਮ ਸ਼ੁਮਾਰੀ ਲਈ ਵੀ ਸਰਕਾਰ ਵੱਲੋਂ ਆਦਿ-ਧਰਮ ਮਨਜ਼ੂਰ ਕਰਵਾਇਆ। ਕਮਿਊਨਲ ਅਵਾਰਡ ਵਿਚ ਆਦਿ-ਧਰਮੀਆਂ ਨੂੰ ਮਿਲੇ ਹੱਕਾਂ ਖਿਲਾਫ ਬ੍ਰਾਹਮਣਵਾਦੀ ਗਾਂਧੀ ਵੱਲੋਂ ਰੱਖੇ ਮਰਨ ਵਰਤ ਦੇ ਵਿਰੋਧ ਵਿਚ ਆਪ ਨੇ ਮਰਨ ਵਰਤ ਰੱਖਿਆ, ਜਿਸ ਦੀ ਮਿਸਾਲ ਨਹੀਂ ਮਿਲਦੀ। 1937 ਦੀਆਂ ਅਸੈਂਬਲੀ ਚੋਣਾਂ ਵਿਚ ਆਦਿ ਧਰਮੀਆਂ ਲਈ ਰਾਖਵੀਆਂ 8 ਸੀਟਾਂ ਵਿਚੋਂ 7 'ਤੇ ਬਾਬੂ ਜੀ ਦੇ ਉਮੀਦਵਾਰ ਜਿੱਤੇ। 1945 ਤੋਂ 1952 ਤੱਕ ਉਹ ਆਪ ਵੀ ਐਮ. ਐਲ. ਏ. ਰਹੇ। ਮਜ਼ਲੂਮ ਹੁਣ ਮਜ਼ਲੂਮ ਨਹੀਂ ਰਹੇ ਸਨ।

ਬਾਬੂ ਜੀ ਦੀ ਤੇਜ਼ ਨਜ਼ਰ ਨੇ ਦੇਖਿਆ ਕਿ ਆਦਿ-ਧਰਮੀਆਂ (ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ) ਦੀ ਮੰਦਹਾਲੀ ਦਾ ਕਾਰਨ ਸਿਰਫ ਬ੍ਰਾਹਮਣ ਹੈ। ਇਸ ਲਈ ਉਨ੍ਹਾਂ ਨੇ ਬ੍ਰਾਹਮਣਵਾਦ ਦੇ ਸਿੱਕੇ ਦੇ ਦੂਜੇ ਪਾਸੇ ਆਰੀਆ ਸਮਾਜ ਅਤੇ ਕਾਂਗਰਸ ਦੀ ਵਿਰੋਧਤਾ ਕੀਤੀ। ਭਾਰਤ ਦੇ ਵੀਹਵੀਂ ਸਦੀ ਦੇ ਇਤਿਹਾਸ ਵਿਚ ਬਾਬੂ ਮੁੱਗੋਵਾਲੀਆ ਅਤੇ ਡਾ. ਅੰਬੇਡਕਰ ਜੀ ਨੇ ਕਾਂਗਰਸ ਅਤੇ ਆਰੀਆ ਸਮਾਜ ਦਾ ਉਹੋ ਜਿਹਾ ਮੁਕਾਬਲਾ ਕੀਤਾ, ਜਿਸ ਤਰ੍ਹਾਂ ਸਿੰਧੂ-ਘਾਟੀ ਦੀ ਸਭਿਅਤਾ ਦੇ ਆਦਿ-ਧਰਮੀਆਂ (ਆਦਿ ਵਾਸੀਆਂ) ਨੇ ਵਿਦੇਸ਼ੀ ਆਰੀਆ ਹਮਲਾਵਰਾਂ ਨਾਲ ਮੁਕਾਬਲਾ ਕੀਤਾ।

ਆਦਿ-ਧਰਮੀਆਂ ਲਈ ਅਗਰ ਖੁਸ਼ਹਾਲੀ ਦਾ ਕੋਈ ਰਸਤਾ ਹੈ ਤਾਂ ਬਾਬੂ ਜੀ ਦਾ ਦੱਸਿਆ ਰਸਤਾ ਹੈ ਜਿਸ ਨਾਲ ਅਸੀਂ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਦੇ ਹਾਂ। ਬਾਬੂ ਜੀ ਨੇ ਮਹਾਂਰਿਸ਼ੀ ਵਾਲਮੀਕ, ਗੁਰੂ ਰਵਿਦਾਸ, ਗੁਰੂ ਨਾਮਦੇਵ ਅਤੇ ਗੁਰੂ ਕਬੀਰ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਤਰੱਕੀ ਕਰਨਾ ਲੋਕਾਂ ਨੂੰ ਦੱਸਿਆ। ਇਤਿਹਾਸ ਕਦੇ ਵੀ ਉਨ੍ਹਾਂ ਲੋਕਾਂ ਨੂੰ ਮੁਆਫ ਨਹੀਂ ਕਰੇਗਾ, ਜੋ ਦੱਬੇ ਕੁਚਲੇ ਲੋਕਾਂ ਦੇ ਨਾਂ 'ਤੇ ਸਹੂਲਤਾਂ ਲੈ ਕੇ ਬੇਮੁਖ ਹੋ ਗਏ।

**-ਸੀ. ਐਲ. ਚੁੰਬਰ**

ਕੌਮੀ ਉਡਾਰੀਆਂ (ਜਲੰਧਰ)
14 ਜਨਵਰੀ 1986 'ਚੋਂ ਧੰਨਵਾਦ ਸਹਿਤ

# ਮਮਤਾ, ਤਿਆਗ 'ਤੇ ਪਿਆਰ ਦੀ ਮੂਰਤ ਹੁੰਦੀ ਹੈ ਮਾਂ



ਨੀਨਾ ਧੀਰ ਜੈਤੋ
neenamoga@gmail.com

ਅੱਜ 8 ਮਈ ਨੂੰ ਭਾਰਤ ਸਮੇਤ ਦੁਨੀਆਂ ਦੇ 86 ਦੇਸਾਂ ਵਿੱਚ ਮਾਂ ਦਿਵਸ ਮਨਾਇਆ ਜਾਂਦਾ ਹੈ। ਇਹਨਾਂ ਦੇਸਾਂ ਵਿੱਚ ਹਰ ਸਾਲ ਮਈ ਦਾ ਦੂਸਰਾ ਐਤਵਾਰ ਮਾਂ ਨੂੰ ਸਮਰਪਿਤ ਕੀਤਾ ਜਾਂਦਾ ਹੈ। ਬਾਕੀ ਰਹਿੰਦੇ ਕਈ ਦੇਸ 4 ਮਈ ਨੂੰ ਮਾਂ ਦਿਵਸ ਵਜੋਂ ਮਨਾਉਦੇ ਹਨ। ਅਰਬ ਦੇਸਾਂ ਵਿੱਚ ਇਹ ਦਿਨ 21 ਮਾਰਚ ਨੂੰ ਮਨਾਇਆ ਜਾਂਦਾ ਹੈ ਤੇ ਯੂਰਪ ਦੇ ਬਹੁਤ ਦੇਸ ਹਰ ਸਾਲ 8 ਮਾਰਚ ਨੂੰ ਮਾਂ ਦਿਵਸ ਮਨਾਉਦੇ ਹਨ। ਜਗ ਜਣਨੀ ਮਾਂ ਨੂੰ ਸਾਰੇ ਗੁਰੂਆਂ ਪੀਰਾਂ ਨੇ ਵੀ ਹਮੇਸ਼ਾ ਸਤਿਕਾਰ ਦੇਣ ਦੀ ਗੱਲ ਕਹੀ ਹੈ। ਇੱਕ ਮਾਂ ਹੀ ਹੈ ਜਿਸਦਾ ਦੇਣਾ ਕੋਈ ਨਹੀਂ ਦੇ ਸਕਦਾ। ਅਸੀਂ ਕਿੰਨੀ ਵੀ ਕੋਸ਼ਿਸ਼ ਕਰ ਲਈਏ ਪਰ ਮਾਂ ਦਾ ਕਰਜਾ ਕਦੇ ਨਹੀਂ ਉਤਾਰ ਸਕਦੇ। ਮਮਤਾ ਨਿਰ-ਸਵਾਰਥ ਹੁੰਦੀ ਹੈ। ਸਾਰਾ ਦਿਨ ਕੰਮ ਕਰਕੇ ਘਰ ਪਰਤਦਿਆਂ ਬਾਕੀ ਸਭ ਵਾਰੀ ਵਾਰੀ ਆਪਣੇ ਦੁੱਖ ਤੇ ਲੋੜਾਂ ਦੱਸਦੇ ਹਨ ਪਰ ਮਾਂ ਆਪਣੇ ਪੁੱਤਰ ਨੂੰ ਸਭ ਤੋਂ ਪਹਿਲਾਂ ਸਿਰ ਤੇ ਹੱਥ ਫੇਰ ਕੇ ਪੁੱਛਦੀ ਹੈ, ' ਕੁਝ ਖਾ ਲਿਆ ਸੀ?' ਇਸੇ ਕਰਕੇ ਮਾਂ ਅੱਗੇ ਹਮੇਸ਼ਾ ਸਿਰ ਝੁਕਦਾ ਰਹੇਗਾ। ਮਾਂ ਆਪਣੇ ਬੱਚੇ ਨੂੰ 9 ਮਹੀਨੇ ਪੇਟ ਵਿੱਚ ਪਾਲ ਕੇ ਜਨਮ ਦਿੰਦੀ ਹੈ, ਪਾਲਣ ਪੋਸ਼ਣ ਕਰਦੀ ਹੈ, ਆਪ ਗਿੱਲੀ ਥਾਂ ਤੇ ਪੈ ਕੇ ਬੱਚਿਆਂ ਨੂੰ ਸੁੱਕੀ ਥਾਂ ਤੇ ਪਾਉਂਦੀ ਹੈ। ਮਾਂ ਦੇ ਪੈਰਾਂ ਹਠੇ ਜੰਨਤ ਦੱਸੀ ਗਈ ਹੈ। ਇਸ ਦਾ ਮਤਲਬ ਹੈ ਕਿ ਜਿਹੜੇ ਮਾਂ ਦੀ ਕਦਰ ਕਰਦੇ ਹਨ,ਜਿਨਾਂ ਦਾ ਸੀਸ ਮਾਂ ਦੇ ਕਦਮਾਂ ਵਿੱਚ ਝੁਕਦਾ ਹੈ ਉਨਾਂ ਨੇ ਜੰਨਤ ਪ੍ਰਾਪਤ ਕਰ ਲਈ ਹੈ ਅਤੇ ਜਿਹੜੇ ਮਾਂ ਦੀ ਬੇਕਦਰੀ ਕਰਦੇ ਹਨ ਭਾਵ ਘਰ ਵਿੱਚ ਮਾਂ ਦਾ ਸਤਿਕਾਰ ਹੀ ਨਹੀਂ ਕਰਦੇ ਅਤੇ ਖ਼ੁੱਦ ਧਾਰਮਿਕ ਸਥਾਨਾਂ ਤੇ ਜਾਂ ਕੇ ਸੇਵਾ ਕਰਨ ਦਾ ਵਿਖਾਵਾਂ ਕਰਦੇ ਹਨ। ਉਨਾਂ ਨੂੰ ਕਦੇ ਸੁਖ ਨਹੀ ਮਿਲ ਸਕਦਾ। ਕਿਸੇ ਸਾਇਰ ਦੀਆਂ ਬਹੁਤ ਸੁੰਦਰ ਲਾਈਨਾ 'ਮਾਂ ਤਾਂ ਰੱਬ ਦਾ ਰੂਪ ਹੈ ਦੂਜਾ, ਮਾਂ ਤੋ ਵੱਧ ਕੋਈ ਹੋਰ ਨਾ ਦੂਜਾ, ਭਾਵ ਮਾਂ ਦਾ ਰਿਸਤਾ ਸਭ ਰਿਸਤਿਆ ਤੋ ਪਿਆਰਾ ਤੇ ਬਹੁ-ਮੁਲਾ ਰਿਸਤਾ ਹੈ।




ਇਹ ਉਹ ਮਾਂ ਹੈ ਜਿਸਨੇ ਖੁਦ ਲੱਖਾਂ ਤਸੀਹੇ ਝੱਲ ਕੇ ਆਪਣੇ ਬੱਚਿਆਂ ਨੂੰ ਪਾਲਿਆ ਹੈ ਅਤੇ ਖੁਦ ਖਾਲੀ ਪੇਟ ਰਹਿ ਕੇ, ਰੁੱਖੀ ਮਿੱਸੀ ਖਾ ਕੇ ਬੱਚਿਆਂ ਦਾ ਪੇਟ ਭਰਿਆ ਹੈ। ਆਪਣੀਆਂ ਉਮੀਦ ਭਰੀਆ ਅੱਖਾਂ ਵਿੱਚ ਕਿੰਨੇ ਹੀ ਸੁਪਨੇ ਸਜਾ ਕੇ ਰੱਖੇ ਹੁੰਦੇ ਹਨ, ਮਾਂ-ਬਾਪ ਨੇ ਕਿ ਉਨਾਂ ਦੇ ਬੱਚੇ ਇਹ ਬਣਨਗੇ, ਉਨਾਂ ਦੇ ਬੱਚੇ ਵੱਡੇ ਹੋ ਕੇ ਆਹ ਸੁਖ ਦੇਣਗੇ ਅਤੇ ਜੇ ਲੱਖਾ ਤਸੀਹੇ ਝੱਲ ਕੇ ਅਤੇ ਢਿਡ ਬੰਨ-ਬੰਨ ਕੇ ਜੋੜੀ ਅਤੇ ਖਰਾ ਸੋਨਾ ਸਮਝ ਕੇ ਹਿੱਕ ਨਾਲ ਲਗਾ ਕੇ ਰੱਖੀ ਔਲਾਦ ਮਾਂ ਪਿਉ ਦੀ ਸੇਵਾ ਨਾਂ ਕਰੇ ਨਿਕੱਮੀ ਨਿੱਕਲ ਜਾਵੇ ਤਾਂ ਉਸ ਮਨ ਤੇ ਕੀ ਬੀਤਦੀ ਹੋਵੇਗੀ?

ਅੱਜ ਦਾ ਇਨਸਾਨ ਮਤਲਬੀ ਬਣਦਾ ਜਾ ਰਿਹਾ ਹੈ। ਜਰਾ ਦਿਲ ਤੇ ਹੱਥ ਰੱਖ ਕੇ ਸੋਚ ਕੇ ਵੇਖੋ ਅੱਜ ਸਮਾਜ ਸਵਾਰਥ ਪੁਣੇ ਦੇ ਅਜਿਹੇ ਦੌਰ 'ਚੋ ਲੰਘ ਰਿਹਾ ਹੈ। ਜਿਥੇ ਇਨਸਾਨ ਰਿਸਤਿਆਂ ਨੂੰ ਲੀਰੋ-ਲੀਰ ਕਰਕੇ ਰਾਖ ਕਰਨ ਲਈ ਮਿੰਟ ਨਹੀ ਲਗਾਉਂਦਾ। ਸਮਾਜ ਵਿੱਚ ਕਿੰਨੀਆ ਮਾਵਾਂ ਆਪਣੀ ਔਲਾਦ ਦੀ ਬੇਕਦਰੀ ਦਾ ਸਿਕਾਰ ਹੋਈਆ ਬਿਰਧ ਆਸ਼ਰਮਾਂ ਵਿੱਚ ਦਿਨ ਕੱਟ ਰਹੀਆ ਹਨ। ਸਾਨੂੰ ਬਜ਼ੁਰਗ ਮਾਂ ਬਾਪ ਨੂੰ ਬਿਰਧ ਆਸ਼ਰਮਾਂ 'ਚ ਭੇਜਣ ਦੀ ਬਜਾਏ ਉਨ੍ਹਾਂ ਦੀ ਖੁਦ ਸੇਵਾ ਕਰਨੀ ਚਾਹੀਦੀ ਹੈ ਤਾਂ ਜੋ ਅਸੀਂ ਉਹਨਾਂ ਤੋਂ ਅਸ਼ੀਰਵਾਦ ਪ੍ਰਾਪਤ ਕਰ ਸਕੀਏ।

ਅੱਜ ਦਾ ਦਿਨ ਸੰਸਾਰ ਦੀਆਂ ਸਾਰੀਆਂ ਮਾਵਾਂ ਨੂੰ ਸਮਰਪਿਤ ਹੈ। ਇਸ ਲਈ ਜੇ ਕੋਈ ਜਾਣੇ-ਅਣਜਾਣੇ ਆਪਣੇ ਮਾਂ-ਬਾਪ ਨੂੰ ਆਪਣੇ ਤੋ ਦੂਰ ਕਰੀ ਬੈਠਾ ਹੈ ਤਾਂ ਸਭ ਕੁਝ ਭੁਲ ਕੇ ਮਾਂ ਦੇ ਚਰਨਾ ਵਿੱਚ ਜਾ ਡਿੱਗੋ। ਮਾਂ ਦੀ ਮਮਤਾ ਐਨੀ ਕੋਮਲ ਹੁੰਦੀ ਹੈ ਕਿ ਇੱਕ ਪਲ ਵਿੱਚ ਤੁਹਾਨੂੰ ਮਾਂ ਨੇ ਆਪਣੀ ਹਿੱਕ ਨਾਲ ਲਗਾ ਲੈਣਾ ਹੈ। ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਆਪਣੀ ਜਨਮ ਦੇਣ ਵਾਲੀ ਮਾਂ ਦੇ ਨਾਲ- ਨਾਲ, ਸਮਾਜ ਵਿਚ ਮਾਂ ਸਮਾਨ ਬਜ਼ੁਰਗ ਔਰਤਾ ਦਾ ਵੀ ਅਸੀ ਹਮੇਸ਼ਾ ਮਾਂ ਵਾਂਗ ਹੀ ਸਤਿਕਾਰ ਕਰੀਏ ਤਾਂ ਜੋ ਸਾਡਾ ਸਮਾਜ ਸਵਰਗ ਦਾ ਨਕਸ਼ਾ ਬਣ ਸਕੇ ਅਤੇ ਨੋਜਵਾਨ ਪੀੜ੍ਹੀ ਨੂੰ ਲਿਆਕਤ ਤੇ ਸਿਆਣਪ ਆ ਸਕੇ। ਇੱਕ ਗੱਲ ਹਮੇਸਾ ਯਾਦ ਰੱਖੋ 'ਮਾਂ ਦੇ ਚਰਨਾ ਤੋ ਵੱਡਾ ਕੋਈ ਤੀਰਥ ਤੇ ਇਸ਼ਨਾਨ ਨਹੀ' ਇਸ ਲਈ ਹਮੇਸ਼ਾ ਸਰਵਨ ਪੁੱਤਰ ਬਣਨ ਦੀ ਕੋਸ਼ਿਸ਼ ਕਰੋ। ਜਿਸ ਦੀ ਸੁਰੂਆਤ ਅੱਜ ਤੋ ਹੀ ਕੀਤੀ ਜਾਣੀ ਚਾਹੀਦੀ ਹੈ।

# ਡਾ. ਭੀਮ ਰਾਓ ਅੰਬੇਦਕਰ ਜੀ ਨੂੰ ਯਾਦ ਕਰਦਿਆਂ ਆਜ਼ਾਦ ਜਲੰਧਰੀ ਦੀਆਂ ਕੁਝ ਰਚਨਾਵਾਂ



**ਆਜ਼ਾਦ ਜਲੰਧਰੀ**

ਚੌਦਾਂ ਅਪ੍ਰੈਲ ਸੰਨ 1891 ਨੂੰ
ਭੀਮ ਰਾਓ ਆਇਆ ਹੈਸੀ ਰਿਸ਼ਮਾਂ ਖਿਲਾਰਦਾ।

ਭੀਮਾ ਬਾਈ ਮਾਈ ਜੀ ਦੇ ਵਿਹੜੇ ਵਿਚ ਰੌਣਕਾਂ ਨੇ
ਉਚਾ ਕੀਤਾ ਨਾਮ ਪਿਤਾ ਰਾਮ ਜੀ ਮਹਾਰ ਦਾ।

ਸੋਹਣਾ ਜਿਹਾ ਮੁੱਖ ਦੁੱਖ ਦੂਰ ਹੁੰਦੇ ਵਿਹੰਦਿਆਂ ਹੀ
ਦਲਿਤਾਂ ਦੇ ਘਰ ਆਇਆ ਰੂਪ ਕਰਤਾਰ ਦਾ।

ਮਹੂ ਦੀਆਂ ਗਲੀਆਂ ਦੇ ਕੱਖ ਭੀ ਸੀ ਨੱਚ ਉਠੇ
ਚੌਹੀਂ ਪਾਸੀਂ ਹੜ੍ਹ ਆਇਆ ਪ੍ਰੇਮ ਤੇ ਪਿਆਰ ਦਾ।

ਕਿਸੇ ਨੂੰ ਕੀ ਪਤਾ ਸੀ ਕਿਹ ਲਾਲ ਭੀਮਾ ਬਾਈ ਮਾਂ ਦਾ
ਸਦੀਆਂ ਦੀ ਸੁੱਤੀ ਹੋਈ ਕੌਮ ਨੂੰ ਜਗਾਵੇਗਾ।

ਦੇਊਗਾ ਦਿਲਾਸੇ ਹਾਸੇ ਵੰਡੂਗਾ ਇਹ ਦਲਿਤਾਂ ਨੂੰ
ਦੇਸ਼ ਦਾ ਕਾਨੂੰਨ ਹੱਥੀਂ ਆਪਣੀ ਬਣਾਏਗਾ।

ਤ੍ਰੇਤੇ ਜੁੱਗ ਵਿਚ ਸੁਆਮੀ ਸਿਰੀ ਵਾਲਮੀਕ ਜੀ ਨੇ
ਹਿੰਮਾਂ ਨਾ ਰੁੱਖ ਇਤਿਹਾਸ ਦਾ ਸੀ ਮੋੜਿਆ।

ਗੁਰੂ ਰਵਿਦਾਸ ਨਾਮਦੇਵ ਤੇ ਕਬੀਰ ਜੀ ਨੇ
ਵਰਨਾਂ ਦੇ ਮਹਿਲ ਨੂੰ ਸੀ ਫੜ ਕੇ ਝੰਜੋੜਿਆ।

ਊਚ-ਨੀਚ, ਜਾਤ-ਪਾਤ ਵਾਲਾ ਮਜ਼ਬੂਤ ਪੰਜਾ
ਭੀਮ ਰਾਓ ਸਾਹਿਬ ਨੇ ਸੀ ਫੜਕੇ ਮਰੋੜਿਆ।

ਵੱਡਿਆਂ ਵਡੇਰਿਆਂ ਦੀ ਕੀਤੀ ਕੁਰਬਾਨੀਆਂਦੀ
ਲੜੀ ਤਾਈਂ ਭੀਮ ਰਾਓ ਸਾਹਿਬ ਨੇ ਜੀ ਜੋੜਿਆ।

ਲੱਖਾਂ ਤੇ ਕਰੋੜਾਂ ਬਾਵਾ ਸਾਹਿਬ ਦੇ ਮੁਰੀਦ ਹੋ ਗਏ
ਦਿੱਤੀ ਜਾ ਗਵਾਹੀਇਤਿਹਾਸ ਦਿਆਂ ਪੱਠਿਆਂ।

ਬੜੇ ਬੜੇ ਦੇਸ਼ ਦਿਆਂ ਲੀਡਰਾਂਸਲਾਮ ਕੀਤਾ
ਵਰਨਾਂ ਦੇ ਬਾਨੀਆਂ ਨੇ ਸਿੱਕਾ ਅਹੁਦਾ ਮੱਲਿਆ।

ਜਨਮ ਦਿਹਾੜਾ ਬਾਵਾ ਸਾਹਿਬ ਭੀਮ ਰਾਓ ਜੀਦਾ
ਖੁਸ਼ੀਆਂ ਮਨਾਈਏ ਆਓ ਸੰਗਤੇ ਪਿਆਰੀਏ

ਔਹਦੀ ਕੁਰਬਾਨੀ ਤੇਜ ਤਪ ਤੇ ਤਿਆਗ ਅਹੁਦਾ
ਪਰਉਪਕਾਰ ਅਹੁਦੇ ਬੈਠ ਕੇ ਬਿਚਾਰੀਏ।

ਯਾਦ ਨੇ ਕਿਹ ਭੁੱਲ ਗਏ ਨੇ ਔਹਦੇ ਕਾਰਨਾਮੇ ਸਾਨੂੰ
ਆਪਣੇ ਦਿਲਾਂ 'ਚ ਬਹਿ ਕੇ ਆਪਾਂ ਝਾਤੀ ਮਾਰੀਏ।

ਲੋੜ ਇਤਫਾਕ ਦੀ ਏ ਅੱਜ ਸਾਡੀ ਕੌਮ ਤਾਈਂ
ਝੱਖੜਾਂ ਦੇ ਵਿਚ ਫਸੀ ਬੇੜੀ ਨੂੰ ਉਬਾਰੀਏ।

ਪੜ੍ਹੋ, ਲਿਖੋ ਮਿਲਕੇ ਸੰਘਰਸ਼ ਕਰੋ ਨੌਜਵਾਨੋ
ਬਚਨ ਅਮੁੱਲੇ ਬਾਵਾ ਸਾਹਿਬ ਦੇ ਕਮਾਲ ਨੇ।

ਅਸੀਂ ਭੀ ਜੇ ਇਕ ਹੋ ਕੇ ਵਧਾਂਗੇ ਆਜ਼ਾਦ ਅੱਗੇ
ਪੈਰ-ਪੈਰ ਉਤੇ ਬਾਵਾ ਸਾਹਿਬ ਸਾਡੇ ਨਾਲ ਨੇ।

**ਜੈ ਭੀਮ! ਜੈ ਭਾਰਤ!!**

## ਗਜ਼ਲ

ਦਲਿਤਾਂ ਦੇ ਐ ਮਸੀਹਾ ਮੇਰਾ ਸਲਾਮ ਤੈਨੂੰ
ਕਰਦੇ ਨੇ ਯਾਦ ਲੋਕੀ ਸੁਬਹਾ ਤੇ ਸ਼ਾਮ ਤੈਨੂੰ।

ਤੇਰਾ ਜਨਮ ਦਿਨ ਹੈ ਬਾਵਾ ਮੌਸਮ ਦਾ ਹੈ ਤਕਾਜ਼ਾ
ਅੱਜ ਦੇਣ ਆਏ ਖਾਦਿਮ ਸ਼ਰਧਾ ਦੇ ਜਾਮ ਤੈਨੂੰ।

ਤਕਰੀਰ ਦੇ ਐ ਸ਼ਾਹਾ, ਤਹਿਰੀਰ ਦੇ ਐ ਧਨੀਆ
ਦੱਸ ਕੀ ਸੁਣਾਏ ਸ਼ਾਇਰ ਆਪਣਾ ਕਲਾਮ ਤੈਨੂੰ।

ਸ਼ਰਧਾਂਜਲੀ ਸਮਝ ਕੇ ਚੰਦ ਸ਼ੇਅਰ ਇਹਤਗਮਨ
ਅੱਜ ਭੇਂਟ ਕਰ ਰਿਹਾ ਏ ਤੇਰਾ ਗੁਲਾਮ ਤੈਨੂੰ।

ਸੰਸਾਰ ਵਿਚ ਕਿਸੇ ਨੂੰ ਸ਼ਾਇਦ ਨਸੀਬ ਹੋਵੇ
ਮਿਲਿਆ ਮੁਦੱਬਰਾਂ ਵਿਚ ਜਿਹੜਾ ਮੁਕਾਮ ਤੈਨੂੰ।

ਵਰਨਾਂ ਦੇ ਕੰਡਿਆਂ ਤੇ ਚਲਦਾ ਰਿਹਾ ਹਮੇਸ਼ਾ
ਮਿਲਿਆ ਨਾ ਜ਼ਿੰਦਗੀ ਭਰ ਕਿਧਰੇ ਆਰਾਮ ਤੈਨੂੰ।

'ਆਜ਼ਾਦ' ਕਹਿ ਰਹੇ ਨੇ ਆਸਾਰ ਅੱਜ ਸਮੇਂ ਦੇ
ਪੂਜਣਗੇ ਰੱਬ ਸਮਝਕੇ ਲੋਕੀ ਤਮਾਮ ਤੈਨੂੰ।।

## ਗਜ਼ਲ

ਤੈਂ ਖੂਹ ਐਸੇ ਬਾਵਾ ਜੀ ਹਿੰਮਤਾਂ ਦੇ ਗੇੜੇ
ਫਸਲ ਆਸ ਦੀ ਜੰਮ ਪਈ ਦਲਿਤਾਂ ਦੇ ਵਿਹੜੇ।

ਰਗਾਂ ਵਿਚ ਲਹੂ ਸਰਦ ਗਰਮਾ ਗਏ ਸਨ
ਤੈਂ ਮਰਦਾਨਗੀ ਦੇ ਜਦੋਂ ਸਾਜ਼ ਛੇੜੇ।

ਲਗਾਤਾਰ ਚਲਦਾ ਰਿਹਾ ਉਮਰ ਸਾਰੀ
ਮਨੂੰਵਾਦੀਆਂ ਤੈਂ ਬਖੀਏ ਉਧੇੜੇ।

ਤੇਰੇ ਕਦਮ ਬਿੜਕੇ ਨਾ ਰਾਹ ਵਿਚ ਕਿਤੇ ਭੀ
ਤੂੰ ਲੈ ਆਇਆ ਕਸਤੀ ਨੂੰ ਸਾਹਿਲ ਦੇ ਨੇੜੇ।

ਤੈਂ ਦਲਿਤਾਂ ਦੇ ਦੁੱਖ ਆਪਣੀ ਝੋਲੀ 'ਚ ਪਾ ਲਏ
ਗਰੀਬਾਂ 'ਚ ਵੰਡੇ ਤੈਂ ਖੁਸ਼ੀਆਂ ਤੇ ਖੇੜੇ।

ਆਓ ਰਲ ਕੇ ਆਪਾਂ ਸਿਰੇ ਕੰਮ ਚੜ੍ਹਾਈਏ
ਸ਼ੁਰੂ ਕੀਤੇ ਅੰਬੇਦਕਰ ਨੇ ਸੀ ਜਿਹੜੇ।

ਜੇ 'ਆਜ਼ਾਦ' ਆਪਸ 'ਚ ਮਿਲ ਕੇ ਨਾ ਚੱਲੇ
ਤਾਂ ਖਾਂਦੇ ਰਹਾਂਗੇ ਹਮੇਸ਼ਾ ਥਪੇੜੇ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਅਮਰੀਕਾ ਵਿਚ ਹੋਈ ਗੋਲੀਬਾਰੀ ਵਿੱਚ ਜਖਮੀ ਹੋਏ ਇਕ ਹੋਰ ਵੱਲੋਂ ਦਮ ਤੋੜਨ ਨਾਲ ਮਾਰੇ ਗਏ ਪੁਲਿਸ ਅਫਸਰਾਂ ਦੀ ਗਿਣਤੀ 4 ਹੋਈ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਨਾਰਥ ਕੈਰੋਲੀਨਾ ਰਾਜ ਵਿਚ ਚਾਰਲੋਟ ਸ਼ਹਿਰ ਦੇ ਇਕ ਘਰ ਵਿਚ ਵਾਰੰਟਾਂ ਦੀ ਤਾਮੀਲ ਕਰਵਾਉਣ ਗਈ ਪੁਲਿਸ ਉਪਰ ਸ਼ੱਕੀ ਵਿਅਕਤੀ ਵੱਲੋਂ ਕੀਤੀ ਗੋਲੀਬਾਰੀ ਵਿਚ ਜਖਮੀ ਹੋਏ 5 ਪੁਲਿਸ ਅਫਸਰਾਂ ਵਿਚੋਂ ਇਕ ਹੋਰ ਦਮ ਤੋੜ ਗਿਆ। ਇਸ ਤਰਾਂ ਇਸ ਗੋਲੀਬਾਰੀ ਵਿਚ ਮਰਨ ਵਾਲੇ ਪੁਲਿਸ ਅਫਸਰਾਂ ਦੀ ਗਿਣਤੀ 4 ਹੋ ਗਈ ਹੈ। ਬੀਤੇ ਦਿਨ ਵਾਪਰੀ ਇਸ ਘਟਨਾ ਵਿਚ 3 ਅਫਸਰ ਮੌਕੇ ਉਪਰ ਹੀ ਦਮ ਤੋੜ ਗਏ ਸਨ। ਮਾਰੇ ਗਏ 3 ਅਫਸਰ ਯੂ ਐਸ ਮਾਰਸ਼ਲ ਟਾਸਕ ਫੋਰਸ ਨਾਲ ਸਬੰਧਤ ਹਨ ਜਦ ਕਿ ਇਕ ਚਾਰਲੋਟ-ਮੈਕਲੇਨਬਰਗ ਪੁਲਿਸ ਵਿਭਾਗ ਨਾਲ ਸਬੰਧਤ ਹੈ। ਪੁਲਿਸ ਦੀ ਜਵਾਬੀ ਕਾਰਵਾਈ ਵਿਚ 39 ਸਾਲਾ ਸ਼ੱਕੀ ਟੈਰੀ ਕਲਾਰਕ ਹੁਗਸ ਜੂਨੀਅਰ ਜਿਸ ਵਿਰੁੱਧ ਵਾਰੰਟ ਜਾਰੀ ਹੋਏ ਸਨ, ਵੀ ਮਾਰਿਆ ਗਿਆ। ਪੁਲਿਸ ਨੇ ਘਰ ਵਿਚ ਮੌਜੂਦ 2 ਹੋਰ ਲੋਕਾਂ ਨੂੰ ਵੀ ਹਿਰਾਸਤ ਵਿਚ ਲਿਆ ਹੈ ਤੇ ਪੁਲਿਸ ਦਾ ਵਿਸ਼ਵਾਸ਼ ਹੈ ਕਿ ਗੋਲੀ ਇਕ ਤੋਂ ਵਧ ਲੋਕਾਂ ਨੇ ਚਲਾਈ ਹੈ। ਪੁਲਿਸ ਨੇ ਘਰ ਦੀ ਘੇਰਾਬੰਦੀ ਕਰ ਲਈ ਹੈ। ਪੁਲਿਸ ਨੇ ਮੌਕੇ ਤੋਂ ਇਕ ਸੈਮੀ ਆਟੋਮੈਟਿਕ ਏ ਆਰ 15 ਰਾਈਫਲ, ਇਕ 40 ਕੈਲੀਬਰ ਹੈਂਡਗੰਨ , ਕਾਰਤੂਸ ਤੇ ਅਸਲਾ ਬਰਾਮਦ ਕੀਤਾ ਹੈ। ਮਾਰੇ ਗਏ ਅਫਸਰਾਂ ਵਿਚ ਵਿਲੀਅਮ ਇਲੀਓਟ, ਸੈਮੂਅਲ ਪੋਲੋਚ ਤੇ ਜੋਸ਼ੂਆ ਈਰ ਸ਼ਾਮਿਲ ਹਨ ਜਦ ਕਿ ਚੌਥੇ ਪੁਲਿਸ ਅਫਸਰ ਦੇ ਨਾਂ ਬਾਰੇ ਜਾਣਕਾਰੀ ਨਹੀਂ ਮਿਲੀ ਹੈ।



# ਕੈਲੀਫੋਰਨੀਆ ਵਿਚ ਮੋਦੀ ਦੇ ਸਮਰਥਨ ਵਿੱਚ 'ਹਮ ਹੈਂ ਮੋਦੀ ਕਾ ਪਰਿਵਾਰ' ਦੇ ਬੈਨਰ ਤਹਿਤ ਕੱਢੀ ਗਈ ਵਿਸ਼ਾਲ ਕਾਰ ਰੈਲੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਰਾਜ ਕੈਲੀਫੋਰਨੀਆ ਦੇ ਸ਼ਹਿਰ ਇਰਵਨ, ਲਾਸ ਏਂਜਲਸ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਮਰਥਨ ਵਿਚ 'ਹਮ ਹੈਂ ਮੋਦੀ ਕਾ ਪਰਿਵਾਰ' ਦੇ ਬੈਨਰ ਹੇਠ ਇਕ ਵਿਸ਼ਾਲ ਕਾਰ ਰੈਲੀ ਕੱਢੀ ਗਈ। ਰੈਲੀ ਦਾ ਅਯੋਜਨ ਓ ਵ ਰ ਸੀ ਜ ਫਰੈਂਡਜ ਆਫ ਬੀ ਜੇ ਪੀ- ਯੂ ਐਸ ਏ, ਲਾਸ ਏਂਜਲਸ (ਓ ਐਫ ਬੀ ਜੇ ਪੀ) ਵੱਲੋਂ ਕੀਤਾ ਗਿਆ ਜਿਸ ਵਿਚ 150 ਤੋਂ ਵਧ ਕਾਰਾਂ ਨੇ ਹਿੱਸਾ ਲਿਆ। ਕਾਰਾਂ ਜਿਨਾਂ ਉਪਰ ਭਾਰਤ ਤੇ ਅਮ-ਰੀਕਾ ਦੇ ਝੰਡੇ ਲੱਗੇ ਹੋਏ ਸਨ, ਨੇ ਇਰਵਿਨ ਸਿਵਿਕ ਸੈਂਟਰ ਤੋਂ ਤਕਰੀਬਨ 16 ਮੀਲ ਪੈਂਡਾ ਤਹਿ ਕੀਤਾ। ਉਪਰੰਤ 500 ਤੋਂ ਵਧ ਭਾਰਤੀ ਅਮਰੀਕੀਆਂ ਨੇ ਇਕ ਆਵਾਜ ਵਿਚ ਪ੍ਰਧਾਨ ਮੰਤਰੀ ਮੋਦੀ ਦੇ ਸਮਰਥਨ ਵਿਚ ਨਾਅਰੇ ਲਾਏ ਤੇ ਦਾਅਵਾ ਕੀਤਾ ਕਿ ਮੋਦੀ ਦੀ ਅਗਵਾਈ ਵਿਚ ਤੀਸਰੀ ਵਾਰ ਭਾਰਤ ਸਰਕਾਰ ਬਣੇਗੀ। ਰੈਲੀ ਦਾ ਮੁੱਖ ਨਾਅਰਾ 'ਅਬ ਕੀ ਬਾਰ 400 ਪਾਰ' ਸੀ। ਰੈਲੀ ਦੇ ਪ੍ਰਬੰਧਕਾਂ ਨੇ ਦਾਅਵਾ ਕੀਤਾ ਕਿ ਰੈਲੀ ਨੇ ਪਿਛਲੇ ਸਾਰੇ ਰਾਜਨੀਤਿਕ ਇਕੱਠਾਂ ਜਾਂ ਰੈਲੀਆਂ ਨੂੰ ਮਾਤ ਪਾ ਦਿੱਤੀ ਹੈ। ਰੈਲੀ ਦੌਰਾਨ ਮੋਦੀ ਦੀ ਅਗਵਾਈ ਵਿਚ ਭਾਰਤ ਵੱਲੋਂ ਕੀਤੇ ਜਾ ਰਹੇ ਵਿਕਾਸ ਬਾਰੇ ਵੀ ਚਰਚਾ ਕੀਤੀ। ਇਹ ਰੈਲੀ ਸ਼ਲਭ ਗੋਇਲ, ਡਾ ਸੁਰਿੰਦਰ ਸ਼ਰਮਾ, ਪੀ ਕੇ ਨਾਇਕ, ਅਨਿਲ ਮਹਾਜਨ, ਲਤੇਸ਼ ਭਾਮਬਨੀ, ਮਨਮੋਹਨ ਚੋਪੜਾ, ਅਰੁਣ ਦੱਤ ਤੇ ਸੁਨੀਲ ਅਗਰਵਾਲ 'ਤੇ ਅਧਾਰਿਤ ਸਮਰਪਿਤ ਟੀਮ ਦੇ ਅਣਥਕ ਯਤਨਾਂ ਸਦਕਾ ਸੰਭਵ ਹੋਈ ਹੈ। ਪ੍ਰਬੰਧਕਾਂ ਨੇ ਰੈਲੀ ਵਿਚ ਸ਼ਾਮਿਲ ਹੋਣ ਲਈ ਭਾਰਤੀ ਅਮਰੀਕੀਆਂ ਦਾ ਧੰਨਵਾਦ ਕੀਤਾ ਹੈ।





# ਅਮਰੀਕਾ ਵਿਚ ਦੇਸ਼ ਵਿਆਪੀ ਕਾਲਜਾਂ ਵਿਚ ਫਲਸਤੀਨੀਆਂ ਦੇ ਹੱਕ ਵਿਚ ਪ੍ਰਦਰਸ਼ਨ, ਹਜਾਰਾਂ ਵਿਦਿਆਰਥੀਆਂ ਦੀਆਂ ਗ੍ਰਿਫਤਾਰੀਆਂ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਵਿਚ ਦੇਸ਼ ਵਿਆਪੀ ਕਾਲਜ ਕੈਂਪਸ ਅੰਦਰ ਇਸਰਾਈਲ ਵਿਰੋਧੀ ਤੇ ਫਲਸਤੀਨੀਆਂ ਦੇ ਹੱਕ ਵਿਚ ਵਿਦਿਆਰਥੀਆਂ ਵੱਲੋਂ ਪ੍ਰਦਰਸ਼ਨ ਕਰਨ ਦੀਆਂ ਰਿਪੋਰਟਾਂ ਹਨ। ਅਮਰੀਕਾ ਦੀ ਨਿਊਯਾਰਕ ਸਥਿੱਤ ਕੋਲੰਬੀਆ ਯੁਨੀਵਰਸਿਟੀ ਜਿਥੇ ਬੀਤੇ ਦਿਨ 100 ਤੋਂ ਵਧ ਵਿਦਿਆਰਥੀਆਂ ਨੂੰ ਗ੍ਰਿਫਤਾਰ ਕੀਤਾ ਸੀ, ਵਿਖੇ ਸਖਤ ਪਾਬੰਦੀਆਂ ਲਾ ਦਿੱਤੀਆਂ ਗਈਆਂ ਹਨ ਤੇ ਪ੍ਰਦਰਸ਼ਨਕਾਰੀ ਵਿਦਿਆਰਥੀਆਂ ਵਿਰੁੱਧ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਕੁਝ ਵਿਦਿਆਰਥੀਆਂ ਨੂੰ ਮੁਅੱਤਲ ਕੀਤੇ ਜਾਣ ਦੀ ਵੀ ਰਿਪੋਰਟ ਹੈ ਜਦ ਕਿ ਪ੍ਰਦਰਸ਼ਨਕਾਰੀ ਵਿਦਿਆਰਥੀਆਂ ਨੇ ਇਕ ਅਕੈਡਮਿਕ ਇਮਾਰਤ 'ਤੇ ਕਬਜ਼ਾ ਕਰਕੇ ਅੰਦਰ ਜਾਣ ਦੇ ਰਸਤੇ ਅੱਗੇ ਮਨੁੱਖੀ ਕੜੀ ਬਣਾ ਕੇ ਇਸ ਦਾ ਵਿਰੋਧ ਕੀਤਾ ਹੈ।

ਇਕ ਬਿਆਨ ਵਿਚ ਯੁਨੀਵਰਸਿਟੀ ਨੇ ਕਿਹਾ ਹੈ ਕਿ ਹੈਮਿਲਟਨ ਹਾਲ 'ਤੇ ਕਬਜ਼ਾ ਕਰਕੇ ਬੈਠੇ ਵਿਦਿਆਰਥੀਆਂ ਨੂੰ ਮੁਅੱਤਲ ਕਰ ਦਿੱਤਾ ਜਾਵੇਗਾ। ਮਾਮਲਾ ਹੱਲ ਕਰਨ ਲਈ ਚੱਲ ਰਹੀ ਗੱਲਬਾਤ ਅਸਫਲ ਹੋਣ ਉਪਰੰਤ ਮੁੱਖ ਵਾਰਤਾਕਾਰ ਮੁਹੰਮਦ ਖਾਲਿਦ ਜੋ ਗਰੈਜੂਏਟ ਵਿਦਿਆਰਥੀ ਹੈ, ਨੂੰ ਮੁਅੱਤਲ ਕਰਕੇ ਉਸ ਦਾ ਸ਼ਨਾਖਤੀ ਕਾਰਡ ਬਲਾਕ ਕਰ ਦਿੱਤਾ ਗਿਆ ਹੈ। ਵਿਦਿਆਰਥੀ ਆਗੂ ਖਾਲਿਦ ਨੇ ਕਿਹਾ ਹੈ ਕਿ ਯੁਨੀਵਰਸਿਟੀ ਦੀ ਇਹ ਕਾਰਵਾਈ ਨਿਯਮਾਂ ਦੇ ਵਿਰੁੱਧ ਹੈ। ਯੁਨੀਵਰਸਿਟੀ ਮੰਨਮਾਨੇ ਢੰਗ ਨਾਲ ਕਾਰਵਾਈ ਕਰ ਰਹੀ ਹੈ। ਹੁਣ ਤੱਕ 1000 ਤੋਂ ਵਧ ਵਿਦਿਆਰਥੀਆਂ ਨੂੰ ਕਾਲਜਾਂ ਤੇ ਯੁਨੀਵਰਸਿਟੀਆਂ ਵਿਚੋਂ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਘੱਟੋ ਘੱਟ 21 ਰਾਜਾਂ ਦੇ 25 ਯੁਨੀਵਰਸਿਟੀ ਕੈਂਪਸ ਵਿਚ ਪ੍ਰਦਰਸ਼ਨਕਾਰੀਆਂ ਦੀਆਂ ਗ੍ਰਿਫਤਾਰੀਆਂ ਹੋਈਆਂ ਹਨ। ਵਿਦਿਆਰਥੀਆਂ ਦਾ ਕਹਿਣਾ ਹੈ ਕਿ ਉਹ ਫਲਸਤੀਨੀਅਨ ਲਿਬਰੇਸ਼ਨ ਨਾਲ ਖੜੇ ਰਹਿਣਗੇ ਤੇ ਉਸ ਦਾ ਪੁਰਜੋਰ ਸਮਰਥਨ ਕਰਦੇ ਹਨ।

### ਅਮਰੀਕਾ ਵਿਚ ਇਸਰਾਈਲ ਵਿਰੁੱਧ ਪ੍ਰਦਰਸ਼ਨਾਂ ਦਾ ਮਾਮਲਾ

# ਭਾਰਤੀ ਵਿਦੇਸ਼ ਮੰਤਰਾਲੇ ਨੇ ਭਾਰਤੀ ਵਿਦਿਆਰਥੀਆਂ ਨੂੰ ਸਥਾਨਕ ਕਾਨੂੰਨ ਦੀ ਪਾਲਣਾ ਕਰਨ ਲਈ ਕਿਹਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਭਰ ਦੀਆਂ ਉੱਚ ਸਿੱਖਿਆ ਸੰਸਥਾਵਾਂ ਵਿਚ ਗਾਜ਼ਾ ਵਿਚ ਇਸਰਾਈਲ ਵੱਲੋਂ ਵਿੱਢੀ ਜੰਗ ਵਿਰੁੱਧ ਹੋ ਰਹੇ ਪ੍ਰਦਰਸ਼ਨਾਂ ਦਰਮਿਆਨ ਭਾਰਤੀ ਵਿਦੇਸ਼ ਮੰਤਰਾਲੇ ਨੇ ਭਾਰਤੀ ਵਿਦਿਆਰਥੀਆਂ ਨੂੰ ਬੇਨਤੀ ਕੀਤੀ ਹੈ ਕਿ ਉਹ ਸਥਾਨਕ ਕਾਨੂੰਨਾਂ ਤੇ ਨਿਯਮਾਂ ਦੀ ਪਾਲਣਾ ਕਰਨ।

ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰੰਧੀਰ ਜੈਸਵਾਲ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਅਜੇ ਤੱਕ ਭਾਰਤੀ ਵਿਦਿਆਰਥੀਆਂ ਦੇ ਇਸਰਾਈਲ ਵਿਰੁੱਧ ਪ੍ਰਦਰਸ਼ਨਾਂ ਵਿੱਚ ਹਿੱਸਾ ਲੈਣ ਦੀ ਕੋਈ ਰਿਪੋਰਟ ਨਹੀਂ ਹੈ ਤੇ ਨਾ ਹੀ ਕਿਸੇ ਵਿਦਿਆਰਥੀ ਜਾਂ ਪਰਿਵਾਰ ਨੇ ਮੱਦਦ ਲਈ ਭਾਰਤੀ ਮਿਸ਼ਨ ਨਾਲ ਸੰਪਰਕ ਕੀਤਾ ਹੈ। ਅਮਰੀਕਾ ਦੀ ਕੋਲੰਬੀਆ ਯੁਨੀਵਰਸਿਟੀ ਵਿਚ ਹੋਏ ਪ੍ਰਦਰਸ਼ਨ ਦੇ ਮੁੱਦੇ 'ਤੇ ਬੁਲਾਰੇ ਨੇ ਸਪਸ਼ਟ ਕੀਤਾ ਹੈ ਕਿ ਪ੍ਰਦਰਸ਼ਨ ਵਿਚ ਹਿੱਸਾ ਲੈਣ ਕਾਰਨ ਯੁ-ਨੀਵਰਸਿਟੀ ਪ੍ਰਸ਼ਾਸਨ ਵੱਲੋਂ ਕੀਤੀ ਅਨੁਸ਼ਾਸਨੀ ਕਾਰਵਾਈ ਨੂੰ ਲੈ ਕੇ ਕਿਸੇ ਵੀ ਭਾਰਤੀ ਵਿਦਿਆਰਥੀ ਜਾਂ ਉਨਾਂ ਦੇ ਪਰਿਵਾਰਾਂ ਨੇ ਸਹਾਇਤਾ ਲਈ ਸਾਡੇ ਤੱਕ ਪਹੁੰਚ ਨਹੀਂ ਕੀਤੀ। ਇਥੇ ਜਿਕਰਯੋਗ ਹੈ ਕਿ ਕੋਲੰਬੀਆ ਯੁਨੀਵਰਸਿਟੀ ਵੱਲੋਂ ਕੀਤੀ ਅਨੁਸ਼ਾਸਨੀ ਕਾਰਵਾਈ ਤਹਿਤ ਕੁਝ ਵਿਦਿਆਰਥੀਆਂ ਨੂੰ ਮੁਅੱਤਲ ਕਰ ਦੇਣ ਦੀ ਰਿਪੋਰਟ ਹੈ। ਬੀਤੇ ਦਿਨ ਹੋਏ ਪ੍ਰਦਰਸ਼ਨ ਦੌਰਾਨ ਵਿਦਿਆਰਥੀਆਂ ਦੀ ਪੁਲਿਸ ਨਾਲ ਹੱਥੋਪਾਈ ਵੀ ਹੋਈ ਸੀ ਤੇ ਇਸ ਉਪਰੰਤ ਪੁਲਿਸ ਨੇ ਕਈ ਵਿਦਿਆਰਥੀਆਂ ਨੂੰ ਹਿਰਾਸਤ ਵਿਚ ਲੈ ਲਿਆ ਸੀ। ਕਾਲਜ ਪ੍ਰਸ਼ਾਸਨ ਤੇ ਲਾਅ ਇਨਫੋਰਸਮੈਂਟ ਏਜੰਸੀਆਂ ਨੇ ਦੋਸ਼ ਲਾਇਆ ਹੈ ਕਿ ਬਾਹਰੇ ਲੋਕ ਵਿਦਿਆਰਥੀਆਂ ਦੇ ਪ੍ਰਦਰਸ਼ਨ ਵਿਚ ਹਿੱਸਾ ਲੈ ਰਹੇ ਹਨ ਜਿਸ ਕਾਰਨ ਹਿੰਸਾ ਹੋਈ ਹੈ।

ਨਿਊਯਾਰਕ ਪੁਲਿਸ ਅਨੁਸਾਰ ਕੋਲੰਬੀਆ ਯੁਨੀਵਰਸਿਟੀ ਵਿਚ ਹੋ ਰਹੇ ਪ੍ਰਦਰਸ਼ਨਾਂ ਵਿਚ ਕੁਝ ਪੇਸ਼ਾਵਰ ਪ੍ਰਦਰਸ਼ਨਕਾਰੀ ਸ਼ਾਮਿਲ ਹੋ ਗਏ ਹਨ। ਇਸੇ ਦੌਰਾਨ ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਨੇ ਵਾਈਟ ਹਾਊਸ ਤੋਂ ਦਿੱਤੇ ਇਕ ਬਿਆਨ ਵਿਚ ਕਿਹਾ ਹੈ ਕਿ ਪ੍ਰਦਰਸ਼ਨ ਦੀ ਆਜ਼ਾਦੀ ਦੇ ਨਾਲ ਕਾਨੂੰਨ ਦੀ ਪਾਲਣਾ ਕਰਨੀ ਜਰੂਰੀ ਹੈ। ਰਾਸ਼ਟਰਪਤੀ ਨੇ ਕਿਹਾ ਹੈ ਕਿ ਜੇਕਰ ਹਿੰਸਾ ਹੁੰਦੀ ਹੈ ਤਾਂ ਇਹ ਕਾਨੂੰਨ ਦੇ ਵਿਰੁੱਧ ਹੈ। ਅਜਿਹਾ ਕਿਸੇ ਵੀ ਹਾਲਤ ਵਿਚ ਨਹੀਂ ਹੋਣਾ ਚਾਹੀਦਾ। ਉਨਾਂ ਹੋਰ ਕਿਹਾ ਕਿ ਨਸਲਵਾਦ ਲਈ ਅਮਰੀਕਾ ਵਿਚ ਕੋਈ ਥਾਂ ਨਹੀਂ ਹੈ।

# ਅਮਰੀਕਾ ਵਿਚ ਸਕੂਲ ਦੇ ਬਾਹਰ ਗੰਨ ਲੈ ਕੇ ਪਹੁੰਚੇ ਵਿਦਿਆਰਥੀ ਨੂੰ ਮਾਰੀ ਗੋਲੀ, ਹੋਈ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–**ਅਮਰੀਕਾ ਦੇ ਵਿਸਕਾਨਸਿਨ ਰਾਜ ਦੇ ਮਾਊਂਟ ਹੋਰਬ ਪਿੰਡ ਦੇ ਮਿਡਲ ਸਕੂਲ ਨੇੜੇ ਗੰਨ ਲੈ ਕੇ ਪੁੱਜੇ ਇਕ ਵਿਦਿਆਰਥੀ ਨੂੰ ਪੁਲਿਸ ਵੱਲੋਂ ਗੋਲੀ ਮਾਰ ਦੇਣ ਉਪਰੰਤ ਉਸ ਦੀ ਮੌਤ ਹੋ ਜਾਣ ਦੀ ਖਬਰ ਹੈ। ਇਹ ਜਾਣਕਾਰੀ ਵਿਸਕਾਨਸਿਨ ਅਟਾਰਨੀ ਜਨਰਲ ਜੋਸ਼ ਕੌਲ ਨੇ ਦਿੱਤੀ ਹੈ। ਕੌਲ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਵਿਦਿਆਰਥੀ ਮਾਊਂਟ ਹੋਰਬ ਏਰੀਆ ਸਕੂਲ ਡਿਸਟ੍ਰਿਕਟ ਦਾ ਸੀ ਤੇ ਉਹ ਨਬਾਲਗ ਸੀ।

ਮਾਊਂਟ ਹੋਰਬ ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਇਕ ਹਥਿਆਰਬੰਦ ਵਿਅਕਤੀ ਸਕੂਲ ਦੇ ਬਾਹਰ ਘੁੰਮ ਰਿਹਾ ਹੈ। ਜਸਟਿਸ ਡਵੀਜ਼ਨ ਆਫ ਕ੍ਰਿਮੀਨਲ ਇਨਵੈਸਟੀਗੇਸ਼ਨ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਪੁਲਿਸ ਅਫਸਰਾਂ ਨੇ ਖਤਰੇ ਨੂੰ ਵੇਖਦਿਆਂ ਹੋਇਆਂ ਗੋਲੀ ਚਲਾਈ। ਇਸ ਘਟਨਾ ਵਿਚ ਸ਼ਾਮਿਲ ਪੁਲਿਸ ਅਫਸਰਾਂ ਨੂੰ ਪਸ਼ਾਸਨਿਕ ਛੁੱਟੀ 'ਤੇ ਭੇਜ ਦਿੱਤਾ ਗਿਆ ਹੈ। ਇਸ ਘਟਨਾ ਤੋਂ ਬਾਅਦ ਸਕੂਲ ਇਕ ਦਿਨ ਲਈ ਬੰਦ ਕਰ ਦਿੱਤਾ ਗਿਆ।

# ਅਮਰੀਕਾ ਵਿਚ ਪਿਛਲੇ ਮਹੀਨੇ ਬੇਰੁਜ਼ਗਾਰੀ 3.9% ਦੀ ਦਰ ਨਾਲ ਵਧੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–**ਅਮਰੀਕਾ ਵਿਚ ਨਵੀਆਂ ਨੌਕਰੀਆਂ ਨਿਕਲਣ ਦੀ ਰਫਤਾਰ ਮਧਮ ਹੋਈ ਹੈ ਤੇ ਪਿਛਲੇ ਮਹੀਨੇ 1,75,000 ਹੀ ਨਵੀਆਂ ਨੌਕਰੀਆਂ ਨਿਕਲੀਆਂ ਹਨ। ਇਹ ਜਾਣਕਾਰੀ ਬਿਊਰੋ ਆਫ ਲੇਬਰ ਸਟੈਟਿਸਟਿਕਸ ਡੈਟਾ ਨੇ ਜਾਰੀ ਬਿਆਨ ਵਿਚ ਦਿੱਤੀ ਹੈ।

ਪਿਛਲੇ ਸਾਲ ਅਕਤਬੂਰ ਤੋਂ ਬਾਅਦ ਪਹਿਲੀ ਵਾਰ ਨੌਕਰੀਆਂ ਵਰਣਨਯੋਗ ਹੱਦ ਤੱਕ ਘਟੀਆਂ ਹਨ। ਬੇਰੁਜ਼ਗਾਰੀ 3.9% ਦਰ ਨਾਲ ਵਧੀ ਹੈ। ਹਾਲਾਂ ਕਿ ਰੁਜ਼ਗਾਰ ਦੇ ਮੌਕੇ ਵਧਣ ਦੀ ਆਸ ਕੀਤੀ ਜਾਂਦੀ ਸੀ ਪਰੰਤੂ ਹੋਇਆ ਇਸ ਦੇ ਉਲਟ ਹੈ। ਇਥੇ ਜਿਕਰਯੋਗ ਹੈ ਕਿ ਆਰਥਕ ਮਾਹਿਰਾਂ ਨੇ ਅਨੁਮਾਨ ਲਾਇਆ ਸੀ ਕਿ ਉੱਚ ਵਿਆਜ ਦਰਾਂ ਦੇ ਦਬਾਅ ਕਾਰਨ ਲੇਬਰ ਮਾਰਕਿਟ ਵਿਚ ਨਿਘਾਰ ਆਵੇਗਾ।

# ਅਮਰੀਕਾ ਵਿਚ ਡਰਾਈਵਰ ਦੇ ਬੇਹੋਸ਼ ਹੋ ਜਾਣ ਕਾਰਨ ਅਠਵੀਂ ਸ਼੍ਰੇਣੀ ਦੇ ਬੱਚੇ ਨੇ ਟਾਲਿਆ ਹਾਦਸਾ, ਪੁਲਿਸ ਨੇ ਕੀਤਾ ਸਨਮਾਨ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–**ਅਮਰੀਕਾ ਦੇ ਵਿਸਕਾਨਸਿਨ ਰਾਜ ਵਿਚ ਗਲੈਨਡੇਲ ਵਿਖੇ ਸਕੂਲ ਬੱਸ ਦੀ ਡਰਾਈਵਰ ਦੇ ਬੇਹੋਸ਼ ਹੋ ਜਾਣ ਉਪਰੰਤ ਬੱਸ ਨੂੰ ਕਿਸੇ ਤਰਾਂ ਰੋਕ ਕੇ ਵੱਡਾ ਹਾਦਸਾ ਟਾਲ ਦੇਣ ਵਾਲੇ ਗਲੈਨ ਹਿਲਜ਼ ਮਿਡਲ ਸਕੂਲ ਦੇ ਅਠਵੀਂ ਸ਼੍ਰੇਣੀ ਦੇ ਵਿਦਿਆਰਥੀ ਏਸੀ ਹੌਲੈਂਡ ਦਾ ਸਥਾਨਕ ਪੁਲਿਸ ਵੱਲੋਂ ਪ੍ਰਸੰਸਾ ਪੱਤਰ ਦੇ ਕੇ ਸਨਮਾਨ ਕੀਤਾ ਗਿਆ ਹੈ। ਡਰਾਈਵਰ ਅਚਾਨਕ ਬੇਹੋਸ਼ ਹੋ ਗਈ ਤੇ ਉਸ ਦਾ ਸਿਰ ਇਕ ਪਾਸੇ ਨੂੰ ਲੁੜਕ ਗਿਆ। ਏਸੀ ਹੌਲੈਂਡ ਨੇ ਫੁਰਤੀ ਵਿਖਾਉਂਦਿਆਂ ਕਿਸੇ ਤਰਾਂ ਬਰੇਕ ਲਾ ਕੇ ਬੱਸ ਸੁਰੱਖਿਅਤ ਰੋਕ ਲਈ। ਬੱਸ ਦੇ ਰੁਕ ਜਾਣ ਉਪਰੰਤ ਹੌਲੈਂਡ ਨੇ ਪੁਲਿਸ ਤੇ ਆਪਣੀ ਦਾਦੀ ਜੋ ਸਹਾਇਕ ਨਰਸ ਹੈ, ਨੂੰ ਫੋਨ ਕੀਤਾ। ਬਾਕੀ ਬੱਚਿਆਂ ਨੇ ਵੀ ਆਪਣੇ ਘਰ ਫੋਨ ਕਰਕੇ ਘਟਨਾ ਦੀ ਜਾਂਚਕਾਰੀ ਦਿੱਤੀ। ਪੁਲਿਸ ਨੇ ਕਿਹਾ ਹੈ ਕਿ ਹੌਲੈਂਡ ਫੁਰਤੀ ਨਾ ਵਿਖਾਉਂਦਾ ਤਾਂ ਵੱਡਾ ਹਾਦਸਾ ਹੋ ਸਕਦਾ ਸੀ। ਪੁਲਿਸ ਨੇ ਹੌਲੈਂਡ ਨੂੰ ਪ੍ਰਸੰਸਾ ਪੱਤਰ ਦਿੱਤਾ ਤੇ ਉਸ ਦੇ ਹੌਸਲੇ ਦੀ ਸ਼ਲਾਘਾ ਕੀਤੀ ਹੈ।



# ਅਮਰੀਕਾ ਦੇ ਮੈਰੀਲੈਂਡ ਰਾਜ ਵਿਚ ਬੱਸ ਬੇਕਾਬੂ ਹੋ ਕੇ ਸੜਕ 'ਤੇ ਰੇਲਿੰਗ ਨਾਲ ਟਕਰਾਉਣ ਕਾਰਨ 1 ਮੌਤ ਤੇ 23 ਹੋਰ ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–**ਅਮਰੀਕਾ ਦੇ ਮੈਰੀਲੈਂਡ ਰਾਜ ਵਿਚ ਇਕ ਬੱਸ ਦੇ ਅਗਿਆਤ ਕਾਰਨਾਂ ਕਾਰਨ ਬੇਕਾਬੂ ਹੋ ਕੇ ਸੜਕ ਕੰਢੇ ਲੱਗੀ ਰੇ-ਲਿੰਗ ਨਾਲ ਟਕਰਾਅ ਜਾਣ ਦੇ ਸਿੱਟੇ ਵਜੋਂ ਇਕ ਵਿਅਕਤੀ ਦੀ ਮੌਤ ਹੋਣ ਤੇ 23 ਹੋਰ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਹਾਦਸੇ ਦੀ ਜਾਂਚ ਮੈਰੀਲੈਂਡ ਸਟੇਟ ਪੁਲਿਸ ਕਰ ਰਹੀ ਹੈ। ਪੁਲਿਸ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਇਹ ਹਾਦਸਾ ਤੜਕਸਾਰ ਹਾਰਫੋਰਡ ਕਾਊਂਟੀ ਵਿਚ ਇੰਟਰਸਟੇਟ 95 ਉਪਰ ਵਾਪਰਿਆ। ਪੁਲਿਸ ਨੇ ਕਿਹਾ ਹੈ ਕਿ ਬੱਸ ਵਿਚ ਕੁਲ 24 ਵਿਅਕਤੀ ਸਵਾਰ ਸਨ ਤੇ ਇਹ ਲੋਕ ਉੱਤਰ ਵੱਲ ਜਾ ਰਹੇ ਸਨ। ਇਕ ਵਿਅਕਤੀ ਮੌਕੇ ਉਪਰ ਹੀ ਦਮ ਤੋੜ ਗਿਆ ਜਦ ਕਿ ਡਰਵਾਈਵਰ ਸਮੇਤ 23 ਹੋਰਨਾਂ ਨੂੰ ਸਥਾਨਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਬਿਆਨ ਵਿਚ ਕਿਹਾ ਗਿਆ ਹੈ ਕਿ ਫਿਲਹਾਲ ਕੋਈ ਮਾਮਲਾ ਦਰਜ ਨਹੀਂ ਕੀਤਾ ਗਿਆ ਹੈ ਤੇ ਹਾਦਸੇ ਦੀ ਜਾਂਚ ਉਪਰੰਤ ਹੀ ਅਗਲੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।



# ਅਮਰੀਕਾ ਵਿਚ ਪਾਸਟਰ ਨੂੰ ਗੋਲੀ ਮਾਰਨ ਤੋਂ ਪਹਿਲਾਂ ਹੀ ਸ਼ੱਕੀ ਨੂੰ ਕੀਤਾ ਕਾਬੂ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** – ਅਮਰੀਕਾ ਦੇ ਪੈਨਸਿਲਵਾਨੀਆ ਰਾਜ ਵਿਚ ਨਾਰਥ ਬਰੈਡਾਕ ਵਿਖੇ ਜੀਸਸ ਡਵੈਲਿੰਗ ਪਲੇਸ ਚਰਚ ਵਿਚ ਉਸ ਵੇਲੇ ਹਾਲਾਤ ਗੰਭੀਰ ਬਣ ਗਏ ਜਦੋਂ ਇਕ ਸ਼ੱਕੀ ਨੇ ਪਾਸਟਰ ਦੇ ਚੇਹਰੇ 'ਤੇ ਗੰਨ ਤਾਨ ਲਈ। ਇਸ ਤੋਂ ਪਹਿਲਾਂ ਕਿ ਉਹ ਗੰਨ ਦਾ ਘੋੜਾ ਨੱਪਦਾ ਚਰਚ ਦੇ ਇਕ ਹੋਰ ਮੈਂਬਰ ਨੇ ਉਸ ਨੂੰ ਕਾਬੂ ਕਰ ਲਿਆ। ਇਹ ਜਾਣਕਾਰੀ ਪੈਨਸਿਲਵਾਨੀਆ ਸਟੇਟ ਪੁਲਿਸ ਨੇ ਦਿੱਤੀ ਹੈ। ਘਟਨਾ ਉਪਰੰਤ ਪਾਸਟਰ ਗਲੈਨ ਜਰਮਨੀ ਨੇ ਕਿਹਾ ਕਿ ਕਿਸੇ ਅਦਿੱਖ ਸ਼ਕਤੀ ਦੇ ਅਚਾਨਕ ਦਖਲ ਦੇਣ ਕਾਰਨ ਉਸ ਦੀ ਜਾਨ ਬਚੀ ਹੈ। ਪੁਲਿਸ ਨੇ ਕਿਹਾ ਹੈ ਕਿ ਸ਼ੱਕੀ ਨੇ ਗੋਲੀ ਚਲਾਉਣ ਦੀ ਕੋਸ਼ਿਸ਼ ਕੀਤੀ ਪਰੰਤੂ ਉਹ ਅਸਫਲ ਰਿਹਾ। ਪੁਲਿਸ ਨੇ ਸ਼ੱਕੀ ਦੀ ਪਛਾਣ 26 ਸਾਲਾ ਬਰਨਾਰਡ ਜੁਨੀਅਰ ਪੋਲਾਈਟ ਵਜੋਂ ਕੀਤੀ ਹੈ। ਸ਼ੱਕੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਤੇ ਉਸ ਵਿਰੁੱਧ ਹੱਤਿਆ ਦੀ ਕੋਸ਼ਿਸ਼ ਸਮਤੇ ਹੋਰ ਅਪਰਾਧਕ ਦੋਸ਼ ਆਇਦ ਕੀਤੇ ਗਏ ਹਨ। ਅਜੇ ਇਹ ਸਪਸ਼ਟ ਨਹੀਂ ਹੈ ਕਿ ਸ਼ੱਕੀ ਨੇ ਪਾਸਟਰ ਦੀ ਜਾਨ ਲੈਣ ਦੀ ਕਿਉਂ ਕੋਸ਼ਿਸ਼ ਕੀਤੀ।



# ਓਹੀਓ ਸਟੇਟ ਯੁਨੀਵਰਸਿਟੀ ਨੇ 50 ਰਾਜਾਂ ਤੇ ਭਾਰਤ ਸਮੇਤ 100 ਤੋਂ ਵਧ ਦੇਸ਼ਾਂ ਦੇ ਵਿਦਿਆਰਥੀਆਂ ਨੂੰ ਗਰੈਜੂਏਸ਼ਨ ਡਿਗਰੀਆਂ ਦਿੱਤੀਆਂ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** – ਓਹੀਓ ਸਟੇਟ ਯੁਨੀਵਰਸਿਟੀ ਦੇ ਫੁੱਟਬਾਲ ਸਟੇਡੀਅਮ ਵਿਚ ਵਿਸ਼ਾਲ ਗਰੈਜੂਏਸ਼ਨ ਡਿਗਰੀ ਵੰਡ ਸਮਾਗਮ ਹੋਇਆ ਜਿਸ ਵਿਚ ਅਮਰੀਕਾ ਦੇ 50 ਰਾਜਾਂ ਤੇ ਭਾਰਤ ਸਮੇਤ 100 ਤੋਂ ਵਧ ਦੇਸ਼ਾਂ ਦੇ ਵਿਦਿਆਰਥੀਆਂ ਨੂੰ ਡਿਗਰੀਆਂ ਤੇ ਸਰਟੀਫਿਕੇਟ ਪ੍ਰਦਾਨ ਕੀਤੇ ਗਏ। ਕੋਲੰਬਸ ਵਿਚ ਓਹੀਓ ਸਟੇਡੀਅਮ ਵਿਚ ਅਯੋਜਿਤ ਸਮਾਗਮ ਦੌਰਾਨ ਵਿਦਿਆਰਥੀਆਂ ਨੂੰ 12555 ਡਿਗਰੀਆਂ ਤੇ ਸਰਟੀਫੀਕੇਟ ਵੰਡੇ ਗਏ। ਇਸ ਮੌਕੇ ਗੀਤ ਸੰਗੀਤ ਦਾ ਵੀ ਉਚੇਚੇ ਤੌਰ 'ਤੇ ਪ੍ਰਬੰਧ ਕੀਤਾ ਗਿਆ ਸੀ। ਇਸ ਦੌਰਾਨ ਵਾਪਰੀ ਇਕ ਮੰਦਭਾਗੀ ਘਟਨਾ ਵਿਚ ਸਟੇਡੀਅਮ ਦੇ ਸਟੈਂਡ ਤੋਂ ਡਿੱਗ ਕੇ ਇਕ ਵਿਅਕਤੀ ਦੀ ਮੌਤ ਹੋ ਗਈ। ਯੁਨੀਵਰਸਿਟੀ ਦੇ ਪ੍ਰਤੀਨਿੰਧ ਬੈਨਜਾਮਿਨ ਜੌਹਨਸਨ ਨੇ ਇਹ ਜਾਣਕਾਰੀ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਉਨਾਂ ਕਿਹਾ ਕਿ ਮ੍ਰਿਤਕ ਵਿਅਕਤੀ ਦੀ ਪਛਾਣ ਅਜੇ ਨਹੀਂ ਹੋ ਸਕੀ। ਇਸ ਸਟੇਡੀਅਮ ਵਿਚ ਇਕ ਲੱਖ ਲੋਕਾਂ ਦੇ ਬੈਠਣ ਦੀ ਜਗਾ ਹੈ। ਕਈ ਸਾਲਾਂ ਬਾਅਦ 1992 ਵਿਚ ਜਦੋਂ ਇਹ ਸਟੇਡੀਅਮ ਬਣ ਕੇ ਤਿਆਰ ਹੋਇਆ ਸੀ ਤਾਂ ਇਸ ਵਿਚ 66000 ਵਿਅਕਤੀਆਂ ਦੇ ਬੈਠਣ ਦੀ ਜਗਾ ਸੀ। ਬਾਅਦ ਵਿਚ ਇਸ ਦਾ ਅਨੇਕਾਂ ਵਾਰ ਨਵੀਨੀਕਰਨ ਹੋਇਆ ਤੇ ਇਸ ਸਮੇ ਵੱਡੇ ਸਮਾਗਮ ਇਸ ਸਟੇਡੀਅਮ ਵਿਚ ਹੀ ਅਯੋਜਿਤ ਕੀਤੇ ਜਾਂਦੇ ਹਨ।

# ਧੰਨ-ਧੰਨ ਬਾਬਾ ਕਾਨ ਦਾਸ ਸਪੋਰਟਸ ਕਲੱਬ ਵਿਚੈਸਾ ਨੇ ਪੰਜਾਬ ਸਪੋਰਟਸ ਅਜਾਦ ਕਲੱਬ ਮਾਨਤੋਵਾ, ਅਰੇਸੋ ਨੂੰ ਹਰਾ ਕੇ ਮਾਰਿਆ ਮਾਰਕਾ

**ਮਿਲਾਨ (ਇਟਲੀ) (ਟੇਕ ਚੰਦ ਜਗਤਪੁਰ)**– ਪੰਜਾਬੀਆਂ ਦੀ ਮਾਂ-ਖੇਡ ਕਬੱਡੀ ਨੂੰ ਪ੍ਰਫੁਲਿਤ ਕਰਨ ਹਿੱਤ ਢਾਈ ਦਹਾਕੇ ਤੋਂ ਅਹਿਮ ਭੂਮਿਕਾ ਨਿਭਾਉਣ ਵਾਲੀ ਪੰਜਾਬ ਯੂਥ ਸਪੋਰਟਸ ਐਂਡ ਕਲਚਰਲ ਕਲੱਬ ਮਾਨਤੋਵਾ ਵਲੋ ਕਲੱਬ ਦੇ ਪ੍ਰਧਾਨ ਸ ਗੁਰਿੰਦਰ ਸਿੰਘ ਰਾਜੂ ਜੌਹਲ, ਲੱਖੀ ਨਾਗਰਾ, ਸੁਖਚੈਨ ਸਿੰਘ, ਬਲਜੀਤ ਸਿੰਘ ਨਾਗਰਾ ਜਸਵਿੰਦਰ ਸਿੰਘ ਲਾਟੀ, ਆਦਿ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।ਇਸ ਖੇਡ ਮੇਲੇ ਚ ਉਚਕੋਟੀ ਦੇ ਖਿਡਾਰੀਆਂ ਨੇ ਆਪਣੀ ਖੇਡ ਦਾ ਸਾਂਨਦਾਰ ਪ੍ਰਦਰਸ਼ਨ ਕੀਤਾ।ਇਸ ਸ਼ਾਨਦਾਰ ਖੇਡ ਮੇਲੇ ਦਾ ਅਨੰਦ ਮੁਕਾਬਲੇ ਚ ਬਾਬਾ ਕਾਨ ਦਾਸ ਸਪੋਰਟਸ ਕਲੱਬ ਵਿਚੈਂਸਾ, ਨੂੰ ਸਪੋਰਟਸ ਕਲੱਬ ਫਾਬਰੀਆਨੋ,ਸਬੋਧੀਆ, ਅਨਕੋਨਾ(ਮਾਰਕੇ)ਨੇ 31/27 ਅੰਕਾਂ ਦੇ ਫਰਕ ਨਾਲ ਹਰਾ ਕੇ ਜਿੱਤ ਹਾਸਿਲ ਕੀਤੀ। ਇਸ ਮੇਲੇ ਦੇ ਬੇਸਟ ਜਾਫੀ ਅਤੇ ਰੇਡਰ ਦੇ ਖਿਤਾਬ ਨਾਲ ਸਨਮਾਨੇ ਗਏ। ਜੇਤੂ





ਚੈੜੀਆਂ ਦੀ ਸਰਪ੍ਰਸਤੀ ਹੇਠ ਜੀਤਾ ਬਿਲਗਾ, ਮਨਜੀਤ ਸਿੰਘ ਗੁਰਦਾਸਪੁਰ, ਹਰਜਿੰਦਰ ਸਿੰਘ, ਰਵਿੰਦਰ ਸਿੰਘ ਵਾਲੀਆ, ਅਮਰੀਕ ਸਿੰਘ ਰੰਧਾਵਾ, ਸਤਵੀਰ ਸਿੰਘ ਕੰਗ, ਤਲਵਿੰਦਰ ਸਿੰਘ ਮਾਵੀ, ਜਸਕਰਨ ਸਿੰਘ ਗਿੱਲ, ਅਵਤਾਰ ਸਿੰਘ, ਸੁਰਿੰਦਰ ਸਿੰਘ ਸਿੱਧੂ, ਸੁਖਜਿੰਦਰ ਸਿੰਘ, ਲਾਡਾ ਗਿੱਲ, ਬਿਸਟ ਲੱਕੀ, ਗੁਰਪ੍ਰੀਤ ਸਿੰਘ ਖਹਿਰਾ, ਆਦਿ ਦੇ ਸਹਿਯੋਗ ਨਾਲ( ਕਸਤੀਲੀਓਨੇ ਦੇਲੇ ਸਤੀਏਵੇਰੇ (ਮਾਨਤੋਵਾ) ਵਿਖੇ ਕਰਵਾਇਆ ਗਿਆ ਸ਼ਾਨਦਾਰ ਵਿਸ਼ਾਲ ਕਬੱਡੀ ਕੱਪ ਖੇਡ ਪ੍ਰੇਮੀਆਂ ਕਬੱਡੀ ਖਿਡਾਰੀਆਂ, ਦਰਸ਼ਕਾਂ ਅਤੇ ਖੇਡ ਪ੍ਰਮੋਟਰਾਂ ਦੀ ਸਮੂਲੀਅਤ ਸਦਕਾ ਖੇਡ ਖੇਤਰ ਚ ਇਤਿਹਾਸਕ ਪੈੜ੍ਹਾਂ ਪਾਉਂਦਾ ਹੋਇਆ ਸ਼ਾਨੋ ਸ਼ੌਕਤ ਨਾਲ ਸਪੰਨ ਹੋਇਆ। ਇਸ ਖੇਡ ਮੇਲੇ ਦਾ ਮੋਹਣ ਸਿੰਘ ਹੇਲਰਾ ਸ ਭੁਪਿੰਦਰ ਸਿੰਘ ਕੰਗ ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਸ ਗੁਰਿੰਦਰ ਸਿੰਘ ਸੋਮਲ, ਸ਼ਮਿੰਦਰ ਸਿੰਘ ਨਗਾਰਾ, ਹਰਦੀਪ ਸਿੰਘ, ਡਾ ਜਸਕਰਨ ਸਿੰਘ ਬਿੰਦਰ ਸਿੰਘ ਸੰਧੂਆ, ਜੀਤਾ ਪੁਰੇਵਾਲ, ਸ੍ਰੀ ਅਨਿਲ ਕੁਮਾਰ ਸ਼ਰਮਾਂ, ਸੁੱਖਾ ਗਿੱਲ, ਹਰਬੰਸ ਲਾਲ, ਗੁਰਦੇਵ ਸਿੰਘ, ਸੰਤੋਖ ਸਿੰਘ ਲਾਲੀ, ਸਤਵਿੰਦਰ ਸਿੰਘ ਟੀਟਾ, ਸੱਤੀ ਕੰਵਰ, ਮਾਨਣ ਲਈ ਦਰਸ਼ਕਾਂ/ਖੇਡ ਪ੍ਰੇਮੀਆਂ ਨੇ ਭਾਰੀ ਗਿਣਤੀ 'ਚ ਸ਼ਮੂਲੀਅਤ ਕੀਤੀ। ਇਸ ਕਬੱਡੀ ਕੱਪ ਚ ਇਟਲੀ ਦੀਆਂ ਉਚਕੋਟੀ ਦੀਆਂ ਟੀਮਾਂ, ਧੰਨ-ਧੰਨ ਬਾਬਾ ਬੁੱਢਾ ਜੀ ਸਪੋਰਟਸ ਕਲੱਬ ਸੁਜਾਰਾ (ਪਿਗੋਨਿਆਗਾ), ਜੰਗ ਸਪੋਰਟਸ ਕਲੱਬ ਪੋਰਦੀਨੋਨੇ, ਤਰਵੀਜੋ, ਰੋਮਾ, ਰਿਜੋਮਿਲੀਆ, ਇਟਲੀ ਕਬੱਡੀ ਸਪੋਰਟਸ ਕਲੱਬ ਇਟਲੀ, ਬਾਬਾ ਕਾਹਨ ਦਾਸ ਸਪੋਰਟਸ ਕਲੱਬ ਵਿਚੈਂਸਾ, ਸਪੋਟਰਸ ਕਲੱਬ ਸਬੋਧੀਆ, ਫਾਬਿਆਨੋ, ਅਨਕੋਨਾ, ਮਾਰਕੇ ਪੰਜਾਬੀ ਸਪੋਰਟਸ ਐਂਡ ਕਲਚਰਲ ਕਲੱਬ ਬਿਲਾ ਫਰੈਕਾ ਵਿਰੋਨਾ, ਕਲਗੀਧਰ ਸਪੋਰਟਸ ਕਲੱਬ ਮਾਨਤੋਵਾ, ਪੰਜਾਬੀ ਵਿਰਸਾ ਸਪੋਰਟਸ ਐਂਡ ਕਲਚਰਲ ਕਲੱਬ ਬਿਲਾਫਰੈਕਾ (ਵਿਰੋਨਾ), ਹੈਦਰੀ ਸਪੋਰਟਸ ਕਲੱਬ ਇਟਲੀ ਆਦਿ ਨੇ ਹਿੱਸਾ ਲਿਆ। ਇਸ ਖੇਡ ਮੇਲੇ ਦੀ ਸੁਰੂਆਤ ਜੰਗ ਸਪੋਰਟਸ ਕਲੱਬ ਪੋਰਦੀਨੋਨੇ ਅਤੇ ਅਤੇ ਪੰਜਾਬੀ ਵਿਰਸਾ ਸਪੋਰਟਸ ਕਲੱਬ ਬਿਲਾਫਰਾਕਾ ਵਿਰੋਨਾ ਦੇ ਮੈਂਚ ਨਾਲ ਹੋਈ ਜਿਸ ਵਿਚਜੰਗ ਸਪੋਰਟਸ ਕਲੱਬ ਪੋਰਦੀਨੋਨੇਜੇਤੂ ਰਹੀ ਉਪਰੰਤ ਕਬੱਡੀ ਦੇ ਖੇਡ ਮੁਕਾਬਲੇ ਲਗਾਤਰ ਨਿਰਵਿਘਨ ਚਲਦੇ ਰਹੇ।ਇਸ ਖੇਡ ਮੇਲੇ ਚ ਹੋਏ ਫਾਈਨਲ ਜਬਰਦਸਤ ਅਤੇ ਦਿਲਚਪਸ ਟੀਮ ਨੂੰ 2100 ਯੂਰੋ ਨਕਦ ਅਤੇ ਸ਼ਾਨਦਾਰ ਕੱਪ ਦੇ ਕੇ ਕਲੱਬ ਵਲੋ ਸਨਮਾਨਿਤ ਕੀਤਾ ਅਤੇ ਉਪ-ਜੇਤੂ ਟੀਮ ਨੂੰ 1800 ਯੂਰੋ ਅਤੇ ਯਾਦਗਾਰੀ ਕੱਪ ਦੇ ਕੇ ਨਿਵਾਜਿਆ।ਇਸ ਮੋਕੇ ਬੱਚਿਆਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਲਈ 5,7, ਅਤੇ 9 ਸਾਲ ਦੀ ਉਮਰ ਦੇ ਬੱਚਿਆਂ ਦੀਆਂ ਦੌੜਾ ਕਰਵਾਈਆਂ ਗਈਆਂ। ।ਕਲੱਬ ਵਲੋ ਜੇਤੂ ਬੱਚਿਆਂ ਨੂੰ ਸ਼ਾਨਦਾਰ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆਂ। ।ਖੇਡ ਮੇਲੇ ਦੀ ਕੁਮੈਂਟਰੀ ਕਰਦਿਆ ਯੂਰਪ ਦੇ ਉਘੇ ਖੇਡ ਕੁਮੈਂਟਰ ਬੱਬੂ ਜਲੰਧਰੀਆ ਨੇ ਖੂਬਸੂਰਤ ,ਵਿਅੰਗਮਈ ਅੰਦਾਜ ਅਤੇ ਸ਼ੇਅਰੋ-ਸ਼ੇਅਰੀ ਨਾਲ ਦਰਸ਼ਕਾਂ ਨੂੰ ਕੀਲੀ ਰੱਖਿਆ।ਕਬੱਡੀ ਦੀ ਜੇਤੂ ਟੀਮ ਵਲੋ ਜਿੱਤ ਦੀ ਖੁਸ਼ੀ 'ਚ ਭੰਗੜੇ ਪਾ ਕੇ ਜਸ਼ਨ ਮਨਾਏ ਗਏ।ਕਲੱਬ ਪ੍ਰਧਾਨ ਗੁਰਿੰਦਰ ਸਿੰਘ ਚੈੜੀਆਂ ਨੇ ਮੇਲੇ ਦੇ ਸਫਲਤਾ ਪੂਰਵਕ ਨਿਬੜਨ ਤੇ ਸਮੂੰਹ ਖੇਡ ਲੱਬਾਂ, ਖਿਡਾਰੀਆਂ,ਅਤੇ ਖੇਡ ਪ੍ਰੇਮੀਆਂ ਦਾ ਧੰਨਵਾਦ ਕੀਤਾ।ਇਸ ਮੋਕੇ ਤੇ ਹੋਰਨਾਂ ਤੋ ਇਲਾਵਾ, ਸ ਨਿਰਮਲ ਸਿੰਘ ਖਹਿਰਾ, ਸ੍ਰੀ ਅਨਿਲ ਕੁਮਾਰ ਸ਼ਰਮਾ, ਸ ਸਤਵਿੰਦਰ ਸਿੰਘ ਟੀਟਾ, ਆਦਿ ਹਾਜਰ ਸਨ।

**ਫੋਟੋ– ਇੰਦਰਜੀਤ ਸਿੰਘ ਲੁਗਾਣਾ**




# 15ਵੀਂ ਸਾਲਗਿਰਾ ਮੌਕੇ ਰੇਡੀਓ ਸਪਾਈਸ ਦੇ ਵਿਹੜੇ ਸ਼ੁੱਭ ਕਾਮਨਾਵਾਂ ਦੀਆਂ ਲੱਗੀਆਂ ਨੌਕਰੀਆ, ਮਾਤਾਵਾਂ ਹੱਥੋਂ ਕਟਵਾਇਆ ਕੇਕ





**ਔਕਲੈਂਡ, (ਹਰਜਿੰਦਰ ਸਿੰਘ ਬਸਿਆਲ)–** ਨਿਊਜ਼ੀਲੈਂਡ ਦੇ ਵਿਚ ਪਹਿਲੇ 24 ਘੰਟੇ ਚੱਲਣ ਵਾਲੇ ਪੰਜਾਬੀ ਰੇਡੀਓ 'ਰੇਡੀਓ ਸਪਾਈਸ' ਦੀ ਸ਼ੁਰੂਆਤ ਇਥੇ ਦੇ ਜੰਮਪਲ ਸ।.ਨਵਤੇਜ ਸਿੰਘ ਰੰਧਾਵਾ, ਸ. ਪਰਮਿੰਦਰ ਸਿੰਘ ਪਾਪਾਟੋਏਟੋਏ, ਸ. ਹਰਪ੍ਰੀਤ ਸਿੰਘ ਹੈਪੀ ਅਤੇ ਸ. ਗੁਰਸਿਮਰਨ ਸਿੰਘ ਮਿੰਟੂ ਦੇ ਸਾਂਝੇ ਉਦਮ ਸਦਕਾ 5 ਮਈ 2009 ਨੂੰ ਹੋਈ ਸੀ। ਅੱਜ ਇਨ੍ਹਾਂ ਪੰਜਾਬੀ ਰੇਡੀਓ ਤਰੰਗਾ ਨੂੰ ਨਿਊਜ਼ੀਲੈਂਡ ਦੀ ਫਿਜ਼ਾ ਵਿਚ ਰੁਮਕਦਿਆਂ 78 ਲੱਖ 89 ਹਜ਼ਾਰ 760 ਮਿੰਟ ਹੋ ਗਏ ਹਨ। ਅੱਜ ਰੇਡੀਓ ਸਪਾਈਸ ਦੇ ਵਿਹੜੇ ਕਮਿਊਨਿਟੀ ਪ੍ਰਤੀਨਿਧਾਂ, ਸਪਾਂਸਰਜ਼, ਪੇਸ਼ਕਾਰਾਂ ਅਤੇ ਕਮਿਊਨਿਟੀ ਦਾ ਨਾਂਅ ਚਮਕਾਉਣ ਵਾਲੀਆਂ ਸਭਿਆਚਾਰਕ ਟੀਮਾਂ ਦਰਮਿਆਨ ਜਿੱਥੇ 15ਵੀਂ ਸਾਲਗਿਰਾ ਦਾ ਕੇਕ ਮਾਤਾਵਾਂ ਦੇ ਹੱਥਾਂ ਨਾਲ ਕਟਵਾਇਆ ਗਿਆ ਉਥੇ ਮਾਣਯੋਗ ਸਖਸ਼ੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਉਪਰੋਕਤ ਰੇਡੀਓ ਪੇਸ਼ਕਾਰਾਂ ਤੋਂ ਇਲਾਵਾ ਨਿਊਜ਼ੀਲੈਂਡ ਸਿੱਖ ਖੇਡਾਂ ਦੀ ਟੀਮ ਤੋਂ ਸ. ਤਾਰਾ ਸਿੰਘ ਬੈਂਸ, ਇੰਡੋ ਸਪਾਈਸ ਵਰਲਡ ਤੋਂ ਸ. ਤੀਰਥ ਸਿੰਘ ਅਟਵਾਲ, ਸ. ਅਜੀਤ ਸਿੰਘ ਰੰਧਾਵਾ, ਸ੍ਰੀ ਜੀਤ ਸੱਚਦੇਵਾ, ਸਾਂਸਦ ਡਾ. ਪਰਮਜੀਤ ਕੌਰ ਪਰਮਾਰ, ਰੇਡੀਓ ਪੇਸ਼ਕਾਰਾ ਮੈਡਮ ਸੁਰਿੰਦਰ ਗਰਚਾ, ਮੈਡਮ ਇੰਦੂ ਬਾਜਵਾ, ਏਥਨਿਕ ਪੁਲਿਸ ਮਹਿਕਮੇ ਤੋਂ ਮੈਡਮ ਜੈਸਿਕਾ ਫੌਂਗ, ਪੁਲਿਸ ਅਫ਼ਸਰ ਸ. ਗੁਲਾਬ ਸਿੰਘ, ਸ. ਹਰਜਿੰਦਰ ਸਿੰਘ ਬਸਿਆਲਾ, ਸ. ਸ਼ਰਨਜੀਤ ਸਿੰਘ ਡੇਲੀ ਖਬਰ, ਗਾਇਕ ਬੰਸੀ ਬਰਨਾਲਾ ਅਤੇ ਹੋਰ ਬਹੁਤ ਸਾਰੇ ਪਤਵੰਤੇ ਸੱਜਣਾਂ ਨੇ ਵਧਾਈ ਦਿੱਤੀ।



ਆਸਟਰੇਲੀਆ ਤੋਂ ਗਿੱਧੇ ਭੰਗੜੇ ਦੇ ਮੁਕਾਬਲੇ ਜਿੱਤ ਕੇ ਆਈਆਂ ਟੀਮਾਂ ਦੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਸ. ਤੀਰਥ ਸਿੰਘ ਅਟਵਾਲ ਨੇ ਘੜੀਆਂ ਦੀਆਂ ਸੌਗਾਤਾਂ ਵੰਡੀਆ। ਗਾਇਕ ਬੰਸੀ ਬਰਨਾਲਾ ਅਤੇ ਸ. ਤੀਰਥ ਸਿੰਘ ਅਟਵਾਲ ਨੂੰ ਰੇਡੀਓ ਸਪਾਈਸ ਵੱਲੋਂ ਯਾਦਗਾਰੀ ਚਿੰਨ੍ਹਾਂ ਦੇ ਕੇ ਸਨਮਾਨਿਤ ਕੀਤਾ ਗਿਆ। ਹੇਸਟਿੰਗਜ਼ ਤੋਂ ਸ੍ਰੀ ਮਨਜੀਤ ਸੰਧੂ ਤੇ ਸ। ਸੁਖਦੀਪ ਸਿੰਘ, ਬਾਰਫੁਟ ਪਾਪਾਟੋਏਟੋਏ ਤੋਂ ਸੇਲਜ਼ ਮੈਨੇਜਰ ਸ. ਗੁਰਬੀਰ ਸਿੰਘ ਸੋਢੀ, ਸ. ਰਘਬੀਰ ਸਿੰਘ ਜੇ.ਪੀ, ਰਿੱਚੀਜ਼ ਬੱਸ ਸਰਵਿਸ ਤੋਂ ਕੈਮ ਸਿੰਘ, ਸ. ਦਲਬੀਰ ਸਿੰਘ ਲਸਾੜਾ, ਹਰਵਿੰਦਰ ਸਿੰਘ ਡੈਨੀ, ਜੇ.ਪੀ. ਸਹੋਤਾ, ਪ੍ਰੋ. ਮਨਜੀਤ ਸਿੰਘ, ਰੇਡੀਓ ਪੇਸ਼ਕਾਰਾ ਹਰਜੀਤ ਕੌਰ, ਭੰਗੜਾ ਕੋਚ ਗੁਰਪ੍ਰੀਤ ਸੈਣੀ, ਸੰਨੀ ਕੌਸ਼ਿਲ, ਅਵਤਾਰ ਤਰਕਸ਼ੀਲ, ਜਗਦੀਪ ਸਿੰਘ ਮਠਾੜੂ, ਸ. ਦਲਜੀਤ ਸਿੰਘ ਸਿੱਧੂ, ਸ. ਗੁਰਵਿੰਦਰ ਸਿੰਘ ਔਲਖ, ਸ. ਗੁਰਜਿੰਦਰ ਸਿੰਘ ਘੁੰਮਣ, ਸ. ਵਰਿੰਦਰ ਸਿੰਘ ਬਰੇਲੀ ਵਿਸ਼ੇਸ਼ ਤੌਰ ਉਤੇ ਪਹੁੰਚੇ। ਹਲਵਾਈ ਸਵੀਟ ਸ਼ਾਪ ਤੋਂ ਰਮਨ ਸੈਣੀ ਹੋਰਾਂ ਨੇ ਜਲੇਬੀਆਂ, ਅਤੇ ਭਟੂਰਿਆਂ ਦਾ ਲੰਗਰ ਖੂਬ ਵਰਤਾਇਆ। ਬਹੁਤ ਸਾਰੇ ਮਹਿਮਾਨ ਵੀ ਗਿਫਟ ਲੈ ਕੇ ਪਹੁੰਚੇ। ਇਸ ਤਰ੍ਹਾਂ ਅੱਜ ਦਾ ਇਹ ਸਮਾਗਮ ਰੇਡੀਓ ਸਪਾਈਸ ਟੀਮ ਨੂੰ 16ਵੇਂ ਸਾਲ ਦੇ ਅਗਲੇਰੇ ਸਫ਼ਰ ਵੱਲ ਤੋਰਦਿਆਂ ਪੰਜਾਬ, ਪੰਜਾਬੀ, ਪੰਜਾਬੀਅਤ ਅਤੇ ਸਭਿਆਚਾਰ ਦੀਆਂ ਤਰੰਗਾ ਬਿਖੇਰਨ ਵਾਸਤੇ ਸ਼ੁੱਭ ਕਾਮਨਾਵਾਂ ਦੇ ਗਿਆ।

# ਪ੍ਰਵਾਸੀ ਨੇ ਵਿੱਛੜੇ ਵੀਰ ਦੀ ਯਾਦ 'ਚ ਬੀਰੋਵਾ.ਲ ਵਿਖੇ ਖ਼ੂਨਦਾਨ ਕੈਂਪ ਲਾਇਆ !

**ਨਵਾਂਸ਼ਹਿਰ (ਤਰਲੋਚਨ ਸਿੰਘ ਦੁਪਾਲ ਪੁਰ)** ਦੁਆਬੇ ਦੇ ਪ੍ਰਸਿੱਧ ਪਿੰਡ ਬੀਰੋਵਾਲ ਦੇ ਸਾਬਕਾ ਸਰਪੰਚ ਇਕਬਾਲ ਸਿੰਘ ਵਿਰਕ,ਜੋ ਪਿਛਲੇ ਸਾਲ ਭਰ ਜਵਾਨੀ ਵਿੱਚ ਅਚਾਨਕ ਅਕਾਲ ਚਲਾਣਾ ਕਰ ਗਏ ਸਨ,ਉਨ੍ਹਾਂ ਦੇ ਅਮਰੀਕਾ ਰਹਿੰਦੇ ਛੋਟੇ ਵੀਰ ਜਸਪਾਲ ਸਿੰਘ ਵਿਰਕ ਨੇ ਬੀਤੇ ਦਿਨੀਂ ਪਿੰਡ ਬੀਰੋਵਾਲ ਪਹੁੰਚ ਕੇ ਗੁਰਦੁਆਰਾ ਸਾਹਿਬ ਵਿਖੇ ਖ਼ੂਨਦਾਨ ਕੈਂਪ ਆਯੋਜਿਤ ਕੀਤਾ! ਬਲੱਡ ਬੈਂਕ ਨਵਾਂਸ਼ਹਿਰ ਦੀ ਟੀਮ ਦੇ ਸਹਿਯੋਗ ਨਾਲ ਇਸ ਪਿੰਡ ਵਿੱਚ ਪਹਿਲੀ ਵਾਰ ਲੱਗੇ ਇਸ ਖ਼ੂਨਦਾਨ ਕੈਂਪ ਵਿੱਚ ਪਿੰਡ ਵਾਸੀਆਂ ਦੇ ਨਾ.ਲ ਨਾ.ਲ ਇਲਾਕੇ ਭਰ ਦੇ ਨੌਜਵਾਨਾਂ ਨੇ ਭਰਪੂਰ ਮਿਲਵਰਤਣ ਦਿੱਤਾ। ਇਸ ਮੌਕੇ ਸਾਬਕਾ ਵਿਧਾਨਕਾਰ ਬੀਬੀ ਗੁਰਇਕਬਾਲ ਕੌਰ ਬਬਲੀ, ਤਰਲੋਚਨ ਸਿੰਘ ਦੁਪਾਲ ਪੁਰ ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ ਅਤੇ ਇਲਾਕੇ ਦੇ ਪਿੰਡਾਂ ਤੋਂ ਪੰਚ-ਸਰਪੰਚਾਂ ਤੇ ਕਈ ਸਿਰਕਰਦਾ ਸਖਸ਼ੀਅਤਾਂ ਹਾਜ਼ਰ ਸਨ। ਯਾਦ ਰਹੇ ਜਸਪਾਲ ਸਿੰਘ ਵਿਰਕ ਨੇ ਅਮਰੀਕਾ ਤੋਂ ਇਲਾਵਾ ਆਪਣੀ ਜੰਮਣ ਭੋਇੰ ਪੰਜਾਬ ਦੇ ਮੋਹ ਸਦਕਾ ਨਵਾਂ ਸ਼ਹਿਰ ਵਿਖੇ ਵੀ ਕਾਰੋਬਾਰ ਸ਼ੁਰੂ ਕਰ ਦਿੱਤਾ ਹੈ।






KB USED AUTO SALES



8655 B Monterey Street Gilroy, CA 95020

Kashmiri Bhatia, Dealer/Broker 408-848-2365

50% OFF WARRANTY with Qualifying Car Purchase

IN HOUSE FINANCING AVALIABLE www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

K&K AUTO REPAIR and Car Wash

63 Muckelemi St San Juan Bautista 95045

Kashmiri Bhatia (Owner) 831-623-4702

20% OFF LABOUR on your next qualifying service

Car Care You Can Trust

ਹਲਕਾ ਲੋਕ ਸਭਾ ਲੁਧਿਆਣਾ

# ਪੱਪੀ ਪਰਾਸ਼ਰ ਨੇ ਜਰਖੜ, ਸੰਗੋਵਾਲ, ਰਣੀਆ, ਕੈਂਡ, ਜੱਸੋਵਾਲ, ਖੇੜੀ ਵਿਖੇ ਕੀਤਾ ਵੱਡੇ ਚੋਣ ਜਲਸਿਆਂ ਨੂੰ ਸੰਬੋਧਨ





**ਲੁਧਿਆਣਾ–** ਆਮ ਆਦਮੀ ਪਾਰਟੀ ਦੇ ਲੁਧਿਆਣਾ ਲੋਕ ਸਭਾ ਹਲਕੇ ਤੋਂ ਚੋਣ ਲੜ ਰਹੇ ਉਮੀਦਵਾਰ ਸ੍ਰੀ ਅਸ਼ੋਕ ਪਰਾਸ਼ਰ ਪੱਪੀ ਸ਼ਾਹਪੁਰੀਆ ਦੇ ਹੱਕ ਵਿੱਚ ਹਲਕਾ ਗਿੱਲ ਦੇ ਪਿੰਡ ਸੰਗੋਵਾਲ, ਜਰਖੜ, ਰਣੀਆਂ, ਕੈਂਡ, ਜੱਸੋਵਾਲ, ਖੇੜੀ ਆਦਿ ਪਿੰਡਾਂ ਦੇ ਵਿੱਚ ਹੋਏ ਵੱਡੇ ਚੋਣ ਜਲਸਿਆਂ ਨੂੰ ਸੰਬੋਧਨ ਕਰਦਿਆਂ ਸ੍ਰੀ ਅਸ਼ੋਕ ਪ੍ਰਾਸਰ ਪੱਪੀ ਸ਼ਾਹਪੁਰੀਆ ਅਤੇ ਹਲਕਾ ਗਿੱਲ ਦੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ ਆਖਿਆ ਕਿ ਲੋਕ ਸਭਾ ਚੋਣ ਜਿੱਤਣ ਤੋਂ ਬਾਅਦ ਹਲਕਾ ਗਿੱਲ ਦੀ ਨੁਹਾਰ ਬਦਲੇਗੀ ਐਮਪੀ ਕੋਟੇ ਦੇ ਅਖਤਿਆਰੀ ਫੰਡ ਵੱਡੇ ਪੱਧਰ ਤੇ ਹਲਕਾ ਗਿੱਲ ਦੇ ਵਿਕਾਸ ਉੱਤੇ ਲਾਏ ਜਾਣਗੇ।

ਪਿੰਡ ਜਰਖੜ ਅਤੇ ਸੰਗੋਵਾਲ ਵਿਖੇ ਇੱਕ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਸ੍ਰੀ ਅਸ਼ੋਕ ਪਰਾਸ਼ਰ ਪੱਪੀ ਸ਼ਾਹਪੁਰੀਆ ਨੇ ਆਖਿਆ ਕਿ ਹੁਣ ਤੱਕ ਰਵਾਇਤੀ ਪਾਰਟੀਆਂ ਨੇ ਸਵਾਏ ਲਾਰਿਆਂ ਤੋਂ ਪੰਜਾਬ ਨੂੰ ਕੁਝ ਨਹੀਂ ਦਿੱਤਾ ਹੈ ਜਦ ਕਿ ਆਮ ਆਦਮੀ ਪਾਰਟੀ ਨੇ ਲੋਕਾਂ ਨਾਲ ਆਪਣੇ ਕੀਤੇ 90% ਵਾਅਦੇ ਪੂਰੇ ਕਰ ਦਿੱਤੇ ਹਨ ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ ਆਖਿਆ ਕਿ ਬਿਜਲੀ ਬਿਲਾਂ ਦੀ ਮਾਫੀ, ਮਹੱਲਾ ਕਲੀਨਿਕ ਦੀ ਸਹੂਲਤ ਟੋਲ ਪਲਾਜੇ ਬੰਦ ਹੋਣਾ ਸੂਏ ਕੱਸੀਆਂ ਦਾ ਪੱਕੇ ਹੋਣਾ, ਨੌਜਵਾਨਾਂ ਲਈ 42 ਹਜਾਰ ਨੌਕਰੀਆਂ ਦਾ ਮਿਲਣਾ ਕਿਸਾਨਾਂ ਦੀਆਂ ਫਸਲਾਂ ਦੇ ਮੰਡੀਆਂ ਵਿੱਚ ਵਧੀਆ ਪ੍ਰਬੰਧ ਹੋਣਾ, ਵਿਧਾਇਕਾਂ ਦੀਆਂ ਵਾਧੂ ਪੈਨਸਨਾਂ ਬੰਦ ਕਰਨਾ ਅਤੇ ਖਿਡਾਰੀਆਂ ਲਈ ਚੰਗੀਆਂ ਨੌਕਰੀਆਂ ਦੇਣਾ ਆਦਿ ਵਿਕਾਸ ਕੰਮਾਂ ਦੇ ਅਧਾਰ ਤੇ ਆਮ ਆਦਮੀ ਪਾਰਟੀ ਲੋਕਾਂ ਤੋਂ ਵੋਟਾਂ ਮੰਗ ਰਹੀ ਹੈ। ਉਹਨਾਂ ਆਖਿਆ ਕਿ 2027 ਤੱਕ ਹਲਕਾ ਗਿੱਲ ਵਿਕਾਸ ਪੱਖੋਂ ਇੱਕ ਨਮੂਨੇ ਦਾ ਹਲਕਾ ਹੋਵੇਗਾ। ਇਸ ਮੌਕੇ ਹੋਰ ਵੱਖ ਵੱਖ ਚੋਣ ਜਲਸਿਆਂ ਨੂੰ ਜਗਰੂਪ ਸਿੰਘ ਜਰਖੜ ਮੀਤ ਪ੍ਰਧਾਨ ਆਮ ਆਦਮੀ ਪਾਰਟੀ ਖੇਡ ਵਿੰਗ,ਮਨਜੀਤ ਸਿੰਘ ਬੁਟਹਾਰੀ, ਦਾਰਾ ਸਿੰਘ ਸੰਗੋਵਾਲ, ਸ਼ਿੰਦਾ ਲਹਿਰਾ, ਜਗਦੀਪ ਸਿੰਘ ਕਾਲਾ ਘਵੱਦੀ ਆਦਿ ਹੋਰ ਬੁਲਾਰਿਆਂ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਮਨਮੋਹਣ ਸਿੰਘ ਪੱਪੂ ਕਾਲਖ, ਗੁਰਜੀਤ ਸਿੰਘ ਗਿੱਲ ਲਾਦੀਆਂ, ਜਸਵਿੰਦਰ ਸਿੰਘ ਜੱਸੀ ਪੀਏ, ਰਘਵੀਰ ਸਿੰਘ ਖਾਨਪੁਰ, ਸੰਦੀਪ ਸਿੰਘ ਪੰਧੇਰ ਜਰਖੜ, ਸਾਬੀ ਜਰਖੜ, ਕੁਲਦੀਪ ਸਿੰਘ ਘਵੱਦੀ, ਸੁਖਦੇਵ ਸਿੰਘ ਡੇਹਲੋ, ਦਵਿੰਦਰ ਪਾਲ ਸਿੰਘ ਲਾਡੀ ਸੰਗੋਵਾਲ, ਰਜਿੰਦਰ ਸਿੰਘ ਮੰਤਰੀ, ਕਰਤਾਰ ਸਿੰਘ ਸੰਗੋਵਾਲ, ਬਾਬਾ ਨਿਰਮਲ ਸਿੰਘ ਸੰਗੋਵਾਲ ਗੁਰਵਿੰਦਰ ਸਿੰਘ ਕੈਂਡ, ਬੰਤ ਸਿੰਘ ਜੱਸੋਵਾਲ, ਜਗਜੀਤ ਸਿੰਘ ਜਸੋਵਾਲ, ਮਹਿੰਦਰ ਸਿੰਘ ਕੈਂਡ, ਲਾਲਾ ਜੱਸੋਵਾਲ, ਨੀਟੂ ਜੱਸੋਵਾਲ, ਸ਼ੋਮਾ ਖੇੜੀ ,ਕਿੰਦਾ ਖੇੜੀ ਸੋਨੀ ਗਿੱਲ, ਗੁਰਪਾਲ ਸਿੰਘ ਖੇੜੀ, ਸ਼ਿੰਗਾਰਾ ਸਿੰਘ ਜਰਖੜ, ਸੋਨੂ ਗਿੱਲ ਆਦਿ ਇਲਾਕੇ ਦੇ ਪਤਵੰਤੇ ਪੰਚ ਸਰਪੰਚ ਅਤੇ ਉਹ ਆਮ ਆਦਮੀ ਪਾਰਟੀ ਦੇ ਹੋਰ ਆਗੂ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਇਸ ਮੌਕੇ ਸ੍ਰੀ ਅਸ਼ੋਕ ਪਰਾਸ਼ਰ ਪੱਪੀ ਸ਼ਾਹਪੁਰੀਆ ਨੇ ਪਿੰਡ ਸਰੀਂਹ ਵਿਖੇ ਸਵਰਗੀ ਜੀਤ ਸਿੰਘ ਦੀ ਬੇਵਕਤੀ ਮੌਤ ਤੇ ਆਪਣੀ ਹਾਜ਼ਰੀ ਭਰਦਿਆਂ ਵਿਦੇਸ਼ਾਂ ਪਰਿਵਾਰ ਨਾਲ ਦੁੱਖ ਵੀ ਸਾਂਝਾ ਕੀਤਾ।

# ਸ਼੍ਰੀ ਅਨੰਦਪੁਰ ਸਾਹਿਬ ਲੋਕ ਸਭਾ ਤੋਂ ਬਸਪਾ ਪੰਜਾਬ ਸੂਬਾ ਪ੍ਰਧਾਨ ਜਸਵੀਰ ਸਿੰਘ ਗੜੀ ਹੋਣਗੇ ਉਮੀਦਵਾਰ - ਰਣਧੀਰ ਸਿੰਘ ਬੈਣੀਵਾਲ

**ਫਗਵਾੜਾ–** ਬਹੁਜਨ ਸਮਾਜ ਪਾਰਟੀ ਪੰਜਾਬ ਚੰਡੀਗੜ੍ਹ ਹਿਮਾਚਲ ਪ੍ਰਦੇਸ਼ ਦੇ ਇੰ-ਚਾਰਜ ਸ੍ਰੀ ਰਣਧੀਰ ਸਿੰਘ ਬੈਨੀਵਾਲ ਜੀ ਨੇ ਪ੍ਰੈਸ ਪ੍ਰੈਸ ਕਾਨਫਰਸ ਨੂੰ ਸੰਬੋਧਨ ਕਰਦੇਆਂ ਕਿਹਾ ਕਿ ਬਹੁਜਨ ਸਮਾਜ ਪਾਰਟੀ ਦੀ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਦੇ ਆਦੇਸ਼ਾਂ ਅਨੁਸਾਰ ਲੋਕ ਸਭਾ ਸ਼੍ਰੀ ਅਨੰਦਪੁਰ ਸਾਹਿਬ ਤੋਂ ਬਸਪਾ ਪੰਜਾਬ ਦੇ ਸੂਬਾ ਪ੍ਰਧਾਨ ਸਰਦਾਰ ਜਸਬੀਰ ਸਿੰਘ ਗੜੀ ਉਮੀਦਵਾਰ ਹੋਣਗੇ। ਸ੍ਰੀ ਰਣਧੀਰ ਸਿੰਘ ਬੈਨੀਵਾਲ ਜੀ ਨੇ ਕਿਹਾ ਕਿ ਇਸ ਨਾਲ ਬਹੁਜਨ ਸਮਾਜ ਪਾਰਟੀ ਵੱਲੋਂ 13 ਉਮੀਦਵਾਰਾਂ ਪੰਜਾਬ ਵਿੱਚ ਘੋਸ਼ਿਤ ਕੀਤੇ ਜਾ ਚੁੱਕੇ ਹਨ। ਸ੍ਰੀ ਬੇਨੀਵਾਲ ਜੀ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਐਲਾਨ ਦੇ ਨਾਲ ਹੀ ਬਹੁਜਨ ਸਮਾਜ ਪਾਰਟੀ ਵੱਲੋਂ 13 ਉਮੀਦਵਾਰਾਂ ਦੇ ਨਾਵਾਂ ਦੀ ਘੋਸ਼ਣਾ ਹੋ ਚੁੱਕੀ ਹੈ ਜਿਸ ਵਿੱਚ ਪਹਿਲਾਂ ਘੋਸ਼ਿਤ ਕੀਤੇ ਗਏ 12 ਉਮੀਦਵਾਰਾਂ ਵਿੱਚ ਹੁਸ਼ਿਆਰਪੁਰ ਤੋਂ ਸ਼੍ਰੀ ਰਕੇਸ਼ ਕੁਮਾਰ ਸੁਮਨ, ਫਿਰੋਜ਼ਪੁਰ ਤੋਂ ਸ਼੍ਰੀ ਸੁਰਿੰਦਰ ਕੰਬੋਜ, ਸੰਗਰੂਰ ਤੋਂ ਡਾਕਟਰ ਮੱਖਣ ਸਿੰਘ, ਪਟਿਆਲੇ ਤੋਂ ਜਗਜੀਤ ਸਿੰਘ ਛੜਬੜ, ਜਲੰਧਰ ਤੋਂ ਬਲਵਿੰਦਰ ਕੁਮਾਰ, ਫਰੀਦਕੋਟ ਤੋਂ ਗੁਰਬਖਸ਼ ਸਿੰਘ ਚੌਹਾਨ, ਬਠਿੰਡਾ ਤੋਂ ਲਖਵੀਰ ਸਿੰਘ ਨਿੱਕਾ ਫਤਿਹਗੜ੍ਹ ਸਾਹਿਬ ਤੋਂ ਕੁਲਵੰਤ ਸਿੰਘ ਮੈਹਤੋਂ, ਗੁਰਦਾਸਪੁਰ ਤੋਂ ਇੰਜੀਨੀਅਰ ਰਾਜ ਕੁਮਾਰ ਜਨੋਤਰਾ, ਲੁਧਿਆਣਾ ਤੋਂ ਸ਼੍ਰੀ ਦਵਿੰਦਰ ਸਿੰਘ ਪਨੇਸਰ ਰਾਮਗੜੀਆ, ਸ਼੍ਰੀ ਅੰਮ੍ਰਿਤਸਰ ਤੋਂ ਵਿਸ਼ਾਲ ਸਿੱਧੂ ਅਤੇ ਖੱਡੂਰ ਸਾਹਿਬ ਤੋਂ ਇੰਜੀ ਸਤਨਾਮ ਸਿੰਘ ਤੁੜ ਪ੍ਰਮੁੱਖ ਹਨ।



ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਸ਼੍ਰੀ ਅਨੰਦਪੁਰ ਸਾਹਿਬ ਲੋਕ ਸਭਾ ਇਤਿਹਾਸਿਕ ਭੂਮੀ ਹੈ ਜਿਸ ਵਿੱਚ ਬਸਪਾ ਦੇ ਬਾਨੀ ਸਾਹਿਬ ਕਾਂਸ਼ੀ ਰਾਮ ਜੀ ਦੀ ਜਨਮ ਭੂਮੀ ਤੇ ਕਰਮ ਭੂਮੀ ਰੂਪਨਗਰ ਆਉਂਦੀ ਹੈ। ਸ਼੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੀ ਚਰਨ ਛੋਹ ਪ੍ਰਾਪਤ ਧਰਤੀ ਖੁਰਾਲਗੜ੍ਹ ਸਾਹਿਬ, ਖਾਲਸਾ ਪੰਥ ਦੀ ਸਾਜਨਾ ਭੂਮੀ ਸ਼੍ਰੀ ਅਨੰਦਪੁਰ ਸਾਹਿਬ, ਗਰੀਬ ਦਲਿਤ ਸਿੱਖ ਦੇ ਸਿਰ ਤੇ ਕਲਗੀ ਸ਼੍ਰੀ ਚਮਕੌਰ ਸਾਹਿਬ ਵਿਖੇ ਲਗਾਉਣ ਦੀ ਧਰਤੀ, ਮਨੂੰਵਾਦ ਦੀ ਪਹਾੜੀ ਰਾਜਿਆਂ ਦੀ ਸੋਚ ਨਾਲ ਲੜਨ ਵਾਲੇ ਗਰੀਬ ਭਾਈ ਬਚਿੱਤਰ ਸਿੰਘ ਦੀ ਧਰਤੀ, ਬਰਤਾਨੀਆ ਦੀ ਗੋਰੀ ਸਰਕਾਰ ਦੇ ਬੋਲੇ ਕੰਨ ਖੋਲਣ ਵਾਲੇ ਸ਼ਹੀਦ ਦੇ ਆਜ਼ਮ ਸਰਦਾਰ ਭਗਤ ਸਿੰਘ ਦੀ ਧਰਤੀ, ਆਦਿ ਧਰਮ ਅੰਦੋਲਨ ਦੇ ਬਾਨੀ ਬਾਬੂ ਮੰਗੂਰਾਮ ਮੰਗੋਵਾਲ ਦੀ ਧਰਤੀ, ਸੂਬਾ ਸਰਹੰਦ ਦੀ ਅਲਖ ਮੁਕਾਉਣ ਵਾਲੇ ਜੰਗ ਬਾਬਾ ਬੰਦਾ ਸਿੰਘ ਬਹਾਦਰ ਤੇ ਚੱਪੜਚਿੜੀ ਦੀ ਧਰਤੀ, ਗਿਆਨੀ ਦਿੱਤ ਸਿੰਘ ਜੀ ਦੀ ਕਰਮ ਭੂਮੀ ਅਤੇ ਗਦਰ ਲਹਿਰ ਤੋਂ ਬਾਅਦ ਪੰਜਾਬ ਵਿੱਚ ਗੋਰੀ ਸਰਕਾਰ ਖਿਲਾਫ ਚਲਦੀ ਬੱਬਰ ਅੰਦੋਲਨ ਦੀ ਭੂਮੀ ਨਵਾਂਸ਼ਹਿਰ ਇਸ ਖਿੱਤੇ ਵਿੱਚ ਆਉਂਦੀ ਹੈ। ਕੁਮਾਰੀ ਮਾਇਆਵਤੀ ਜੀ ਨੇ ਇਸ ਲੋਕ ਸਭਾ ਤੋਂ ਚੋਣ ਲੜਨ ਦੀ ਜਿੰਮੇਵਾਰੀ ਦੇ ਕੇ ਇਸ ਇਤਿਹਾਸਿਕ ਭੂਮੀ ਕੇ ਇਤਿਹਾਸ ਸਿਰਜਣ ਦੀ ਜੋ ਜਿੰਮੇਵਾਰੀ ਕੀਤੀ ਹੈ ਉਸ ਨੂੰ ਤਨਦੇਹੀ ਨਾਲ ਪੂਰਾ ਕਰਕੇ ਪਾਰਟੀ ਨੂੰ ਜੇਤੂ ਬਣਾਇਆ ਜਾਏਗਾ।

> ਇਸ ਮੌਕੇ ਬਹੁਜਨ ਸਮਾਜ ਪਾਰਟੀ ਪੰਜਾਬ ਚੰਡੀਗੜ੍ਹ ਦੇ ਤਿੰਨੋਂ ਇੰਚਾਰਜ ਸ਼੍ਰੀ ਵਿਪੁਲ ਕੁਮਾਰ ਜੀ, ਇੰਚਾਰਜ ਵਿਧਾਇਕ ਡਾਕਟਰ ਨਛੱਤਰਪਾਲ ਜੀ, ਇੰਚਾਰਜ ਸ਼੍ਰੀ ਅਜੀਤ ਸਿੰਘ ਭੈਣੀ, ਸੂਬਾ ਜਨਰਲ ਸਕੱਤਰ ਰਾਜਾ ਰਜਿੰਦਰ ਸਿੰਘ ਨਨਹੇਰੀਆ, ਜਨਰਲ ਸਕੱਤਰ ਸ਼੍ਰੀ ਪ੍ਰਵੀਨ ਬੰਗਾ, ਜਨਰਲ ਸਕੱਤਰ ਸ਼੍ਰੀ ਗੁਰਲਾਲ ਸੈਲਾ, ਜਨਰਲ ਸਕੱਤਰ ਠੇਕੇਦਾਰ ਰਜਿੰਦਰ ਸਿੰਘ, ਠੇਕੇਦਾਰ ਬ੍ਰਿਜਪਾਲ ਚੰਡੀਗੜ੍ਹ ਹਾਜ਼ਰ ਸਨ।

# ਆਮ ਆਦਮੀ ਪਾਰਟੀ ਉਮੀਦਵਾਰ ਕੁਲਦੀਪ ਸਿੰਘ ਧਾਰੀਵਾਲ ਵਲੋ ਸਫਲਤਾਪੂਵਕ ਰੈਲੀ ਕੀਤੀ ਗਈ

**ਅੰਮ੍ਰਿਤਸਰ (ਜਸਪਾਲ ਕੁਮਾਰ ਅਜ਼ਾਦ)** –ਆਮ ਆਦਮੀ ਪਾਰਟੀ ਉਮੀਦਵਾਰ ਕੁਲਦੀਪ ਸਿੰਘ ਧਾਰੀਵਾਲ ਵਲੋ ਐਮ ਐਲ ਏ ਕੁੰਵਰ ਵਿਜੇ ਪ੍ਰਤਾਪ ਦੇ ਹਲਕਾ ਉਤਰੀ ਹਾਊਸਿੰਗ ਬੋਰਡ ਕਾਲੋਨੀ ਵਿਚ ਸਫਲਤਾਪੂਵਕ ਰੈਲੀ ਕੀਤੀ ਗਈ ਇਸ ਰੈਲੀ ਨੂੰ ਸਫਲ ਬਣਾਉਣ ਵਿੱਚ ਸ਼ਾਂਤੀ ਦੇਵੀ ਅਸੀਸਟੈਂਟ ਸੈਕਟਰੀ ਆਪ ਅਤੇ ਕੋ ਆਰਡੀਨੇਟਰ ਜਯੋਤੀ ਠਾਕੁਰ ਵਲੋ ਅਹਿਮ ਭੂਮਿਕਾ ਨਿਭਾਈ ਗਈ ਸ੍ਰੀ ਕੁਲਦੀਪ ਸਿੰਘ ਧਾਰੀਵਾਲ ਵਲੋਂ ਕਾਲੋਨੀ ਨੂੰ ਕਾਰਪੋਰੇਸ਼ਨ ਦੀ ਹੱਦਬੰਦੀ ਵਿਚ ਲਿਆਉਣ ਅਤੇ ਨਸ਼ਾ-ਮੁਕਤ ਕਰਨ ਦੀ ਗੱਲ ਆਖੀ ਗਈ ਅਗੋ ਬੋਲਦਿਆਂ ਓਹਨਾਂ ਵਲੋਂ ਆਖਿਆ ਗਿਆ ਕੇ ਕਲੋਨੀ ਦੇ ਰੁਕੇ ਹੋਏ ਕੰਮਾਂ ਨੂੰ ਜਲਦ ਪੂਰਾ ਕਰਵਾਇਆ ਜਾਵੇਗਾ ਐਮ ਐਲ ਏ ਕੁਵਰ ਵਿਜੈ ਪ੍ਰਤਾਪ ਵਲੋ ਬੋਲਦਿਆਂ ਆਖਿਆ ਗਿਆ ਕੇ ਅਸੀਂ ਪਰਜਾਤੰਤਰ ਵਿਚ ਰਹਿਣਾ ਪਸੰਦ ਕਰਦੇ ਹਾਂ ਭਾਵੇਂ ਇਹ ਰਸਤਾ ਕਠਿਨ ਹੈ ਪਰ ਅਸੀਂ ਲੋਕਾਂ ਦੀ ਸਮਸਿਆਵਾਂ ਨੂੰ ਜੜ੍ਹ ਤੋਂ ਖਤਮ ਕਰਨ ਦੀ ਸਮਰੱਥਾ ਰੱਖਦੇ ਹਾਂ ਇਸ ਰੈਲੀ ਵਿਚ ਰਾਜਿੰਦਰ ਪਲਹ੍ਹ ਚੀਫ਼ ਕੋ ਆਰਡੀਨੇਟਰ ਵਰਿੰਦਰ ਸਿੰਘ, ਅਸ਼ੂਮਨ ਖੰਨਾ, ਰਾਕੇਸ਼ ਗਿੱਲ, ਅਸ਼ੋਕ ਗਿੱਲ, ਸ਼ੇਲਾ, ਸਵਿੰਦਰ ਕੌਰ, ਰਾਜਵੰਤ ਕੌਰ, ਸ੍ਰੀ ਰਾਮ ਸੁਰੇਸ਼, ਜਸਪਾਲ, ਸੁਭਾਸ਼, ਚੰਦਰ ਜੀ ਆਦਿ ਸੈਂਕੜੇ ਦੀ ਤਾਦਾਦ ਵਿਚ ਸਮਰਥਕ ਹਾਜਿਰ ਰਹੇ।



# ਆਪ ਯੂਥ ਵਿੰਗ ਵੱਲੋਂ ਵਿਧਾਇਕ ਸੰਗੋਵਾਲ ਦੀ ਸਰਪ੍ਰਸਤੀ ਹੇਠ ਖੇਡਾਂ ਸਿੱਖਿਆ ਦੇ ਖੇਤਰ ਦੀਆਂ ਸ਼ਖਸੀਅਤਾਂ ਦਾ ਕੀਤਾ ਵਿਸ਼ੇਸ਼ ਸਨਮਾਨ

**ਲੁਧਿਆਣਾ (ਜਸਪਾਲ ਕੁਮਾਰ ਅਜ਼ਾਦ)** –ਆਮ ਆਦਮੀ ਪਾਰਟੀ ਯੂਥ ਵਿੰਗ ਵੱਲੋਂ ਹਲਕਾ ਗਿੱਲ ਦੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਦੀ ਅਗਵਾਈ ਹੇਠ ਖੇਡਾਂ ਸਿੱਖਿਆ ਅਤੇ ਸਮਾਜ ਸੇਵੀ ਖੇਤਰ ਵਿੱਚ ਆਪਣੀ ਵਧੀਆਂ ਸੇਵਾਵਾਂ ਦੇਣ ਬਦਲੇ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ। ਅੱਜ ਵਿਧਾਇਕ ਜੀਵਨ ਸਿੰਘ ਸੰਗੋਵਾਲ ਦੇ ਮੁੱਖ ਦਫਤਰ ਵਿਖੇ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਸਾਦੇ ਸਮਾਗਮ ਦੌਰਾਨ ਖੇਡਾਂ ਦੇ ਖੇਤਰ ਵਿੱਚ ਆਲ ਇੰਡੀਆ ਅੰਤਰ ਅੰਤਰ ਯੂਨੀਵਰਸਟੀ ਮੁਕਾਬਲਿਆਂ ਵਿੱਚ ਹਾਕੀ ਵਿੱਚ ਗੋਲਡ ਮੈਡਲ ਜਿੱਤਣ ਵਾਲੇ ਕੋਚ ਜਗਜੀਤ ਸਿੰਘ ਜੱਗੀ ਕਿਲਾ ਰਾਏਪੁਰ, ਸਿੱਖਿਆ ਦੇ ਖੇਤਰ ਵਿੱਚ ਇੱਕ ਆਮ ਸਧਾਰਨ ਪਰਿਵਾਰ ਵਿੱਚੋਂ ਉੱਠ ਕੇ ਪਿੰਡ ਜਰਖੜ ਦੇ ਹਰਜਿੰਦਰ ਸਿੰਘ ਦੀ ਬੇਟੀ ਸਤਵਿੰਦਰ ਕੌਰ ਜਿਸਨੇ ਐਮਐਸਸੀ ਦੀ ਡਿਗਰੀ ਹਾਸਿਲ ਕੀਤੀ ਨੂੰ ਵਿਸ਼ੇਸ਼ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਸਕੂਲਾਂ ਦੇ ਖੇਤਰ ਵਿੱਚ ਹਾਕੀ ਦੇ ਵਿੱਚ ਆਲ ਇੰਡੀਆ ਸਕੂਲੀ ਪੱਧਰ ਦੇ ਮੁਕਾਬਲਿਆਂ ਵਿੱਚ ਸੋਨ ਤਮਗਾ ਜਿੱਤਣ ਵਾਲਾ ਸੰਜੇ ਸਿੰਘ ਡੰਗੋਰਾ, ਸਕੂਲੀ ਪੱਧਰ ਦੇ ਮੁਕਾਬਲਿਆਂ ਵਿੱਚ ਕਬੱਡੀ ਦਾ ਉਭਰਦਾ ਖਿਡਾਰੀ ਕਰਨ ਜਸਪਾਲ ਬਾਂਗਰ ਇਸ ਤੋਂ ਇਲਾਵਾ ਸਮਾਜ ਸੇਵੀ ਕੰਮਾਂ ਵਿੱਚ ਆਪਣੀਆਂ ਵਧੀਆ ਸੇਵਾਵਾਂ ਦੇਣ ਵਾਲੇ ਬਾਬਾ ਜਗਦੇਵ ਸਿੰਘ ਜਰਖੜ ਨੂੰ ਵਿਸ਼ੇਸ਼ ਐਵਾਰਡਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ ਆਖਿਆ ਕਿ ਹਲਕਾ ਗਿੱਲ ਦੇ ਜੋ ਬੱਚੇ ਵੀ ਖੇਡਾਂ ਅਤੇ ਸਿੱਖਿਆ ਦੇ ਖੇਤਰ ਵਿੱਚ ਅਵੱਲ ਰਹਿਣਗੇ ਉਹਨਾਂ ਨੂੰ ਹਰ ਸਾਲ ਇੱਕ ਵਿਸ਼ੇਸ਼ ਸਮਾਗਮ ਦੌਰਾਨ ਸਨਮਾਨਤ ਕੀਤਾ ਜਾਇਆ ਕਰੇਗਾ। ਇਸ ਮੌਕੇ ਯੂਥ ਵਿੰਗ ਦੇ ਪ੍ਰਧਾਨ ਸੁਖਵਿੰਦਰ ਸਿੰਘ ਸੋਨੀ ਗਿੱਲ ਨੇ ਆਏ ਖਿਡਾਰੀਆਂ ਨੂੰ ਜੀ ਆਇਆ ਆਖਿਆ ਤੇ ਉਹਨਾਂ ਦੀਆਂ ਪ੍ਰਾਪਤੀਆਂ ਬਾਰੇ ਦਾ ਜਿਕਰ ਕੀਤਾ। ਇਸ ਮੌਕੇ ਜਗਰੂਪ ਸਿੰਘ ਜਰਖੜ ਸਟੇਟ ਵਾਈਸ ਪ੍ਰਧਾਨ ਆਮ ਆਦਮੀ ਪਾਰਟੀ, ਜਸਵਿੰਦਰ ਸਿੰਘ ਜੱਸੀ ਪੀਏ, ਦਵਿੰਦਰਪਾਲ ਸਿੰਘ ਲਾਡੀ, ਰਵਿੰਦਰ ਸਿੰਘ ਰਵੀ ਝੰਮਟ, ਸੋਨੂ ਗਿੱਲ, ਸਾਬੀ ਜਰਖੜ, ਕੁਲਦੀਪ ਸਿੰਘ ਘਵਦੀ ਪ੍ਰਧਾਨ ਸਪੋਰਟਸ ਵਿੰਗ ਹਲਕਾ ਗਿੱਲ ਆਦਿ ਹੋਰ ਸ਼ਖਸੀਅਤਾਂ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।



# ਬਸਪਾ ਵਲੋਂ ਅੰਮ੍ਰਿਤਸਰ ਸਾਹਿਬ ਤੋਂ ਉਮੀਦਵਾਰ ਐਲਾਨਿਆ

**ਅੰਮ੍ਰਿਤਸਰ (ਜਸਪਾਲ ਕੁਮਾਰ ਅਜ਼ਾਦ)** - ਬਹੁਜਨ ਸਮਾਜ ਪਾਰਟੀ ਪੰਜਾਬ ਵਲੋ ਇਕ ਪ੍ਰੈਸ ਨੋਟ ਵਿੱਚ ਕਿਹਾ ਗਿਆ ਕਿ ਬਸਪਾ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਦੇ ਹੁਕਮ ਅਨੁਸਾਰ ਅਤੇ ਪੰਜਾਬ, ਹਰਿਆਣਾ, ਚੰਡੀਗੜ੍ਹ ਦੇ ਇੰਚਾਰਜ ਸ੍ਰੀ ਰਣਧੀਰ ਸਿੰਘ ਬੈਨੀਪਾਲ ਜੇ ਦੇ ਦਿਸ਼ਾ ਨਿਰਦੇਸ਼ਾਂ ਵਿਚ ਬਸਪਾ ਦੇ ਲੋਕ ਸਭਾ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਵਿਸ਼ਾਲ ਸਿੱਧੂ ਜੀ ਉਮੀਦਵਾਰ ਐਲਾਨੇ ਬਸਪਾ ਸੂਬਾ ਪ੍ਰਧਾਨ ਵਲੋ ਜਾਣਕਾਰੀ ਦਿੰਦਿਆ ਆਖਿਆ ਗਿਆ ਕਿ ਵਿਸ਼ਾਲ ਸਿੱਧੂ ਜਿੰਨਾ ਨੇ 2020 ਵਿਚ ਬਸਪਾ ਪਾਰਟੀ ਨੂੰ ਜੋਇਨ ਕੀਤਾ ਸੀ ਅਤੇ ਜਿਲ੍ਹਾ ਅਹੁਦੇਦਾਰ ਦੇ ਤੌਰ ਤੇ ਵਿਧਾਨਸਭਾ ਅਟਾਰੀ ਦੇ ਸੰਗਠਨ ਦੀ ਦੇਖ ਰੇਖ ਕਰ ਰਹੇ ਸਨ,ਇਸ ਤੋਂ ਪਹਿਲਾਂ ਵਿਸ਼ਾਲ ਸਿੱਧੂ ਭਾਰਤ ਸੰਵਿਧਾਨ ਮਿਸ਼ਨ ਨਾਮ ਤੇ ਗੈਰ ਸਰਕਾਰੀ ਸੰਗਠਨ ਚਲਾ ਰਹੇ ਸਨ ਜਿਸ ਤਹਿਤ ਓਹ ਗਰੀਬ ਵਿਦਿਆਰਥੀਆਂ ਨੂੰ ਕਿਤਾਬਾਂ ਕਾਪੀਆਂ ਪੈਨਸਲਾਂ ਵਰਦੀਆਂ ਬੂਟ ਆਦਿ ਸਮਾਜ ਦੇ ਕਰਮਚਾਰੀਆਂ ਤੇ ਦਾਨੀਆਂ ਦੇ ਸਹਿਯੋਗ ਨਾਲ ਕਈ ਸਕੂਲਾਂ ਵਿਚ ਵੰਡਦੇ ਰਹੇ ਹਨ।



ਇਸ ਤੋਂ ਇਲਾਵਾ ਓਹਨਾਂ ਵਲੋ ਖੱਡੂਰ ਸਾਹਿਬ ਤੋਂ ਇੰਜ।ਸਤਨਾਮ ਸਿੰਘ 29 ਸਾਲਾਂ ਨੌਜਵਾਨ,ਹੁਸ਼ਿਆਰਪੁਰ ਤੋਂ ਸ੍ਰੀ ਰਾਕੇਸ਼ ਕੁਮਾਰ ਸੁਮਨ,ਫਿਰੋਜਪੁਰ ਤੋ ਸ੍ਰੀ ਸੁਰਿੰਦਰ ਕੰਬੋਜ, ਸੰਗਰੂਰ ਤੋਂ ਡਾਕਟਰ ਮੱਖਣ ਸਿੰਘ,ਪਟਿਆਲਾ ਤੋਂ ਜਗਜੀਤ ਸਿੰਘ,ਜਲੰਧਰ ਤੋਂ ਬਲਵਿੰਦਰ ਕੁਮਾਰ,ਫਰੀਦਕੋਟ ਤੋਂ ਗੁਰਬਖਸ਼,ਸਿੰਘ ਚੌਹਾਨ,ਬਠਿੰਡਾ ਤੋਂ ਲਖਵੀਰ ਸਿੰਘ,,ਫ਼ਤਹਿਗੜ੍ਹ ਸਾਹਿਬ ਤੀ ਕੁਲਵੰਤ ਸਿੰਘ ਮਹਤੋ,ਗੁਰਦਾਸਪੁਰ ਤੋ ਇੰਜੀ ਰਾਜ ਕੁਮਾਰ, ਜਨੋਤਰਾ ਅਤੇ ਲੁਧਿਆਣਾ, ਤੋਂ ਸ੍ਰੀ ਦਵਿੰਦਰ ਸਿੰਘ ਪਨੇਸਰ ਰਾਮਗੜੀਆਂ ਪ੍ਰਮੁੱਖ ਹਨ।

# ਕਾਰਲ ਮਾਰਕਸ ਦੇ 206ਵੇਂ ਜਨਮ ਦਿਹਾੜੇ ਨੂੰ ਸਮਰਪਤ ਦੇਸ਼ ਭਗਤ ਯਾਦਗਾਰ ਹਾਲ 'ਚ ਵਿਚਾਰ-ਚਰਚਾ

**ਜਲੰਧਰ**- ਕਾਰਲ ਮਾਰਕਸ ਦੇ 206ਵੇਂ ਜਨਮ ਦਿਹਾੜੇ (5 ਮਈ 1818- 5 ਮਈ 2024) ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਦੇਸ਼ ਭਗਤ ਯਾਦਗਾਰ ਹਾਲ 'ਚ ਗੰਭੀਰ ਵਿਚਾਰ-ਚਰਚਾ ਕੀਤੀ ਗਈ। ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ ਨੇ ਕਾਰਲ ਮਾਰਕਸ ਦੇ ਪ੍ਰੇਰਨਾਮਈ ਸੰਗਰਾਮੀ ਜੀਵਨ ਗਾਥਾ ਦੇ ਵਰਕੇ ਸਾਂਝੇ ਕਰਦਿਆਂ ਅੱਜ ਦੀ ਵਿਚਾਰ-ਚਰਚਾ ਦਾ ਮਹੱਤਵ 'ਤੇ ਰੌਸ਼ਨੀ ਪਾਈ। ਵਿਚਾਰ-ਚਰਚਾ ਦੇ ਮੁੱਖ ਵਕਤਾ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਡਾ. ਪਰਮਿੰਦਰ ਨੇ 'ਅਜੋਕੀ ਸਮ-ਾਜਿਕ ਸਥਿਤੀ 'ਚ ਮਾਰਕਸਵਾਦੀ ਪ੍ਰਸੰਗਕਤਾ ਅਤੇ ਦ੍ਰਿਸ਼ਟੀਕੋਨ' ਵਿਸ਼ੇ ਉਪਰ ਆਪਣਾ ਭਾਸ਼ਣ ਕੇਂਦਰਤ ਕੀਤਾ। ਡਾ. ਪਰਮਿੰਦਰ ਨੇ ਕਿਹਾ ਕਿ ਦੁਨੀਆਂ ਅੰਦਰ ਭਾਰਤ ਗਿਣਨਯੋਗ ਅਹਿਮ ਖੇਤਰਾਂ 'ਚ ਪ੍ਰਥਮ ਸਥਾਨ 'ਤੇ ਸੀ। ਮੁੱਢਲੀ ਸਨਅਤ ਵੀ ਸੀ। ਮਨੁੱਖੀ ਹੱਥਾਂ ਲਈ ਕਿਰਤ ਅਤੇ ਰੁਜ਼ਗਾਰ ਦੇ ਬੇਸ਼ੁਮਾਰ ਮੌਕੇ ਸੀ। ਇਸ ਸੁਭਾਵਕ ਸਮਾਜਕ ਵਿਕਾਸ ਦੇ ਭਵਿੱਖੀ ਮਾਰਗ ਨੂੰ ਡੱਕਿਆ ਗਿਆ। ਸਨਅਤ ਦਾ ਗ਼ਲਾ ਘੁੱਟਿਆ ਗਿਆ।

ਉਨ੍ਹਾਂ ਕਿਹਾ ਕਿ ਕਿਸਾਨਾਂ ਮਜ਼ਦੂਰਾਂ ਨੂੰ ਉਜਾੜ ਕੇ, ਵਸੀਲੇ ਖੋਹ ਕੇ, ਪੂੰਜੀ ਦਾ ਕੁੱਝ ਹੱਥਾਂ ਵਿੱਚ ਇਕੱਤਰੀਕਰਨ ਕਰਕੇ ਭਾਰਤੀ ਸਮਾਜ ਦੇ ਵਿਕਾਸ ਦੀ ਸੰਘੀ ਘੁੱਟ ਕੇ, ਅੰਗਰੇਜ਼ ਸਾਮਰਾਜ ਨਾਲ ਜੁੜੀਆਂ ਵੱਡੀਆਂ ਜੋਕਾਂ ਨੂੰ ਲੋਕਾਂ ਦੀ ਰੱਤ ਸੜ੍ਹ-ਾਕਣ ਦੇ ਮੌਕੇ ਦਿੱਤੇ। ਇਸ ਦਮ ਘੁੱਟਵੇਂ ਮਾਹੌਲ ਵਿੱਚ ਨਵੀਂ ਸੂਦਖ਼ੋਰ ਜਮਾਤ ਪੈਦਾ ਕੀਤੀ ਤਾਂ ਜੋ ਸਾਮਰਾਜਵਾਦ ਆਪਣੀਆਂ ਸੇਵਾਦਾਰ ਜਮਾਤਾਂ ਦੇ ਸਹਾਰੇ ਸਭ ਅਨਮੋਲ ਕੁਦਰਤੀ ਖਜ਼ਾਨੇ ਅਤੇ ਮਨੁੱਖੀ ਕਿਰਤ ਹੜੱਪ ਸਕੇ। ਇਹ ਸਿਲਸਿਲਾ ਅੱਜ ਤੱਕ



ਜਾਰੀ ਹੈ। ਡਾ. ਪਰਮਿੰਦਰ ਨੇ ਕਿਹਾ ਕਿ ਬਰਤਾਨਵੀ ਸਾਮਰਾਜ ਨੇ ਸਾਡੇ ਮੁਲਕ ਅੰਦਰ ਲਹਿਰਾਂ, ਰੇਲਵੇ ਦਾ ਜਾਲ ਵਿਛਾ ਕੇ, ਇਥੋਂ ਦੌਲਤ ਲੁੱਟ ਕੇ ਬਾਹਰ ਲਿਜਾਣ ਦਾ ਸੰਘਣਾ ਜਾਲ਼ ਵਿਛਾਇਆ। ਉਹਨਾਂ ਕਿਹਾ ਕਿ ਸਾਮਰਾਜ ਦੀ ਹੋਂਦ ਹੀ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਸਾਡੇ ਮੁਲਕ ਵਰਗੇ ਪਛੜੇ ਹੋਏ ਖਿੱਤੇ ਰਹਿਣ ਜਿੱਥੋਂ ਆਪਣੀ ਸਾਮਰਾਜੀ ਵਿਕਾਸ ਨੀਤੀ ਨੂੰ ਤੋਰਿਆ ਅਤੇ ਵਧਾਇਆ ਜਾ ਸਕੇ।

ਉਨ੍ਹਾਂ ਕਿਹਾ ਕਿ ਸਾਮਰਾਜ ਸਾਡੇ ਵਰਗੇ ਮੁਲਕਾਂ ਨੂੰ ਪੂਰਵ ਸਰਮਾਏਦਾਰੀ ਵਾਲੇ ਜਕੜਪੰਜੇ ਵਿੱਚ ਹੀ ਰੱਖਣਾ ਚਾਹੁੰਦਾ ਹੈ। ਇਸ ਲਈ ਸਾਮਰਾਜੀ ਗਲਬੇ ਨੂੰ ਵਗਾਹ ਮਾਰਕੇ ਜਮਹੂਰੀ ਨਿਜ਼ਾਮ ਸਿਰਜਣ ਲਈ ਲੋਕ ਸੰਗਰਾਮ ਬਹੁਤ ਹੀ ਲਾਜ਼ਮੀ ਹੈ। ਸਾਮਰਾਜੀ ਮੱਕੜ ਜਾਲ ਦੇ ਫਰੇਮ ਵਰਕ ਨੂੰ ਸਮਝਕੇ ਹੀ ਅਸੀਂ ਤਰਕ ਅਤੇ ਜਮਹੂਰੀ ਕਦਰਾਂ ਕੀਮਤਾਂ ਭਰੀ ਲਹਿਰ ਸਿਰਜ ਸਕਦੇ ਹਾਂ। ਉਹਨਾਂ ਕਿਹਾ ਕਿ ਸਾਮਰਾਜੀ ਧੌਂਸ ਨੂੰ ਭੰਨਣ ਲਈ ਪੁਰਾਤਨ ਪਿਛਾਂਹ ਖਿਚੂ ਸੰਗਲਾਂ ਨੂੰ ਵਗਾਹ ਮਾਰਨਾ ਜ਼ਰੂਰੀ ਹੈ।

ਪ੍ਰੋ. ਗੋਪਾਲ ਬੁੱਟਰ, ਡਾ. ਸੁਰਿੰਦਰ ਸਿੰਘ ਸਿੱਧੂ, ਡਾ. ਹਰਜਿੰਦਰ ਅਟਵਾਲ, ਨਸੀਬ ਚੰਦ ਬੱਬੀ, ਡਾ. ਸੈਲੇਸ਼, ਗੁਰਮੀਤ, ਜਗੀਰ ਸਿੰਘ ਅੰਮ੍ਰਿਤਸਰ, ਵਿਸ਼ਵ ਮਿੱਤਰ ਬੰਬੀ, ਪਰਮਜੀਤ ਕਲਸੀ, ਪਰਮਜੀਤ ਸਮਰਾਏ ਨੇ ਮਾਰਕਸਵਾਦ ਦੀ ਪ੍ਰਸੰਗਕਤਾ, ਜਾਤ ਅਤੇ ਜਮਾਤ ਦਾ ਸੁਆਲ, ਸਰਮਾਏਦਾਰੀ ਦੀ ਭਾਰਤ ਵਿੱਚ ਹਾਲਤ, ਸਿਆਸੀ ਪਾਰਟੀਆਂ ਦੀ ਅਜੋਕੀ ਹਾਲਤ ਆਦਿ ਮੁੱਦਿਆਂ 'ਤੇ ਸੁਆਲ ਕੀਤੇ। ਡਾ. ਪਰਮਿੰਦਰ ਹੋਰਾਂ ਨੇ ਅੱਜ ਦੇ ਵਿਸ਼ੇ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਚੌਖਟੇ ਦੇ ਵਿੱਚ ਰਹਿੰਦਿਆਂ ਆਏ ਸੁਆਲਾਂ ਦੇ ਬਹੁਤ ਹੀ ਸਾਰਥਕ ਜਵਾਬ ਦਿੱਤੇ।

ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ ਵੱਡੇ ਇਕੱਠਾਂ ਦੀ ਬਿਨਾਂ ਸ਼ੱਕ ਆਪਣੀ ਮਹੱਤਤਾ ਹੈ ਪਰ ਗੰਭੀਰ ਚਿੰਤਨ, ਮੰਥਨ, ਇਤਿਹਾਸ, ਦਰਸ਼ਨ, ਮਹੱਤਵਪੂਰਨ ਮੁੱਦਿਆਂ, ਸਰਗਰਮੀਆਂ ਉਪਰ ਪੜਚੋਲਵੀਂ ਝਾਤ ਮਾਰਨ, ਲੋਕਾਂ ਦੇ ਪੱਖ ਤੋਂ ਬਦਲਾਵ ਭਰਿਆ ਚਿੰਤਨ ਸਿਰਜਣ ਲਈ ਅਜਿਹੀਆਂ ਵਿਚਾਰ ਗੋਸ਼ਟੀਆਂ ਦੀ ਵੀ ਬੇਹੱਦ ਲੋੜ ਹੈ। ਅਜੇਹਾ ਤੱਤ ਕੱਢਿਆ ਅੱਜ ਦੀ ਵਿਚਾਰ-ਚਰਚਾ ਨੇ। ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਕਿਹਾ ਕਿ ਜਾਤ ਪਾਤ ਦੇ ਸੁਆਲ ਨੂੰ ਮੂਲੋਂ ਖ਼ਤਮ ਕਰਨ ਲਈ ਕੁੱਝ ਇੱਕ ਆਰਥਕ ਸਹੂਲਤਾਂ, ਧਰਮ ਪ੍ਰੀਵਰਤਨ, ਸਤਾ 'ਚ ਹਿੱਸੇਪੱਤੀ ਕਾਫ਼ੀ ਨਹੀਂ। ਇਸ ਗੁੰਝਲਦਾਰ ਸੁਆਲ ਦੇ ਹੱਲ ਲਈ ਜਮਾਤੀ ਜਦੋ ਜਹਿਦ ਜ਼ਰੂਰੀ ਹੈ। ਉਹਨਾਂ ਕਿਹਾ ਕਿ ਅਜੇਹੀਆਂ ਵਿਚਾਰ-ਚਰਚਾ ਉਲਝੇ ਸੁਆਲਾਂ ਨੂੰ ਸੁਲਝਾਉਣ ਲਈ ਸਾਰਥਕ ਸਾਬਤ ਹੋਣਗੀਆਂ ਅਤੇ ਇਹ ਸਿਲਸਿਲਾ ਜਾਰੀ ਰੱਖਣ ਲਈ ਕਮੇਟੀ ਸਦਾ ਯਤਨਸ਼ੀਲ ਰਹੇਗੀ। ਇਸ ਮੌਕੇ ਵਿੱਤ ਸਕੱਤਰ ਸੀਤਲ ਸਿੰਘ ਸੰਘਾ, ਕਮੇਟੀ ਮੈਂਬਰ ਰਣਜੀਤ ਸਿੰਘ ਔਲਖ, ਸੁਰਿੰਦਰ ਕੁਮਾਰੀ ਕੋਛੜ, ਗੁਰਮੀਤ, ਡਾ. ਗੋਪਾਲ ਬੁੱਟਰ, ਵਿਜੈ ਬੰਬੇਲੀ, ਡਾ. ਸੈਲੇਸ਼, ਹਰਮੇਸ਼ ਮਾਲੜੀ, ਬਲਬੀਰ ਕੌਰ ਬੁੰਡਾਲਾ ਹਾਜ਼ਰ ਸਨ। ਵਿਚਾਰ-ਚਰਚਾ ਮੌਕੇ ਮੰਚ ਸੰਚਾਲਨ ਦੀ ਭੂਮਿਕਾ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਅਦਾ ਕੀਤੀ।

# ਬਹੁਜਨ ਸਮਾਜ ਪਾਰਟੀ ਨੇ 13 ਉਮੀਦਵਾਰਾਂ ਨੂੰ ਟਿਕਟ ਸੌਂਪੇ

**ਫਗਵਾੜਾ (ਬੀ.ਕੇ. ਰੱਤੂ)**- ਬਹੁਜਨ ਸਮਾਜ ਪਾਰਟੀ ਦੇ ਪੰਜਾਬ ਚੰਡੀਗੜ੍ਹ ਹਰਿਆਣਾ ਦੇ ਇੰਚਾਰਜ ਸ੍ਰੀ ਰਣਧੀਰ ਸਿੰਘ ਬੈਨੀਵਾਲ ਜੀ ਨੇ ਅੱਜ 13 ਲੋਕ ਸਭਾ ਦੇ ਉਮੀਦਵਾਰਾਂ ਨੂੰ ਟਿਕਟ ਸੌਂਪੇ, ਜਿਸ ਵਿੱਚ 12 ਪੰਜਾਬ ਅਤੇ 1 ਚੰਡੀਗੜ੍ਹ ਦੇ ਉਮੀਦਵਾਰ ਨੂੰ ਟਿਕਟ ਸੌਂਪਿਆ। ਸ੍ਰੀ ਬੈਨੀਵਾਲ ਜੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਦੇ 12 ਉਮੀਦਵਾਰਾਂ ਵਿੱਚ ਲੋਕ ਸਭਾ ਸ਼੍ਰੀ ਅਨੰਦਪੁਰ ਸਾਹਿਬ ਤੋਂ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ, ਲੁਧਿਆਣਾ ਤੋਂ ਦਵਿੰਦਰ ਸਿੰਘ ਪਨੇਸਰ, ਗੁਰਦਾਸਪੁਰ ਤੋਂ ਇੰਜੀਨੀਅਰ ਰਾਜਕੁਮਾਰ ਜਨੋਤਰਾ, ਸੰਗਰੂਰ ਤੋਂ ਡਾਕਟਰ ਮੱਖਣ ਸਿੰਘ, ਜਲੰਧਰ ਤੋਂ ਐਡਵੋਕੇਟ ਬਲਵਿੰਦਰ ਕੁਮਾਰ, ਫਤਿਹਗੜ੍ਹ ਸਾਹਿਬ ਤੋਂ ਕੁਲਵੰਤ ਸਿੰਘ ਮਹਿਤੋਂ, ਬਠਿੰਡਾ ਤੋਂ ਨਿੱਕਾ ਸਿੰਘ, ਫਰੀਦਕੋਟ ਤੋਂ ਗੁਰਬਖਸ਼ ਸਿੰਘ ਚੌਹਾਨ, ਅੰਮ੍ਰਿਤਸਰ ਤੋਂ ਵਿਸ਼ਾਲ ਸਿੱਧੂ, ਖਡੂਰ



ਸਾਹਿਬ ਤੋਂ ਇੰਜੀਨੀਅਰ ਸਤਨਾਮ ਸਿੰਘ ਤੁੜ, ਫਿਰੋਜ਼ਪੁਰ ਤੋਂ ਸੁਰਿੰਦਰ ਸਿੰਘ ਕੰਬੋਜ ਅਤੇ ਪਟਿਆਲਾ ਤੋਂ ਜਗਜੀਤ ਸਿੰਘ ਛੜਬੜ ਪਰਮੁੱਖ ਹਨ ਅਤੇ ਜਦੋਂ ਕਿ ਚੰਡੀਗੜ੍ਹ ਤੋਂ ਡਾਕਟਰ ਰੀਤੂ ਸਿੰਘ ਨੂੰ ਉਮੀਦਵਾਰ ਟਿਕਟ ਸੌਂਪ ਦਿੱਤਾ ਗਿਆ। ਸ੍ਰੀ ਬੈਨੀਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਰੇ ਉਮੀਦਵਾਰਾਂ ਨੂੰ ਨਿਰਦੇਸ਼ ਕੀਤਾ ਗਿਆ ਹੈ ਕਿ ਉਹ 9 ਤਰੀਕ ਤੋਂ ਲੈ ਕੇ 11 ਤਰੀਕ ਤੱਕ ਆਪਣੇ ਪੇਪਰ ਦਾਖਲ ਕਰਨ। ਬਸਪਾ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ 9 ਮਈ ਨੂੰ ਆਪਣੇ ਪੇਪਰ ਲੋਕ ਸਭਾ ਅਨੰਦਪੁਰ ਸਾਹਿਬ ਤੋਂ ਡਿਪਟੀ ਕਮਿਸ਼ਨਰ ਕਮ ਰਿਟਰਨਿੰਗ ਅਫਸਰ ਰੋਪੜ ਵਿਖੇ ਦਾਖਲ ਕਰਨਗੇ। ਇਸ ਮੌਕੇ ਕੇਂਦਰੀ ਪ੍ਰਭਾਰੀ ਸ਼੍ਰੀ ਵਿਪੁਲ ਕੁਮਾਰ, ਇੰਚਾਰਜ ਤੇ ਵਿਧਾਇਕ ਡਾ ਨਛੱਤਰ ਪਾਲ, ਇੰਚਾਰਜ ਸ੍ਰੀ ਅਜੀਤ ਸਿੰਘ ਭੈਣੀ ਹਾਜਰ ਸਨ।


NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020



HEALTH INSURANCE
RETIREMENT
LIFE INSURANCE
COLLEGE PLANNING
LONG TERM CARE INS
AUTO * HOME
FUNERAL EXPENSE
BUSINESS
Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928

RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834



# ਪ੍ਰਸਿੱਧ ਅਰਥ ਸ਼ਾਸਤਰੀ ਪ੍ਰੋ. ਏ. ਐਸ. ਢੇਸੀ ਨੂੰ ਸ਼ਰਧਾਂਜਲੀਆਂ

**ਚੰਡੀਗੜ੍ਹ–** ਉਘੇ ਅਰਥ ਸ਼ਾਸਤਰੀ ਪ੍ਰੋ. ਏ. ਐਸ. ਢੇਸੀ ਨਮਿਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਬੀਤੇ ਦਿਨੀਂ ਬਾਬਾ ਸ਼ਹੀਦ ਗੁਰਦੁਆਰਾ ਪਿੰਡ ਢੇਸੀਆਂ ਕਾਹਨਾ (ਜਲੰਧਰ) ਵਿਖੇ ਕਰਵਾਇਆ ਗਿਆ। ਪ੍ਰੋ. ਢੇਸੀ 24 ਅਪ੍ਰੈਲ 2024 ਨੂੰ ਅਕਾਲ ਚਲਾਣਾ ਕਰ ਗਏ ਸਨ। ਇਸ ਮੌਕੇ ਸ੍ਰੀ ਢੇਸੀ ਦੇ ਛੋਟੇ ਭਰਾ ਬਲਰਾਜ ਸਿੰਘ ਢੇਸੀ, ਪ੍ਰੋ. ਬੀ. ਐਸ. ਘੁੰਮਣ ਸਾਬਕਾ ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਐਚ. ਐਸ. ਸਿੱਧੂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਾਬਕਾ ਚੇਅਰਮੈਨ, ਪ੍ਰੋ. ਗੁਰਮੇਲ ਸਿੰਘ, ਵਾਈਸ ਚਾਂਸਲਰ, ਅਕਾਲ ਯੂਨੀਵਰਸਿਟੀ, ਦਮਦਮਾ ਸਾਹਿਬ, ਪ੍ਰੋ. ਰੌਣਕੀ ਰਾਮ, ਸ਼ਹੀਦ ਭਗਤ ਸਿੰਘ, ਪ੍ਰੋਫੈਸਰ ਚੇਅਰ ਪੀ. ਯੂ., ਪ੍ਰੋ. ਸੁਖਦੇਵ ਸਿੰਘ ਸੋਹਲ ਇਤਿਹਾਸ ਦੇ ਸਾਬਕਾ ਪ੍ਰੋਫੈਸਰ, ਜੀ. ਐਲ. ਡੀ. ਯੂ. ਅਤੇ ਕੰਵਲ ਗਰੇਵਾਲ ਧਨੋਆ, ਅਰਥ ਸ਼ਾਸਤਰ ਦੇ ਲੈਕਚਰਾਰ, ਐਸ. ਜੀ. ਜੀ. ਐਸ., ਕਾਲਜ ਚੰਡੀਗੜ੍ਹ ਅਤੇ ਵੱਡੀ ਗਿਣਤੀ ਵਿਚ ਰਾਜਸੀ, ਸਮਾਜਿਕ ਤੇ ਸਿੱਖਿਆ ਖੇਤਰ ਨਾਲ ਜੁੜੀਆਂ ਸ਼ਖ਼ਸੀਅਤਾਂ ਨੇ ਪਹੁੰਚ ਕੇ ਸ਼ਰਧਾਂਜਲੀ ਭੇਂਟ ਕੀਤੀ। ਪ੍ਰੋ. ਏ. ਐਸ. ਢੇਸੀ ਦੋ ਸਿੱਖਿਆ ਪ੍ਰਣਾਲੀਆਂ ਦਾ ਸੁਮੇਲ ਸਨ। ਉਹਨਾਂ ਨੇ ਆਪਣੀ ਅੰਡਰ ਗ੍ਰੈਜੂਏਟ ਸਿੱਖਿਆ ਭਾਰਤ ਵਿਚ ਅਤੇ ਪੋਸਟ-ਗ੍ਰੈਜੂਏਸ਼ਨ ਸਿੱਖਿਆ ਯੂਨਾਈਟਿਡ ਕਿੰਗਡਮ ਤੋਂ ਪ੍ਰਾਪਤ ਕੀਤੀ, ਜਿੱਥੇ ਉਹਨਾਂ ਨੇ ਵਿਕਾਸ ਪ੍ਰਸ਼ਾਸਨ ਵਿਚ ਇਕ ਪੋਸਟ ਗ੍ਰੈਜੂਏਟ ਡਿਪਲੋਮਾ ਤੇ ਅਰਥ ਸ਼ਾਸਤਰ 'ਚ ਦੋ ਮਾਸਟਰ ਡਿਗਰੀਆਂ ਅਤੇ 1974 ਵਿਚ ਬਰਮਿੰਘਮ ਯੂਨੀਵਰਸਿਟੀ ਤੋਂ ਅਰਥ ਸ਼ਾਸਤਰ ਵਿਚ ਪੀ. ਐਚ. ਡੀ. ਕੀਤੀ।



'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਵੀਕਲੀਜ਼, ਪ੍ਰੋ: ਔਤਾਰ ਸਿੰਘ ਢੇਸੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ, ਜੋ 24 ਅਪ੍ਰੈਲ, 2024 ਨੂੰ ਆਪਣੀ ਸਫਲਤਾ ਪੂਰਵਕ ਸੰਸਾਰਕ ਯਾਤਰਾ ਪੂਰੀ ਕਰ ਗਏ।

ਪ੍ਰੋ: ਢੇਸੀ ਸਾਡੇ ਸਤਿਕਾਰਯੋਗ ਨਾਮਵਰ ਲੇਖਕ ਸਨ। 'ਅੰਬੇਦਕਰ ਟਾਈਮਜ਼' ਨੇ ਸਾਡੇ ਸਤਿਕਾਰਯੋਗ ਪਾਠਕਾਂ ਦੇ ਲਾਭ ਲਈ ਉਹਨਾਂ ਦੀਆਂ ਕੀਮਤੀ ਲਿਖਤਾਂ ਦੀ ਇੱਕ ਵਿਸ਼ੇਸ਼ ਫਾਈਲ ਤਿਆਰ ਕੀਤੀ ਹੈ। ਉਨ੍ਹਾਂ ਦਾ ਦੇਹਾਂਤ ਨਾ ਸਿਰਫ਼ ਅਕਾਦਮਿਕ ਜਗਤ ਲਈ ਸਗੋਂ ਨਿੱਜੀ ਤੌਰ 'ਤੇ ਸਾਡੇ ਮੰਚ ਲਈ ਵੀ ਨਾ ਪੂਰਾ ਹੋਣ ਵਾਲਾ ਘਾਟਾ ਰਹੇਗਾ। ਅਸੀਂ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕਰਦੇ ਹਾਂ।

**ਪ੍ਰੇਮ ਕੁਮਾਰ ਚੁੰਬਰ**
**ਮੁੱਖ ਸੰਪਾਦਕ**
**'ਅੰਬੇਦਕਰ ਟਾਈਮਜ਼' ਤੇ 'ਦੇਸ਼ ਦੁਆਬਾ'**

## ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁਡੀਆਂ ਨੂੰ ਮੰਗ ਪੱਤਰ ਦਿੱਤਾ

**ਬਠਿੰਡਾ–** ਗੁਰੂ ਤੇਗ ਬਹਾਦਰ ਨਗਰ ਵਾਰਡ ਨੰ–8 ਦੀ ਗਲੀ ਨੰਬਰ 3 ਦੇ ਪਾਰਕ ਨੰਬਰ 39 ਦੇ ਇੱਕ ਹਿੱਸੇ (490 ਗਜ) ਤੋਂ ਨਾਜਾਇਜ਼ ਕਬਜ਼ਾ ਹਟਾਉਣ ਬਾਰੇ ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁਡੀਆਂ ਨੂੰ ਮਹੱਲਾ ਨਿਵਾਸੀਆਂ ਦੀ ਕਮੇਟੀ ਨੇ ਮੰਗ ਪੱਤਰ ਦਿੱਤਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਨਾਗਰਿਕ ਚੇਤਨਾ ਮੰਚ ਅਤੇ ਪਾਰਕ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਪ੍ਰਿੰਸੀਪਲ ਬੱਗਾ ਸਿੰਘ ਨੇ ਦੱਸਿਆ ਕਿ ਪਾਰਕ ਦੇ ਇਕ ਹਿੱਸੇ (490 ਗਜ) ਬਾਰੇ ਕੁੱਝ ਰਸੂਖਵਾਨ ਲੋਕਾਂ ਨੇ ਝੂਠ ਬੋਲ ਕੇ ਜਿਲ੍ਹਾ ਅਦਾਲਤ ਵਿੱਚ ਮੁਕੱਦਮਾ ਦਰ ਮੁਕਦਮਾ ਪਾਇਆ ਜਾਂਦਾ ਹੈ ਤਾਂ ਕਿ ਕਮੇਟੀ ਇਸ ਪਾਰਕ ਨੂੰ ਵਿਕਸਿਤ ਨਾ ਕਰ ਸਕੇ, ਜਦੋਂ ਕਿ ਨਗਰਿਕ ਚੇਤਨਾ ਮੰਚ ਨੇ 1999 ਤੋਂ ਲਗਾਤਾਰ ਜੱਦੋਜਹਿਦ ਕਰਕੇ ਹਾਈ ਕੋਰਟ ਤੇ ਸੁਪਰੀਮ ਕੋਰਟ ਤੋਂ ਕੇਸ ਜਿੱਤਿਆ ਅਤੇ ਨਗਰ ਨਿਗਮ ਦੀ ਟੀ ਪੀ ਸਕੀਮ ਤਿੰਨ ਪਾਰਟ ਦੋ ਵਿੱਚ ਇਸ ਪਾਰਕ ਨੂੰ ਬਣਾਉਣ ਦਾ ਫੈਸਲਾ ਹੋਇਆ। ਇਸ ਸਬੰਧੀ ਤਿਆਰ ਕੀਤੇ ਨਕਸ਼ੇ ਧਠਫ ਵਿਚ ਇਸ ਜਗ੍ਹਾ ਨੂੰ ਪਾਰਕ ਦਿਖਾਇਆ ਗਿਆ ਹੈ। ਉਹਨਾਂ ਇਹ ਵੀ ਕਿਹਾ ਕਿ ਭਰੋਸੇਯੋਗ ਸੂਤਰਾਂ ਤੋਂ ਜਾਣਕਾਰੀ ਮਿਲੀ ਹੈ ਕਿ ਨਗਰ ਨਿਗਮ ਦੇ ਕੁੱਝ ਅਧਿਕਾਰੀ ਹੀ ਪਾਰਕ ਤੋਂ ਇਹ ਨਜਾਇਜ਼ ਕਬਜ਼ੇ ਹਟਾਉਣ ਵਿੱਚ ਅੜਿੱਕਿਆ ਬਣ ਰਹੇ ਹਨ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਪਾਰਕ ਦੀ ਰੇਨੋਵੇਸ਼ਨ ਦੇ ਬਹਾਨੇ ਨਾਜਾਇਜ਼ ਕਬਜ਼ੇ ਵਾਲੀ 490 ਗਜ ਜਗ੍ਹਾ ਦੁਆਲੇ 5 ਫੁੱਟ ਉਚੀ ਕੰਧ ਨਗਰ ਨਿਗਮ ਵਲੋਂ ਉਸਾਰੀ ਗਈ, ਜੋ ਗੈਰਕਾਨੂੰਨੀ ਹੈ।

ਚਾਹੀਦਾ ਤਾਂ ਇਹ ਸੀ ਕਿ ਨਗਰ ਨਿਗਮ ਆਪਣੇ ਹੀ ਪਾਰਕ ਦਾ ਅਦਾਲਤੀ ਕੇਸ ਮਜ਼ਬੂਤ ਨਾਲ ਲੜਨ ਲਈ ਇਸ ਜਗ੍ਹਾ ਦੁਆਲੇ ਉਚੀ ਕੰਧ ਨਾ ਕਰਦੀ। ਇਸ ਸੰਬੰਧੀ ਨਾਗਰਿਕ ਚੇਤਨਾ ਮੰਚ ਦਾ ਇਕ ਵਫ਼ਦ ਕਮਿਸ਼ਨਰ ਨਗਰ ਨਿਗਮ ਬਠਿੰਡਾ ਕੋਲ ਆਪਣਾ ਪੱਖ ਵੀ ਬਿਆਨ ਕਰ ਚੁੱਕਿਆ ਹੈ ਪਰ ਕੋਈ ਨਿਆਂ ਨਹੀਂ ਮਿਲਿਆ। ਚੇਤਨਾ ਮੰਚ ਨੇ ਮੰਗ ਕੀਤੀ ਹੈ ਕਿ ਨਾਜਾਇਜ਼ ਕੀਤੀ ਉਸਾਰੀ ਨੂੰ ਤੁਰੰਤ ਹਟਾਇਆ ਜਾਵੇ ਤੇ ਪਾਰਕ ਦੇ ਪੂਰਨ ਵਿਕਾਸ ਹਿਤ 490 ਗਜ਼ ਜਗ੍ਹਾ ਦਾ ਨਗਰ ਨਿਗਮ ਵਲੋਂ ਕਬਜ਼ਾ ਲਿਆ ਜਾਵੇ।

## ਰਾਸ਼ਟਰੀ ਫਲਾਈਟ ਦੇ ਵਿਚ ਏਅਰ ਸੁਰੱਖਿਆ ਲਈ ਪਹਿਲੀ ਵਾਰ ਵਰਤੀ ਗਈ 'ਸੰਕੇਤਕ ਭਾਸ਼ਾ'

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)**–ਏਅਰ ਨਿਊਜ਼ੀਲੈਂਡ ਨੇ ਵਿਸ਼ਵ ਦੇ ਵਿਚ ਮੋਹਰੀ ਹੁੰਦਿਆ ਪਹਿਲੀ ਵਾਰ ਔਕਲੈਂਡ ਤੋਂ ਵਲਿੰਗਟਨ ਵਾਲੀ ਫਲਾਈਟ ਦੇ ਬੋਲੇ ਜਾਂ ਕਹਿ ਲਈਏ ਬਹਿਰੇ ਲੋਕਾਂ ਦੇ ਲਈ ਸੰਕੇਤਕ ਭਾਸ਼ਾ ਦੇ ਰਾਹੀਂ ਹਵਾਈ ਸੁਰੱਖਿਆ ਦਾ ਸੰਦੇਸ਼ ਦਿੱਤਾ ਗਿਆ।



ਬੋਲੇ ਜਾਂ ਕਿਸੀ ਤਰ੍ਹਾਂ ਬੋਲੀ ਨਾ ਸਮਝਣ ਵਾਲੇ ਲੋਕਾਂ ਦੇ ਲਈ ਇਹ ਵੱਡੇ ਸਤਿਕਾਰ ਵਾਲੀ ਗੱਲ ਹੋਈ ਹੈ, ਕਿਉਂਕਿ ਹੁਣ ਤੱਕ ਉਹ ਆਪਣੇ ਆਪ ਨੂੰ ਇਕੱਲਤਾ ਵਾਲਾ ਮਹਿਸੂਸ ਕਰਦੇ ਸਨ। ਨਿਊਜ਼ੀਲੈਂਡ ਦੇ ਵਿਚ 06 ਮਈ ਤੋਂ 12 ਮਈ ਤੱਕ ਸੰਕੇਤਕ ਭਾਸ਼ਾ ਹਫਤਾ ਮਨਾਇਆ ਜਾ ਰਿਹਾ ਹੈ। ਫਲਾਈਟ ਦੇ ਵਿਚ ਸਟਾਫ ਵੱਲੋਂ ਸੰਕੇਤਕ ਭਾਸ਼ਾ ਦੀ ਵਰਤੋਂ ਕਰਕੇ ਸਪੈਸ਼ਲ ਲੋਕਾਂ ਦੇ ਲਈ ਇਕ ਨਿੱਘੇ ਸਵਾਗਤ ਵਰਗਾ ਹੈ। ਸੀਟਾਂ ਉਤੇ ਦਿੱਤੇ ਜਾਣ ਵਾਲੇ ਪਾਣੀ, ਕੂਕੀਜ਼ ਅਤੇ ਮਿੱਠੀਆਂ ਟੌਫੀਆਂ ਉਤੇ ਵੀ ਸੰਕੇਤਕ ਭਾਸ਼ਾ ਦਰਸਾ ਦੇ ਇਸ ਹਫਤੇ ਨੂੰ ਮਾਣ ਦਿੱਤਾ ਗਿਆ। ਨਿਊਜ਼ੀਲੈਂਡ ਦੇ ਵਿਚ ਇਸ ਵੇਲੇ 23 ਹਜ਼ਾਰ ਦੇ ਕਰੀਬ ਸੰਕੇਤ ਭਾਸ਼ਾ ਬੋਲਦੇ ਹਨ। ਜਿਸ ਫਲਾਈਟ ਅਟੈਂਡੇਂਟ ਨੇ ਇਹ ਸੰਕੇਤਕ ਭਾਸ਼ਾ ਦੀ ਵਰਤੋਂ ਕੀਤੀ ਉਸਨੇ ਇਹ ਭਾਸ਼ਾ ਆਪਣੀ ਪਤਨੀ ਦੇ ਕੋਲੋਂ ਸਿੱਖੀ ਸੀ।

## ਬੇਘਰ ਹੋਣ 'ਤੇ ਨਿਗਰਾਨੀ ਦੀ ਸੁਣਵਾਈ ਤੋਂ ਬਾਅਦ ਅਸੈਂਬਲੀਮੈਨ ਜੋਸ਼ ਹੂਵਰ ਦਾ ਬਿਆਨ

**ਸੈਕਰਾਮੈਂਟੋ–** ਅਸੈਂਬਲੀਮੈਨ ਜੋਸ਼ ਹੂਵਰ (ਆਰ–ਫੋਲਸਮ) ਨੇ ਜਵਾਬਦੇਹੀ ਅਤੇ ਨਿਗਰਾਨੀ 'ਤੇ ਅਸੈਂਬਲੀ ਬਜਟ ਸਬ–ਕਮੇਟੀ 7 ਵਿੱਚ ਬੇਘਰਿਆਂ 'ਤੇ ਅੱਜ ਦੀ ਨਿਗਰਾਨੀ ਸੁਣਵਾਈ ਦੇ ਸਬੰਧ ਵਿੱਚ ਹੇਠ ਲਿਖਿਆ ਬਿਆਨ ਜਾਰੀ ਕੀਤਾ:

"ਅੱਜ ਦੀ ਨਿਗਰਾਨੀ ਸੁਣਵਾਈ ਨੇ ਇੱਕ ਬਹੁਤ ਹੀ ਪਰੇਸ਼ਾਨ ਕਰਨ ਵਾਲੀ ਹਕੀਕਤ 'ਤੇ ਰੌਸ਼ਨੀ ਪਾਈ ਹੈ। ਬੇਘਰਿਆਂ 'ਤੇ $24 ਬਿਲੀਅਨ ਟੈਕਸਦਾਤਾ ਡਾਲਰ ਖਰਚਣ ਤੋਂ ਬਾਅਦ, ਕੈਲੀਫੋਰਨੀਆ ਵਿੱਚ ਸਾਡੀਆਂ ਪ੍ਰਮੁੱਖ ਏਜੰਸੀਆਂ ਨੂੰ ਕੋਈ ਪਤਾ ਨਹੀਂ ਹੈ ਕਿ ਪੈਸਾ ਕਿੱਥੇ ਗਿਆ ਹੈ ਜਾਂ ਇਸ ਨੇ ਕਿੰਨੇ ਲੋਕਾਂ ਦੀ ਮਦਦ ਕੀਤੀ ਹੈ। ਇਹ ਗਵਰਨਰ ਨਿਊਜ਼ੋਮ ਦੀ ਅਗਵਾਈ ਦੀ ਪੂਰੀ ਅਸਫਲਤਾ ਹੈ ਅਤੇ ਵਿਧਾਨ ਸਭਾ ਲਈ ਹੋਰ ਜਵਾਬਦੇਹੀ ਦੀ ਮੰਗ ਕਰਨ ਦਾ ਸਮਾਂ ਆ ਗਿਆ ਹੈ। "ਜਦੋਂ ਦਬਾਅ ਪਾਇਆ ਗਿਆ, ਤਾਂ ਕੈਲੀਫੋਰਨੀਆ ਡਿਪਾਰਟਮੈਂਟ ਆਫ ਹਾਊਸਿੰਗ ਐਂਡ ਕਮਿਊਨਿਟੀ ਡਿਵੈਲਪਮੈਂਟ (ਛਧ) ਅਤੇ ਇੰਟਰ ਏਜੰਸੀ ਕੌਂਸਲ ਆਨ ਬੇਘਰੇਸ (ਙਿ) ਦੇ ਪ੍ਰਤੀਨਿਧਾਂ ਨੇ ਮੰਨਿਆ ਕਿ ਉਹਨਾਂ ਕੋਲ ਮੌਜੂਦਾ ਬੇਘਰੇ ਪ੍ਰੋਗਰਾਮਾਂ ਅਤੇ ਨਿਵੇਸ਼ਾਂ ਬਾਰੇ ਸਾਂਝਾ ਕਰਨ ਲਈ ਕੋਈ ਡਾਟਾ ਨਹੀਂ ਹੈ। ਵਾਸਤਵ ਵਿੱਚ, ICH ਨੇ ਦਾਅਵਾ ਕੀਤਾ ਕਿ ਉਹਨਾਂ ਨੂੰ ਸਟੇਟ ਆਡੀਟਰ ਦੁਆਰਾ ਸਿਫ਼ਾਰਸ਼ ਕੀਤੇ ਪਾਰਦਰਸ਼ਤਾ ਉਪਾਵਾਂ ਨੂੰ ਲਾਗੂ ਕਰਨ ਲਈ ਹੋਰ ਵੀ ਪੈਸੇ ਦੀ ਲੋੜ ਹੋਵੇਗੀ। ਇਹ ਪੂਰੀ ਤਰ੍ਹਾਂ ਅਸਵੀਕਾਰਨਯੋਗ ਹੈ।" ਅਸੈਂਬਲੀਮੈਨ ਹੂਵਰ ਨੇ ਓਬ 2903 ਨੂੰ ਙਿ ਨੂੰ ਸਾਲਾਨਾ ਲਾਗਤ ਅਤੇ ਨਤੀਜਿਆਂ ਦੇ ਡੇਟਾ ਦੀ ਰਿਪੋਰਟ ਕਰਨ ਲਈ ਰਾਜ ਦੁਆਰਾ ਚਲਾਏ ਗਏ ਬੇਘਰੇ ਪ੍ਰੋਗਰਾਮਾਂ ਦੀ ਲੋੜ ਲਈ ਲਿਖਿਆ ਹੈ। ਇਹ ਙਿ ਨੂੰ ਡਾਟਾ ਇਕੱਠਾ ਕਰਨ ਅਤੇ ਜਨਤਾ ਨੂੰ ਇਸਦੀ ਰਿਪੋਰਟ ਕਰਨ ਲਈ ਇਕਸਾਰ ਪ੍ਰਕਿਰਿਆਵਾਂ ਵਿਕਸਿਤ ਕਰਨ ਦੀ ਵੀ ਲੋੜ ਹੋਵੇਗੀ। ਇਹ ਅਸੈਂਬਲੀਮੈਨ ਹੂਵਰ ਦੁਆਰਾ ਬੇਨਤੀ ਕੀਤੇ ਗਏ ਇੱਕ ਤਾਜ਼ਾ ਆਡਿਟ ਦੇ ਨਤੀਜਿਆਂ ਤੋਂ ਬਾਅਦ ਕੈਲੀਫੋਰਨੀਆ ਸਟੇਟ ਆਡੀਟਰ ਦੀ ਸਿਫ਼ਾਰਸ਼ ਨੂੰ ਲਾਗੂ ਕਰਦਾ ਹੈ, ਜਿਸ ਵਿੱਚ ਪਾਇਆ ਗਿਆ ਹੈ ਕਿ ਰਾਜ ਬੇਘਰੇ ਖਰਚਿਆਂ ਨੂੰ ਪ੍ਰਣਾਲੀਗਤ ਤੌਰ 'ਤੇ ਟਰੈਕ ਕਰਨ ਵਿੱਚ ਅਸਫਲ ਰਿਹਾ ਹੈ ਅਤੇ ਡੇਟਾ ਇਕੱਤਰ ਕਰਨ ਅਤੇ ਨਤੀਜਿਆਂ ਦਾ ਮੁਲਾਂਕਣ ਕਰਨ ਲਈ ਢੁਕਵੀਂ ਸਥਿਤੀ ਵਿੱਚ ਨਹੀਂ ਹੈ। ਆਡੀਟਰ ਦੀ ਰਿਪੋਰਟ ਦੇ ਅਨੁਸਾਰ, ਕੈਲੀਫੋਰਨੀਆ ਨੇ ਸਾਡੇ ਬੇਘਰੇ ਸੰਕਟ ਨੂੰ ਹੱਲ ਕਰਨ ਲਈ 2018 ਤੋਂ ਹੁਣ ਤੱਕ ਲਗਭਗ $24 ਬਿਲੀਅਨ ਟੈਕਸਦਾਤਾ ਡਾਲਰ ਖਰਚ ਕੀਤੇ ਹਨ। ਉਸੇ ਸਮੇਂ ਦੌਰਾਨ ਰਾਜ ਦੀ ਸਮੁੱਚੀ ਬੇਘਰ ਆਬਾਦੀ ਵਿੱਚ 32 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ ਅਤੇ ਦੇਸ਼ ਦੇ ਅੱਧੇ ਬੇਘਰੇ ਬੇਘਰੇ ਹੁਣ ਕੈਲੀਫੋਰਨੀਆ ਵਿੱਚ ਰਹਿੰਦੇ ਹਨ। ਜੋਸ਼ ਹੂਵਰ ਅਸੈਂਬਲੀ ਡਿਸਟ੍ਰਿਕਟ 7 ਦੀ ਨੁਮਾਇੰਦਗੀ ਕਰਦਾ ਹੈ, ਜਿਸ ਵਿੱਚ ਸਿਟਰਸ ਹਾਈਟਸ, ਫੋਲਸਮ, ਅਤੇ ਰੈਂਚੋ ਕੋਰਡੋਵਾ ਦੇ ਸ਼ਹਿਰ ਅਤੇ ਕਾਰਮਾਈਕਲ, ਫੇਅਰ ਓਕਸ, ਫੁੱਟਹਿਲ ਫਾਰਮ, ਗੋਲਡ ਰਿਵਰ, ਮੈਥਰ, ਮੈਕਲੇਲਨ ਪਾਰਕ, ਨਾਰਥ ਹਾਈਲੈਂਡਜ਼, ਓਰੇਂਜਵੇਲ ਅਤੇ ਰੋਜ਼ਮੋਂਟ ਦੇ ਗੈਰ–ਸੰਗਠਿਤ ਭਾਈਚਾਰੇ ਸ਼ਾਮਲ ਹਨ।

"ਦੇਸ਼ ਦੁਆਬਾ"
ਹਫਤਾਵਾਰੀ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ–ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920,
(ਫੈਕਸ) 1-916-238-1393
www.deshdoaba.com
www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ–ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। –ਸੰਪਾਦਕ

# ਫਰਿਜ਼ਨੋ ਵਿਖੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ 301 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਹੋਏ ਵਿਸ਼ੇਸ਼ ਸਮਾਗਮ

**ਫਰਿਜ਼ਨੋ, ਕੈਲੇਫੋਰਨੀਆ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਫਰਿਜ਼ਨੋ ਦੇ ਗੁਰਦੁਆਰਾ "ਦਰਬਾਰ ਸ੍ਰੀ ਗੁਰੂ ਗ੍ਰੰਥ




ਸਾਹਿਬ ਜੀ" ਵਿਖੇ ਸਿੱਖ ਕੌਮ ਦੇ ਮਹਾਨ ਜਰਨੈਲ ਅਤੇ ਆਗੂ ਜੱਸਾ ਸਿੰਘ ਰਾਮਗੜੀਆਂ ਦੀ 301 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਗਏ।

ਜਿੱਥੇ ਪਾਠ ਦੇ ਭੋਗ ਉਪਰੰਤ ਹਫਤਾਵਾਰੀ ਧਾਰਮਿਕ ਦੀਵਾਨ ਸਜਾਏ ਗਏ। ਜਿੰਨ੍ਹਾਂ ਦੀ ਸੁਰੂਆਤ ਗੁਰੂਘਰ ਅੰਦਰ ਚਲਾਏ ਜਾ ਰਹੇ ਪੰਜਾਬੀ ਸਕੂਲ ਦੇ ਬੱਚਿਆਂ ਨੇ ਸ਼ਬਦ ਗਾਇਨ ਕਰਨ ਨਾਲ ਕੀਤੀ। ਇਸ ਉਪਰੰਤ ਭਾਈ ਗੁਰਮੀਤ ਸਿੰਘ ਅਤੇ ਜੱਥੇ ਨੇ ਕੀਰਤਨ ਰਾਹੀ ਹਾਜ਼ਰੀ ਲਾਉਦੇ ਹੋਏ ਗੁਰਬਾਣੀ ਸਰਵਨ ਕਰਵਾਈ। ਇਸੇ ਤਰ੍ਹਾਂ ਗੁਰੂਘਰ ਦੇ ਹਜ਼ੂਰੀ ਰਾਗੀ ਭਾਈ ਹਰਬਲਜੀਤ ਸਿੰਘ ਅਤੇ ਸਾਥੀਆਂ ਨੇ ਸੰਗਤਾਂ ਨੂੰ ਨਿਰੋਲ ਗੁਰਬਾਣੀ ਅਤੇ ਗੁਰਮਤਿ ਨਾਲ ਜੋੜਿਆ। ਇਸ ਉਪਰੰਤ ਸ। ਫੌਜਾ ਸਿੰਘ ਸਾਗਰ ਅਤੇ ਸਾਥੀਆਂ ਢਾਡੀ ਜੱਥੇ ਨੇ ਜੋਸੀਲੀਆਂ ਵਾਰਾ ਸੁਣਾਉਂਦੇ ਹੋਏ ਸਿੱਖ ਕੌਮ ਦੇ ਮਹਾਨ ਜਰਨੈਲ ਸ। ਜੱਸਾ ਸਿੰਘ ਰਾਮਗੜੀਆਂ ਦੇ ਜੀਵਨ ਅਤੇ ਇਤਿਹਾਸ ਨੂੰ ਸਾਂਝਾ ਕੀਤਾ। ਸਟੇਜ਼ ਸਕੱਤਰ ਦੀ ਸੇਵਾ ਨਿਭਾਉਦੇ ਹੋਏ ਭਾਈ ਜਸਪਾਲ ਸਿੰਘ ਨੇ ਸਿੱਖ ਜਰਨੈਲ ਜੱਸਾ ਸਿੰਘ ਰਾਮਗੜੀਆਂ ਦੇ ਜੀਵਨ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਵਿਦਵਾਨਾਂ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਅਤੇ ਜਿੱਥੇ ਸਿੱਖ ਜਰਨੈਲ ਜੱਸਾ ਸਿੰਘ ਰਾਮਗੜੀਆਂ ਦੀ ਸਿੱਖ ਕੌਮ ਨੂੰ ਬਹਾਦਰ ਬਣਾਉਣ ਦੀ ਗੱਲ ਕੀਤੀ, ਉੱਥੇ ਸਮੂੰਹ ਪ੍ਰਬੰਧਕਾਂ ਅਤੇ ਸੰਗਤ ਦਾ ਧੰਨਵਾਦ ਵੀ ਕੀਤਾ। ਸਮੁੱਚੇ ਪ੍ਰੋਗਰਾਮ ਦੀ ਸੇਵਾ ਸ। ਰੇਸ਼ਮ ਸਿੰਘ, ਸਮੂੰਹ ਟਰੱਕਰਜ਼ ਅਤੇ ਸਹਿਯੋਗੀ ਸੰਗਤਾਂ ਵੱਲੋਂ ਨਿਭਾਈ ਗਈ। ਸਮੁੱਚੇ ਪ੍ਰੋਗਰਾਮ ਗੁਰੂ ਦੇ ਲੰਗਰ ਅਤੁੱਟ ਵਰਤੇ।

# ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ 301 ਸਾਲਾ ਜਨਮ ਦਿਵਸ ਮਨਾਇਆ

**ਫਰਿਜ਼ਨੋ, ਕੈਲੇਫੋਰਨੀਆ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ




ਸਿੱਖ ਕੌਮ ਦੇ ਮਹਾਨ ਜਰਨੈਲ ਅਤੇ ਆਗੂ ਜੱਸਾ ਸਿੰਘ ਰਾਮਗੜੀਆਂ ਦੀ 301 ਸਾਲਾ ਜਨਮ ਦਿਵਸ ਮਨਾਇਆ ਗਿਆ। ਜਿਸ ਦੌਰਾਨ ਗੁਰਮਤਿ ਸਮਾਗਮ ਗੁਰਦੁਆਰਾ ਸਿੰਘ ਸਭਾ ਫਰਿਜਨੋ ਵਿਖੇ ਕਰਵਾਏ ਗਏ। ਜਿਸ ਸੰਬੰਧੀ ਸ. ਅਮਨਦੀਪ ਸਿੰਘ ਮਠਾੜੂ ਅਤੇ ਬੀਬੀ ਜਗਮੀਤ ਕੌਰ ਮਠਾੜੂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਮੁੱਚੇ ਪ੍ਰੋਗਰਾਮ ਹਰ ਸਾਲ ਦੀ ਤਰਾਂ ਸਮੂੰਹ ਸੰਗਤਾਂ ਦੇ ਸਹਿਯੋਗ ਨਾਲ ਸਪੂੰਰਨ ਕੀਤੇ ਗਏ।

ਜਿੱਥੇ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਹਫਤਾਵਾਰੀ ਧਾਰਮਿਕ ਦੀਵਾਨ ਸਜਾਏ ਗਏ। ਜਿੰਨ੍ਹਾਂ ਵਿੱਚ ਗੁਰੂਘਰ ਦੇ ਹਜ਼ੂਰੀ ਰਾਗੀ ਭਾਈ ਸਰਬਜੀਤ ਸਿੰਘ ਅਤੇ ਸਾਥੀਆਂ ਨੇ ਸੰਗਤਾਂ ਨੂੰ ਨਿਰੋਲ ਗੁਰਬਾਣੀ ਅਤੇ ਗੁਰਮਤਿ ਨਾਲ ਜੋੜਿਆ। ਇਸ ਉਪਰੰਤ ਗੁਰੂਘਰ ਦੇ ਹਜ਼ੂਰੀ ਗ੍ਰੰਥੀ ਭਾਈ ਮਲਕੀਤ ਸਿੰਘ ਕਰਨਾਲ ਵਾਲਿਆਂ ਨੇ ਕਥਾ ਵਿਚਾਰਾਂ ਕਰਦੇ ਹੋਏ ਸਿੱਖ ਜਰਨੈਲ ਜੱਸਾ ਸਿੰਘ ਰਾਮਗੜੀਆਂ ਦੇ ਜੀਵਨ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਵਿਦਵਾਨਾਂ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ।

ਜਦ ਕਿ ਹੋਰ ਬੁਲਾਰਿਆਂ ਨੇ ਬੋਲਦੇ ਹੋਏ ਜਿੱਥੇ ਸਿੱਖ ਜਰਨੈਲ ਜੱਸਾ ਸਿੰਘ ਰਾਮਗੜੀਆਂ ਦੀ ਸਿੱਖ ਕੌਮ ਨੂੰ ਬਹਾਦਰ ਬਣਾਉਣ ਦੀ ਗੱਲ ਕੀਤੀ, ਉੱਥੇ ਸਮੂੰਹ ਪ੍ਰਬੰਧਕਾਂ ਅਤੇ ਸੰਗਤ ਦਾ ਧੰਨਵਾਦ ਵੀ ਕੀਤਾ। ਸਮੁੱਚੇ ਪ੍ਰੋਗਰਾਮ ਦੀ ਸੇਵਾ ਇਲਾਕੇ ਦੀ ਸਮੂੰਹ ਸੰਗਤ ਵੱਲੋਂ ਨਿਭਾਈ ਗਈ। ਗੁਰੂ ਦੇ ਲੰਗਰ ਅਤੁੱਟ ਵਰਤੇ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand $99 + Labor
Recap Truck Tire $ 249 + Labor
Recap Trailar Tires and Kind $ 199 + Labor

NEW & USED TIRES
WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021

Across the Street from TA Truck Stop

# ਸਿੱਖਿਆ ਵਿਭਾਗ ਪਠਾਨਕੋਟ ਵੱਲੋਂ ਚਲਾਇਆ ਗਿਆ ਦੋ ਰੋਜ਼ਾ ਮੈਗਾ ਦਾਖ਼ਲਾ ਅਭਿਆਨ

**ਪਠਾਨਕੋਟ–** ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਹਰਭਗਵੰਤ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਜਗਵਿੰਦਰ ਸਿੰਘ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ ਦੇ ਆਦੇਸ਼ਾਂ ਅਨੁਸਾਰ ਜ਼ਿਲ੍ਹੇ ਭਰ ਦੇ ਸਮੂਹ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਸਕੂਲਾਂ ਵਿੱਚ ਦੋ ਰੋਜ਼ਾ ਮੈਗਾ ਦਾਖ਼ਲਾ ਅਭਿਆਨ ਚਲਾਇਆ ਗਿਆ। ਇਸ ਦੋ ਰੋਜ਼ਾ ਦਾਖ਼ਲਾ ਅਭਿਆਨ ਦੌਰਾਨ ਜ਼ਿਲ੍ਹੇ ਵਿੱਚੋਂ 331 ਵਿਦਿਆਰਥੀ ਪ੍ਰਾਈਵੇਟ ਸਕੂਲਾਂ ਨੂੰ ਛੱਡ ਕੇ ਸਰਕਾਰੀ ਸਕੂਲਾਂ ਵਿੱਚ ਦਾਖਲ ਹੋਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ ਨੇ ਦੱਸਿਆ ਕਿ ਦੋ ਰੋਜ਼ਾ ਮੈਗਾ ਦਾਖ਼ਲਾ ਅਭਿਆਨ ਦੌਰਾਨ ਅਧਿਆਪਕਾਂ ਅਤੇ ਅਧਿਕਾਰੀਆਂ ਵੱਲੋਂ ਘਰ-ਘਰ ਜਾ ਕੇ ਮਾਪਿਆਂ ਨੂੰ ਸਰਕਾਰੀ ਸਕੂਲਾਂ ਦੀਆਂ ਪ੍ਰਾਪਤੀਆਂ ਦੱਸ 188 ਬੱਚੇ ਪ੍ਰਾਇਮਰੀ ਸਕੂਲਾਂ ਵਿੱਚ ਅਤੇ 143 ਬੱਚੇ ਅੱਪਰ ਪ੍ਰਾਇਮਰੀ ਸਕੂਲਾਂ ਵਿੱਚ ਦਾਖ਼ਲ ਕੀਤੇ। ਇਸ ਤਰ੍ਹਾਂ ਜ਼ਿਲ੍ਹਾ ਭਰ ਵਿੱਚ ਕੁੱਲ 331 ਬੱਚੇ ਦੋ ਦਿਨਾਂ ਵਿੱਚ ਪ੍ਰਾਈਵੇਟ ਸਕੂਲਾਂ ਨੂੰ ਅਲਵਿਦਾ ਕਹਿ ਸਰਕਾਰੀ ਸਕੂਲਾਂ ਵਿੱਚ ਦਾਖ਼ਲ ਹੋਏ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦੋ



ਦਿਨਾਂ ਦੌਰਾਨ ਬਲਾਕ ਪਠਾਨਕੋਟ -3 ਵੱਲੋਂ 49 ਬੱਚੇ ਪ੍ਰਾਇਮਰੀ ਸਕੂਲਾਂ ਵਿੱਚ ਦਾਖ਼ਲ ਕਰ ਜ਼ਿਲ੍ਹੇ ਭਰ ਵਿੱਚ ਪਹਿਲਾਂ ਸਥਾਨ ਪ੍ਰਾਪਤ ਕੀਤਾ ਹੈ। ਇਸੇ ਤਰ੍ਹਾਂ ਕਲੱਸਟਰਾਂ ਵਿੱਚ ਕਲੱਸਟਰ ਐਮ ਸੀ ਬਜ਼ਾਰ ਨੇ 16 ਅਤੇ ਕਲੱਸਟਰ ਮਾਡਲ ਟਾਊਨ ਨੇ ਵੀ 16 ਬੱਚੇ ਦਾਖ਼ਲ ਕਰ ਜ਼ਿਲ੍ਹੇ ਭਰ ਵਿੱਚੋਂ ਸੰਯੁਕਤ ਤੌਰ ਤੇ ਪਹਿਲਾ ਸਥਾਨ ਅਤੇ ਕਲੱਸਟਰ ਨਰੋਟ ਜੈਮਲ ਸਿੰਘ ਨੇ 15 ਬੱਚੇ ਦਾਖ਼ਲ ਕਰ ਜ਼ਿਲ੍ਹੇ ਭਰ ਵਿੱਚੋਂ ਦੂਜਾ ਸਥਾਨ ਹਾਸਲ ਕੀਤਾ ਹੈ। ਸਕੂਲਾਂ ਸਬੰਧੀ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਪ੍ਰਾਇਮਰੀ ਸਕੂਲ ਭਦਰੋਆ ਨੇ 12 ਬੱਚੇ ਦਾਖ਼ਲ ਕਰ ਪਹਿਲਾਂ, ਦੁਨੇਰਾ ਸਕੂਲ ਨੇ 08 ਬੱਚੇ ਦਾਖ਼ਲ ਕਰ ਦੂਜਾ ਅਤੇ ਪ੍ਰਾਇਮਰੀ ਸਕੂਲ ਘਰੋਟਾ ਨੇ 07 ਬੱਚੇ ਦਾਖ਼ਲ ਕਰ ਤੀਜਾ ਸਥਾਨ ਹਾਸਲ ਕੀਤਾ ਹੈ।

ਅੱਪਰ ਪ੍ਰਾਇਮਰੀ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਪਠਾਨਕੋਟ ਨੇ 22 ਬੱਚੇ ਦਾਖ਼ਲ ਕਰ ਪਹਿਲਾਂ ਅਤੇ ਹਾਈ ਸਕੂਲਾਂ ਵਿੱਚ ਸਰਕਾਰੀ ਹਾਈ ਸਕੂਲ ਸਰਨਾ ਨੇ 51 ਬੱਚੇ ਦਾਖ਼ਲ ਕਰ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਸਭ ਅਧਿਆਪਕਾਂ, ਅਧਿਕਾਰੀਆਂ ਅਤੇ ਸਕੂਲ ਸਟਾਫ਼ ਦੀ ਮਿਹਨਤ ਨਾਲ ਹੀ ਸੰਭਵ ਹੋ ਸਕਿਆ ਹੈ। ਉਨ੍ਹਾਂ ਦੱਸਿਆ ਕਿ ਮੈਗਾ ਦਾਖ਼ਲਾ ਅਭਿਆਨ ਦੌਰਾਨ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ ਅਧਿਆਪਕਾਂ ਅਤੇ ਅਧਿਕਾਰੀਆਂ ਨੂੰ ਵਿਭਾਗ ਵੱਲੋਂ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ ਅਤੇ ਵਿਭਾਗ ਵੱਲੋਂ ਸ਼ੁਰੂ ਕੀਤੀ ਗਈ ਦਾਖ਼ਲਾ ਮੁਹਿੰਮ ਇਸੇ ਤਰ੍ਹਾਂ ਜਾਰੀ ਰਹੇਗੀ।

# ਪਿੰਡ ਸੈਦੀਪੁਰ, ਪਹਾੜੋਂ ਚੱਕ ਅਤੇ ਢੋਲੋਵਾਲ ਵਿਖੇ ਆਮ ਨਾਗਰਿਕਾਂ ਨੂੰ ਵੋਟ ਦੀ ਮਹੱਤਤਾ ਬਾਰੇ ਕੀਤਾ ਜਾਗਰੂਕ- ਪੰਕਜ ਅਰੋੜਾ

**ਪਠਾਨਕੋਟ–** ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਆਦਿੱਤਿਆ ਉੱਪਲ ਦੀ ਰਹਿਨੁਮਾਈ ਹੇਠ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ 002 ਭੋਆ ਹਲਕੇ ਦੀ ਸਵੀਪ ਟੀਮ ਵੱਲੋਂ ਏਡੀਸੀ ਅੰਕੁਰ ਜੀਤ ਸਿੰਘ ਦੀ ਅਗਵਾਈ ਹੇਠ ਜ਼ਿਲ੍ਹਾ ਨੋਡਲ ਕਮ-ਜ਼ਿਲ੍ਹਾ





ਭੂਮੀ ਰੱਖਿਆ ਅਫ਼ਸਰ ਗੁਰਪ੍ਰੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ 002 ਹਲਕਾ ਭੋਆ ਦੇ ਸਵੀਪ ਨੋਡਲ ਅਫ਼ਸਰ ਕਮ- ਬੀਪੀਈਓ ਪਠਾਨਕੋਟ -1 ਪੰਕਜ ਅਰੋੜਾ ਵੱਲੋਂ ਬੀ।ਐਲ।ਓਜ਼ ਦੇ ਸਹਿਯੋਗ ਨਾਲ ਬੂਥ ਲੈਵਲ ਅਵੇਅਰਨੈਂਸ ਗਰੁੱਪ ਅਤੇ ਚੋਣ ਪਾਠਸ਼ਾਲਾ ਰਾਹੀਂ ਭੋਆ ਹਲਕੇ ਦੇ ਵੱਖ ਵੱਖ ਬੂਥਾਂ ’ਤੇ ਵੋਟਰ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ, ਜਿਸ ਤਹਿਤ ਵੋਟਰਾਂ ਨੂੰ ਆਪਣੀ ਵੋਟ ਦੇ ਵਡਮੁੱਲੇ ਹੱਕ ਦੇ ਇਸਤੇਮਾਲ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।

ਇਸੇ ਲੜੀ ਤਹਿਤ ਅੱਜ ਪਿੰਡ ਸੈਦੀਪੁਰ, ਪਹਾੜੋਂ ਚੱਕ ਅਤੇ ਢੋਲੋਵਾਲ ਵਿਖੇ ਵੋਟਰ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਮੌਕੇ 002 ਹਲਕਾ ਭੋਆ ਦੇ ਸਵੀਪ ਨੋਡਲ ਅਫ਼ਸਰ ਕਮ- ਬੀਪੀਈਓ ਪਠਾਨਕੋਟ -1 ਪੰਕਜ ਅਰੋੜਾ ਦੀ ਅਗਵਾਈ ਹੇਠ ਸਵੀਪ ਟੀਮ ਵੱਲੋਂ ਵੋਟਰਾਂ ਨੂੰ ਵੋਟ ਪਾਉਣ ਦੀ ਪ੍ਰਕਿਰਿਆ ਅਤੇ ਲੋਕ ਸਭਾ ਚੋਣਾਂ ਦੀ ਸਮਾਂ ਸਾਰਨੀ ਬਾਰੇ ਜਾਣੂ ਕਰਵਾਉਂਦਿਆਂ ਵੋਟ ਦੇ ਹੱਕ ਦਾ ਲਾਜ਼ਮੀ ਇਸਤੇਮਾਲ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਤੋਂ ਇਲਾਵਾ ਆਮ ਨਾਗਰਿਕਾਂ ਅਤੇ ਸਕੂਲ ਵਿਦਿਆਰਥੀਆਂ ਨੂੰ ਵੋਟ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਸਵੀਪ ਟੀਮ ਵੱਲੋਂ ਵੋਟਿੰਗ ਪ੍ਰਤੀਸ਼ਤਤਾ ਵਿਚ ਵਾਧਾ ਲਿਆਉਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਵੋਟਰਾਂ ਨੂੰ ਮਤਦਾਨ ਵਿਚ ਵੱਧ ਤੋਂ ਵੱਧ ਭਾਗੀਦਾਰੀ ਕਰਨ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ।

# ਕੇ.ਐਲ. ਚਾਂਦ ਟਰੱਸਟ ਯੂ.ਕੇ. ਦੇ ਬਾਨੀ ਕੇ.ਐਲ. ਚਾਂਦ ਨੂੰ ਸਦਮਾ, ਪੁੱਤਰ ਦਾ ਦੇਹਾਂਤ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਅੰਗਹੀਣਾਂ ਦੀ ਸੇਵਾ ਨੂੰ ਸਮਰਪਿਤ ਕੇ.ਐਲ. ਚੰਦ ਵੈਲਫੇਅਰ ਟਰੱਸਟ (ਯੂ.ਕੇ.) ਦੇ ਸੰਸਥਾਪਕ ਕੇ.ਐਲ. ਚਾਂਦ ਦੇ ਸਪੁੱਤਰ ਗੁਰਨੇਕ ਮੱਲ (50) ਜੋ ਕਿ ਲੰਬੀ ਬਿਮਾਰੀ ਤੋਂ ਬਾਅਦ ਆਪਣੀ ਸੰਸਾਰਿਕ ਯਾਤਰਾ ਪੂਰਣ ਕਰਦੇ ਹੋਏ ਗੁਰੂ ਚਰਨਾਂ ਵਿਚ ਜਾ ਵਿਰਾਜੇ ਹਨ।



ਉਹਨਾਂ ਦੇ ਅਕਾਲ ਚਲਾਣਾ ਕਰ ਜਾਣ ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਟਰੱਸਟ ਦੀ ਸੂਬਾ ਇਕਾਈ ਦੇ ਕੋਆਰਡੀਨੇਟਰ ਰਜਿੰਦਰ ਕੁਮਾਰ ਬੰਟੀ ਨੇ ਦੱਸਿਆ ਕਿ ਗੁਰਨੇਕ ਮੱਲ ਕਰੀਬ 30 ਸਾਲ ਪਹਿਲਾਂ ਵਾਪਰੇ ਇਕ ਹਾਦਸੇ ‘ਚ ਗੰਭੀਰ ਜਖਮੀ ਹੋਣ ਕਰਕੇ ਬਹੁਤ ਗੰਭੀਰ ਹਾਲਤ ਵਿਚ ਸਨ। ਜਿਹਨਾਂ ਦੇ ਸਵਾਸਾਂ ਦੀ ਲੜੀ ਇੰਗਲੈਂਡ ‘ਚ ਹੀ ਬੀਤੀ 4 ਮਈ ਦਿਨ ਸ਼ਨੀਵਾਰ ਨੂੰ ਪੂਰੀ ਹੋ ਗਈ।

ਇਸ ਦੁੱਖ ਦੀ ਘੜੀ ‘ਚ ਕੇ।ਐਲ। ਚਾਂਦ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਟਰੱਸਟ ਦੇ ਸਕੱਤਰ ਜਸਵਿੰਦਰ ਸਿੰਘ ਠੇਕੇਦਾਰ, ਕੈਸ਼ੀਅਰ ਆਸ਼ਾ ਰਾਣੀ ਚੁੰਬਰ, ਸੀਨੀਅਰ ਮੈਂਬਰ ਸ਼ਿੰਗਾਰਾ ਰਾਮ ਤੇ ਕੈਲਵਿਨ ਚੁੰਬਰ ਤੋਂ ਇਲਾਵਾ ਗੁਰਨਾਮ ਪਾਲ ਪ੍ਰਧਾਨ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਅਕਾਲਗੜ੍ਹ, ਦੇਵਰਾਜ ਕੈਲੇ ਭੋਜੋਵਾਲ, ਮਲਕੀਅਤ ਸਿੰਘ ਰਘਬੋਤਰਾ ਪ੍ਰਧਾਨ ਬਲੱਡ ਬੈਂਕ ਫਗਵਾੜਾ, ਸਮਾਜ ਸੇਵਕ ਤਾਰਾ ਚੰਦ ਚੁੰਬਰ, ਲਾਇਨ ਗੁਰਦੀਪ ਸਿੰਘ ਕੰਗ, ਐਡਵੋਕੇਟ ਐਸ.ਕੇ. ਅੱਗਰਵਾਲ ਅਤੇ ਸਮਾਜ ਸੇਵਕ ਰਮਨ ਨਹਿਰਾ ਸਮੇਤ ਦੇਸ਼-ਵਿਦੇਸ਼ ਦੀਆਂ ਵੱਖ ਵੱਖ ਸ਼ਖਸੀਅਤਾਂ ਅਤੇ ਜੱਥੇਬੰਦੀਆਂ ਦੇ ਆਗੂਆਂ ਨੇ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕਰਦਿਆਂ ਕਿਹਾ ਕਿ ਕੇ.ਐਲ. ਚਾਂਦ ਨੇ ਆਪਣੇ ਸਪੁੱਤਰ ਦੀ ਬਿਮਾਰੀ ਤੋਂ ਪ੍ਰੇਰਿਤ ਹੋ ਕੇ ਹੀ ਟਰੱਸਟ ਦਾ ਗਠਨ ਕੀਤਾ ਸੀ ਤੇ ਕਾਫੀ ਸਾਲਾਂ ਤੋਂ ਦੁਨੀਆ ਭਰ ਦੇ ਦੀਨ-ਦੁਖੀਆਂ ਦੀ ਸੇਵਾ ਵਿੱਚ ਰੁੱਝੇ ਹੋਏ ਹਨ। ਪਰਮਾਤਮਾ ਨੇ ਉਹਨਾਂ ਨੂੰ ਪੁੱਤਰ ਦੇ ਵਿਛੋੜੇ ਦਾ ਜੋ ਦੁੱਖ ਦਿੱਤਾ ਹੈ, ਉਹ ਅਸਹਿਣਯੋਗ ਹੈ ਪਰ ਕੁਦਰਤ ਦੇ ਭਾਣੇ ਨੂੰ ਸਿਰ ਝੁਕਾਅ ਕੇ ਸਵੀਕਾਰ ਕਰਨਾ ਚਾਹੀਦਾ ਹੈ। ਉਹਨਾਂ ਭਰੋਸਾ ਜਤਾਇਆ ਕਿ ਪਰਮਾਤਮਾ ਕੇ।ਐਲ। ਚਾਂਦ ਅਤੇ ਉਹਨਾਂ ਦੇ ਪਰਿਵਾਰ ਨੂੰ ਇਸ ਦੁੱਖ ਨੂੰ ਸਹਿਣ ਕਰਨ ਦਾ ਬਲ ਬਖਸ਼ੇਗਾ।

# ਜ਼ਿਲ੍ਹੇ ਅੰਦਰ ਹਰੇ ਅੰਬ, ਨਿੰਮ, ਪਿੱਪਲ ਅਤੇ ਬੋਹੜ ਦੇ ਰੁੱਖਾਂ ਦੀ ਕਟਾਈ ’ਤੇ ਪਾਬੰਦੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਮੈਜਿਸਟਰੇਟ ਨਵਜੋਤ ਪਾਲ ਸਿੰਘ ਰੰਧਾਵਾ ਨੇ ਫ਼ੌਜਦਾਰੀ ਜ਼ਾਬਤਾ ਸੰਘਤਾ 1973 (1974 ਦਾ ਐਕਟ-2) ਦੀ ਧਾਰਾ 144 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਹਰੇ ਅੰਬ, ਨਿੰਮ, ਪਿੱਪਲ ਅਤੇ ਬੋਹੜ ਦੇ ਬਹੁਤ ਹੀ ਮਹੱਤਵਪੂਰਨ ਰੁੱਖਾਂ ਦੇ ਕੱਟਣ ’ਤੇ ਪੂਰਨ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ।ਜਾਰੀ ਹੁਕਮਾਂ ਵਿਚ ਕਿਹਾ ਗਿਆ ਹੈ ਕਿ ਜੇਕਰ ਉਕਤ ਰੁੱਖਾਂ ਨੂੰ ਵਿਸ਼ੇਸ਼ ਹਾਲਾਤ ਵਿਚ ਕੱਟਣਾ ਜ਼ਰੂਰੀ ਹੋਵੇ, ਤਾਂ ਜੰਗਲਾਤ ਵਿਭਾਗ ਦੀ ਪ੍ਰਵਾਨਗੀ ਨਾਲ ਹੀ ਕੱਟੇ ਜਾਣ। ਇਸ ਮੰਤਵ ਲਈ ਵਣ ਵਿਭਾਗ ਵੱਲੋਂ ਉਹੀ ਪ੍ਰਕਿਰਿਆ ਅਪਣਾਈ ਜਾਵੇਗੀ, ਜਿਹੜੀ ਕਿ ਪੰਜਾਬ ਭੂਮੀ ਸੁਰੱਖਿਆ ਐਕਟ 1900 ਦਫ਼ਾ-4 ਅਤੇ 5 ਅਧੀਨ ਬੰਦ ਰਕਬੇ ਵਿਚ ਪਰਮਿਟ ਦੇਣ ਲਈ ਅਪਣਾਈ ਜਾਂਦੀ ਹੈ। ਜੇਕਰ ਡੀਲਿਸਟ ਏਰੀਏ ਤੋਂ ਇਲਾਵਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਕਿਸੇ ਵੀ ਜਗ੍ਹਾਂ ਤੇ ਹਰੇ ਅੰਬ, ਨਿੰਮ, ਪਿੱਪਲ ਅਤੇ ਬੋਹੜ ਦੇ ਦਰਖੱਤਾਂ ਨੂੰ ਕੱਟਣਾਂ ਜ਼ਰੂਰੀ ਹੋਵੇ ਤਾਂ ਉਸ ਦੀ ਪ੍ਰਵਾਨਗੀ ਡਿਪਟੀ ਕਮਿਸ਼ਨਰ, ਸ਼ਹੀਦ ਭਗਤ ਸਿੰਘ ਨਗਰ ਦੇ ਦਫ਼ਤਰ ਤੋਂ ਲੈਣ ਉਪਰੰਤ ਹੀ ਕੱਟੇ ਜਾਣ।



ਇਨ੍ਹਾਂ ਹੁਕਮਾਂ ਵਿਚ ਕਿਹਾ ਗਿਆ ਹੈ ਕਿ ਇਹ ਵੇਖਣ ਵਿਚ ਆਇਆ ਹੈ ਕਿ ਕੁਝ ਲੋਕਾਂ ਵੱਲੋਂ ਹਰੇ ਅੰਬ, ਨਿੰਮ, ਪਿੱਪਲ ਅਤੇ ਬੋਹੜ ਦੇ ਰੁੱਖਾਂ ਨੂੰ ਬਿਨਾਂ ਵਜ੍ਹਾ ਕੱਟਿਆ ਰਿਹਾ ਹੈ। ਇਹ ਦਰੱਖਤ ਪ੍ਰਾਚੀਨ ਸਮੇਂ ਤੋਂ ਹੀ ਧਾਰਮਿਕ ਮਹੱਤਤਾ ਰੱਖਦੇ ਹਨ ਅਤੇ ਇਨ੍ਹਾਂ ਦਾ ਵਾਤਾਵਰਨ ਨੂੰ ਪ੍ਰਦੂਸ਼ਣ ਤੋਂ ਬਚਾਉਣ ਵਿਚ ਵੱਡਾ ਯੋਗਦਾਨ ਹੈ। ਇਸ ਤੋਂ ਇਲਾਵਾ ਜੰਗਲੀ ਜੀਵਾਂ ਅਤੇ ਪੰਛੀਆਂ ਆਦਿ ਦਾ ਰੈਣ-ਬਸੇਰਾ ਵੀ ਆਮ ਤੌਰ ’ਤੇ ਇਨ੍ਹਾਂ ਵੱਡੇ ਦਰੱਖਤਾਂ ’ਤੇ ਹੁੰਦਾ ਹੈ। ਅਜਿਹੇ ਰੁੱਖਾਂ ਦੀ ਕਟਾਈ ਨਾਲ ਜਿਥੇ ਵਾਤਾਵਰਨ ਤੇ ਮਾੜਾ ਅਸਰ ਪੈਂਦਾ ਹੈ, ਉਥੇ ਪੰਛੀਆਂ ਦੇ ਰੈਣ-ਬਸੇਰੇ ’ਤੇ ਵੀ ਪ੍ਰਤੀਕੂਲ ਅਸਲ ਪੈਂਦਾ ਹੈ, ਜਿਸ ਕਰਕੇ ਪੰਛੀਆਂ ਦੀਆਂ ਕਈ ਪ੍ਰਜਾਤੀਆਂ ਲੁਪਤ ਹੋ ਰਹੀਆਂ ਹਨ। ਇਹ ਹੁਕਮ 02 ਜੁਲਾਈ, 2024 ਤੱਕ ਲਾਗੂ ਰਹਿਣਗੇ।

ਜ਼ਿਲ੍ਹਾ ਮੈਜਿਸਟ੍ਰੇਟ ਨਵਜੋਤ ਪਾਲ ਸਿੰਘ ਰੰਧਾਵਾ ਨੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ 23548 ਆਫ਼ 2017 ਅਤੇ 23905 ਆਫ਼ 2017 ਵਿੱਚ ਪਾਸ ਕੀਤੇ ਹੁਕਮਾਂ ਦੀ ਪਾਲਣਾ ਵਿੱਚ ਵਿਆਹ ਵਾਲੇ ਦਿਨ, ਨਵੇਂ ਸਾਲ ਦੇ ਦਿਵਸ ਜਾਂ ਕੋਈ ਵੀ ਖੁਸ਼ੀ ਦੇ ਤਿਉਹਾਰ ਮੌਕੇ ਪਟਾਕੇ ਚਲਾਉਣ ’ਤੇ ਮਨਾਹੀ ਦੇ ਹੁਕਮ ਕੀਤੇ ਹਨ।

# ਜਨਤਕ ਜਮਹੂਰੀ ਜਥੇਬੰਦੀਆਂ ਵਲੋਂ ਮੋਦੀ ਦੇ ਫਿਰਕੂ ਬਿਆਨਾਂ ਅਤੇ ਭਾਜਪਾ ਦੇ ਫਾਸ਼ੀਵਾਦੀ ਏਜੰਡੇ ਖਿਲਾਫ਼ ਰੋਸ ਮੁਜਾਹਰਾ

**ਸੰਗਰੂਰ, (ਦਲਜੀਤ ਕੌਰ)** ਸੰਗਰੂਰ ਦੀਆਂ ਜਨਤਕ ਜਮਹੂਰੀ, ਲੋਕ ਪੱਖੀ ਜਥੇਬੰਦਆ਼ ਵੱਲੋਂ ਮੁਲਕ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਆਗੂਆਂ ਦੀਆਂ ਦੇਸ਼ ਨੂੰ ਧਰਮ ਦੇ ਅਧਾਰ ਤੇ ਫਿਰਕੂ ਵੰਡੀਆਂ ਪਾਉਣ, ਦੇਸ ਦਾ ਧਰੁ-ਵੀਕਰਨ ਕਰਨ, ਘੱਟ ਗਿਣਤੀਆਂ ਖਿਲਾਫ ਜ਼ਹਿਰ ਉਗਲਣ ਖਿਲਾਫ ਰੋਸ਼ ਮੁਜਾਹਰਾ ਕੀਤਾ ਗਿਆ। ਇਹ ਸਦਭਾਵਨਾ ਦਾ ਸੁਨੇਹਾ ਵਿਖੇਰਦਾ ਰੋਸ਼ ਮੁਜਾਹਰਾ ਬਨਾਸਰ ਬਾਗ ਵਿੱਚ ਭਰਵੀਂ ਰੈਲੀ ਕਰਨ ਉਪਰੰਤ ਕਾਫਲੇ ਦੇ ਰੂਪ ਵਿੱਚ ਬਜਾਰਾਂ ਵਿੱਚ ਹੁੰਦਾ ਹੋਇਆ ਫੇਰੂਮਾਨ ਚੌਂਕ ਪਹੁੰਚਿਆ ਜਿਥੇ ਨਰਿੰਦਰ ਮੋਦੀ ਅਤੇ ਭਾਜਪਾ ਦੇ ਪੁਤਲੇ ਫੂਕੇ ਗਏ।

ਸਥਾਨਕ ਬਨਾਰਸ ਬਾਗ਼ ਵਿਚ ਰੈਲੀ ਨੂੰ ਸੰਬੋਧਨ ਕਰਦਿਆਂ ਜਮਹੂਰੀ ਅਧਿਕਾਰ ਸਭਾ ਦੇ ਸੂਬਾ ਆਗੂ ਸਵਰਨ-ਜੀਤ ਸਿੰਘ ਨੇ ਕਿਹਾ ਸੱਤਾ ਹਥਿਆਉਣ ਲਈ ਲੋਕਤੰਤਰ ਦਾ ਘਾਣ ਕਰਦਿਆਂ ਭਾਜਪਾ ਆਗੂਆਂ ਨੇ ਜਿਸ ਤਰਾਂ ਦੀ ਬਿਆਨਬਾਜੀ ਕੀਤੀ ਹੈ ਉਹ ਅਸਹਿਣਯੋਗ ਤਾਂ ਹੈ ਹੀ, ਉਥੇ ਉਹ ਅਤਿ ਨਿੰਦਣਯੋਗ ਅਤੇ ਸਮਾਜਿਕ ਭਾਈਚਾਰੇ ਨੂੰ ਮਲੀ-ਆਮੇਟ ਕਰਨ ਵਾਲੀ ਵੀ ਹੈ, ਅਸਲ ਵਿੱਚ ਭਾਜਪਾ ਇਹ ਸਭ ਕੁਝ ਬੇਰੁਜਗਾਰੀ, ਸਮਾਜਿਕ ਅਤੇ ਆਰਥਿਕ ਨਾ ਬਰਾਬਰੀ, ਅਸਮਾਨੀ ਛੂੰਹਦੀ ਮਹਿੰਗਾਈ, ਗੁਰਬਤ ਨਾਲ ਘੁਲ ਰਹੇ ਗਰੀਬ, ਮਰ ਰਹੀ ਕਿਸਾਨੀ ਤੇ ਸੰਘਰਸ਼ ਕਰਦਿਆਂ ਦੇ ਕਤਲ, ਜਲ ਰਿਹਾ ਮਨੀਪੁਰ, ਆਦਿ ਤੋਂ ਧਿਆਨ ਹਟਾਉਣ ਲਈ ਕਰ ਰਹੀ ਹੈ। ਉਹਨਾਂ ਕਿਹਾ ਇਹ ਮੋਦੀ ਦਾ ਉਹੀਂ ਮੂੰਹ ਹੈ ਜਿਸ ਵਿਚੋ ਜਦੋਂ ਮਣੀਪੁਰ ਵਿੱਚ ਫਿਰਕੂ ਟੋਲੇ ਸਾਡੀਆਂ ਮਾਵਾਂ ਭੈਣਾ ਨੂੰ ਨਿਰਵਸਤਰ ਘੁਮਾ ਰਹੇ ਸੀ, ਜਬਹਜਿਨਾਹ ਹੋ ਰਹੇ ਸੀ ਵਿਚੋਂ ਇਕ ਵੀ ਹਮਦਰਦੀ ਭਰਿਆ ਸਬਦ ਨਾ ਨਿਕਲਿਆ ਜੋ ਕਿ



ਪ੍ਰਧਾਨ ਮੰਤਰੀ ਦੀ ਜੁਮੇਵਾਰੀ ਬਣਦੀ ਸੀ। ਇਹਨਾਂ ਭਰਾ ਮਾਰੂ ਕਾਰਵਾਈਆਂ ਨਾਲ ਸਮਾਜ ਦਾ ਘਾਣ ਕਰਕੇ ਕਾਰਪੋਰੇਟ ਸੈਕਟਰ, ਸਾਮਰਾਜੀ ਤਾਕਤਾਂ ਨੂੰ ਮਜਬੂਤ ਕੀਤਾ ਜਾ ਰਿਹਾ ਹੈ। ਜਿਸ ਨੂੰ ਕਿਸੇ ਵੀ ਹਾਲਤ ਵਿੱਚ ਭਾਰਤੀ ਲੋਕ ਸਹਿਣ ਨਹੀ ਕਰਨਗੇ। ਰੈਲੀ ਨੂੰ ਸੰਬੋਧਨ ਕਰਦਿਆਂ ਕਰਾਂਤੀਕਾਰੀ ਪੇਂਡੂ ਮਜਦੂਰ ਯੂਨੀਅਨ ਪੰਜਾਬ ਦੇ ਲਖਵੀਰ ਲੌਂਗੋਵਾਲ, ਕਿਰਤੀ ਕਿਸਾਨ ਯੂਨੀਅਨ ਦੇ ਦਰਸ਼ਨ ਕੂਨਰਾਂ, ਤਰਕਸ਼ੀਲ ਸੁਸਾਇਟੀ ਦੇ ਪਰਮਵੇਦ, ਕਰਾਤੀਕਾਰੀ ਪੇਂਡੂ ਮਜਦੂਰ ਯੂਨੀਅਨ ਦੇ ਧਰਮ ਪਾਲ ਨਮੋਲ, ਡੈਮੋਕਰੇਟਿਕ ਟੀਚਰਜ ਫਰੰਟ (ਦਿਗਵਿਜੇ) ਦੇ ਜਸਵੀਰ ਨਮੋਲ, ਦੇਸ ਭਗਤ ਯਾਦਗਾਰ ਦੇ ਬਲਵੀਰ ਲੌਂਗੋਵਾਲ, ਜੁਝਾਰ ਲੌਂਗੋਵਾਲ, ਟੈਕਨੀਕਲ ਅਤੇ ਮਕੈਨੀਕਲ ਇੰਪਲਾਈਜ ਯੂਨੀਅਨ ਦੇ ਹਰਜੀਤ ਸਿੰਘ ਬਾਲੀਆ, ਡੈਮੋਕਰੇਟਿਕ ਟੀਚਰਜ ਫਰੰਟ (ਡੀ ਐਮ ਐਫ ਸਬੰਧਤ) ਦੇ ਸੁਖਵਿੰਦਰ ਗਿਰ, ਪਾਵਰਕੌਮ ਪੈਨਸ਼ਨਰਜ ਯੂਨੀਅਨ ਦੇ ਜਗਦੇਵ ਸਿੰਘ ਬਾਹੀਆ, ਡੈਮੋਕਰੇਟਿਕ ਟੀਚਰਜ ਫਰੰਟ ਦੇ ਰਘਵੀਰ ਸਿੰਘ ਭਵਾਨੀਗੜ੍ਹ, ਨੌਜਵਾਨ ਭਾਰਤ ਸਭਾ ਦੇ ਸੁਖਦੀਪ ਹਥਨ, ਭਾਰਤੀ ਕਿਸਾਨ ਯੂਨੀਅਨ (ਉਗਰਾਹਾ) ਦੇ ਗਵਿੰਦਰ ਮੰਗਵਾਲ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਕੁਲਦੀਪ ਜੋਸ਼ੀ, ਪੰਜਾਬ ਪੈਨਸਨਰਜ਼ ਐਸੋਸੀਏਸ਼ਨ ਦੇ ਜੀਤ ਸਿੰਘ ਢੀਂਡਸਾ, ਅਦਾਰਾ ਤਰਕਸ ਦੇ ਇੰਨਜਿੰਦਰ ਖੀਵਾ, ਕੁੱਲ ਹਿੰਦ ਕਿਸਾਨ ਸਭਾ ਦੇ ਅਮਰੀਕ ਕਾਂਝਲਾ, ਪੀ ਐਸ ਯੂ (ਲਲਕਾਰ) ਦੇ ਅਮਨ, ਇਸਤਰੀ ਜਾਗਰਤੀ ਮੰਚ ਦੀ ਹਰਪ੍ਰੀਤ ਕੌਰ, ਕਿਸਾਨ ਸਭਾ ਦੇ ਲਛਮਣ ਅਲੀਸੇਰ, ਜਮਹੂਰੀ ਕਿਸਾਨ ਸਭਾ ਦੇ ਸਰਬਜੀਤ ਸਿੰਘ, ਜਮਾਤੀ ਇਨਸਾਫ ਦੇ ਅਬਦੁਲ ਸ਼ਕੂਰ, ਆਈ ਡੀ ਪੀ ਦੇ ਫਲਜੀਤ ਸਿੰਘ ਨੇ ਅਹਿਦ ਕੀਤਾ ਕਿ ਮੁਲਕ ਵਿਚ ਫਿਰਕੂ ਕੱਟੜ ਅਤੇ ਜਨੂੰਨੀ ਤਾਕਤਾਂ, ਭਾਵੇਂ ਉਹ ਕਿਸੇ ਵੀ ਧਰਮ ਨਾਲ ਸਬੰਧਤ ਹੋਣ, ਨੂੰ ਸਿਰ ਨਹੀਂ ਚੁੱਕਣ ਦਿੱਤਾ ਜਾਵੇਗਾ। ਉਹਨਾਂ ਦੇਸ ਦੇ ਲੋਕਾਂ ਨੂੰ ਆਪਣਾ ਆਪਸੀ ਭਾਈਚਾਰਕ ਕਾਇਮ ਰੱਖਣ ਅਤੇ ਜਮਾਤੀ ਸਾਂਝ ਨੂੰ ਮਜ਼ਬੂਤ ਕਰਨ ਦੀ ਮੰਗ ਵੀ ਕੀਤੀ।

ਜਮਹੂਰੀ ਅਧਿਕਾਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਜਗਜੀਤ ਸਿੰਘ ਭੁਟਾਲ ਨੇ ਰੈਲੀ ਵਿਚ ਆਏ ਸਾਰੇ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਸਭਾ ਦੇ ਜ਼ਿਲ੍ਹਾ ਸਕੱਤਰ ਕੁਲਦੀਪ ਸਿੰਘ ਵਲੋਂ ਕੀਤਾ ਗਿਆ। ਰੈਲੀ ਵਿਚ ਉਪਰੋਕਤ ਤੋਂ ਇਲਾਵਾ ਵੱਖ ਵੱਖ ਜਥੇਬੰਦੀਆਂ ਦੇ ਸਰਵ ਸ਼ਿਰੀ ਲਾਲ ਚੰਦ, ਵਿਸਵਕਾਂਤ, ਅਮਰੀਕ ਖੋਖਰ, ਹਰਗੋਬਿੰਦ ਸੇਰਪੁਰ, ਗੁਰਚਰਨ ਕਾਝਲੀ, ਗੁਰਬਖਸ਼ੀਸ਼ ਬਰਾੜ ,ਪ੍ਰਿੰਸੀਪਲ ਇਕਬਾਲ ਖੋਖਰ, ਚੰਦ ਸਿੰਘ ਧੂਰੀ, ਸੁਰਿੰਦਰ ਉਪਲੀ, ਸੀਤਾ ਰਾਮ, ਹਰਦੇਵ ਲੌਂਗੋਵਾਲ, ਚਮਕੌਰ ਸਿੰਘ ਮਹਿਲਾਂ, ਬਲਵਿੰਦਰ ਸੇਖੋਂ (ਰਿਟਾਇਰਡ ਡੀ ਐਸ ਪੀ) ਆਦਿ ਆਗੂ ਹਾਜਰ ਸਨ। ਕੁਲਵਿੰਦਰ ਬੰਟੀ, ਗੁਰਵਿੰਦਰ ਨੇ ਇਨਕਲਾਬੀ ਗੀਤ ਪੇਸ਼ ਕੀਤੇ ਗਏ।

# ਬੀਕੇਯੂ ਡਕੌਂਦਾ ਦੀ ਜ਼ਿਲ੍ਹਾ ਪੱਧਰੀ ਮੀਟਿੰਗ 'ਚ ਅਹਿਮ ਮਸਲੇ ਵਿਚਾਰੇ

## 21 ਮਈ ਨੂੰ ਜਗਰਾਉਂ 'ਚ ਕਿਸਾਨ ਮਹਾਂ ਪੰਚਾਇਤ ਲਈ ਸੰਗਰੂਰ ਜ਼ਿਲ੍ਹੇ ਦੇ ਹਜ਼ਾਰਾਂ ਕਿਸਾਨ ਹੋਣਗੇ ਸਾਮਲ

**ਸੰਗਰੂਰ, (ਦਲਜੀਤ ਕੌਰ)** ਬੀਕੇਯੂ ਏਕਤਾ ਡਕੌਂਦਾ ਦੀ ਜ਼ਿਲ੍ਹਾ ਪੱਧਰੀ ਮਹੀਨਾਵਾਰ ਮੀਟਿੰਗ ਗੁਰਦੁਆਰਾ ਨਾਨਕਿਆਣਾ ਸਾਹਿਬ ਸੰਗਰੂਰ ਵਿਖੇ ਸੂਬਾ ਸੀਨੀਅਰ



ਮੀਤ ਪ੍ਰਧਾਨ ਗੁਰਮੀਤ ਸਿੰਘ ਭੱਟੀਵਾਲ, ਸੂਬਾ ਜਰਨਲ ਸਕੱਤਰ ਜਗਮੋਹਨ ਸਿੰਘ ਪਟਿਆਲਾ ਤੇ ਕਰਮ ਸਿੰਘ ਬਲਿਆਲ ਦੀ ਅਗਵਾਈ ਹੇਠ ਕੀਤੀ ਗਈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜਿਲਾ ਪ੍ਰੈਸ ਸਕੱਤਰ ਕੁਲਦੀਪ ਜੋਸ਼ੀ ਨੇ ਦੱਸਿਆ ਕਿ ਤੇ ਲਖਬੀਰ ਸਿੰਘ ਲੱਖਾ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ, ਬਲਾਕ ਧੂਰੀ ਦੇ ਪ੍ਰਧਾਨ ਨਾਜਮ ਸਿੰਘ ਪੁੰਨਾਵਾਲ, ਬਲਾਕ ਸ਼ੇਰਪੁਰ ਦੇ ਪ੍ਰਧਾਨ ਸ਼ਮਸ਼ੇਰ ਸਿੰਘ, ਬਲਾਕ ਭਵਾਨੀਗੜ੍ਹ ਤੋਂ ਬੁੱਧ ਸਿੰਘ, ਗੋਰਾ ਸਿੰਘ ਭੱਟੀਵਾਲ, ਨਛੱਤਰ ਸਿੰਘ ਅਤੇ ਬਲਾਕ ਸਨਾਮ ਤੋਂ ਪ੍ਰਧਾਨ ਬਿੰਦਰ ਪਾਲ ਸ਼ਰਮਾ ਜੀ ਸਮੇਤ ਆਪਣੀ ਬਲਾਕ ਟੀਮ ਤੇ ਇਕਾਈਆਂ ਦੇ ਪ੍ਰਧਾਨਾਂ ਅਤੇ ਵਰਕਰਾਂ ਦੀ ਹਾਜ਼ਰੀ ਵਿੱਚ ਸ਼ੁਰੂ ਕੀਤੀ ਗਈ ਜਿਸ ਵਿੱਚ ਹੇਠ ਲਿਖੇ ਅਨੁਸਾਰ ਵਿਚਾਰ ਕੀਤਾ ਗਿਆ ਜਿਸ ਵਿੱਚ ਅੱਜ ਮੇਨ 21 ਮਈ ਨੂੰ ਸੂਬਾ ਪੱਧਰੀ ਕਿਸਾਨ ਮਹਾਂਪੰਚਾਇਤ ਜਗਰਾਉਂ ਵਿਖੇ ਕਰਨ ਸੰਬੰਧੀ ਇੱਕ ਨੰਬਰ ਤੇ ਮੁੱਦਾ ਲਾਇਆ ਗਿਆ। ਨੰਬਰ ਦੋ ਤੇ 6 ਮਈ 2024 ਨੂੰ ਜਮਹੂਰੀ ਅਧਿਕਾਰ ਸਭਾ ਵੱਲੋਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਰੋਧ ਵਿੱਚ ਮੀਟਿੰਗ ਸੰਗਰੂਰ ਬਨਸਰ ਬਾਗ ਵਿਚ ਰੱਖੀ ਗਈ ਹੈ ਤੇ ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ਫਾਸ਼ੀਵਾਦੀ ਨੀਤੀਆਂ ਦਾ ਪਰਦਾਫਾਸ਼ ਕੀਤਾ ਜਾਣ ਦਾ ਮੁੱਦਾ ਲਾਇਆ ਗਿਆ ਹੈ। ਨੰਬਰ ਤਿੰਨ ਜਹਾਂਗੀਰ ਦੇ ਮਸਲੇ ਵਿੱਚ ਕੇਸ ਬਦਲ ਕੇ ਐਸਡੀਐਮ ਧੂਰੀ ਤੋਂ ਐਸਡੀਐਮ ਭਵਾਨੀਗੜ੍ਹ ਨੂੰ ਮਾਰਕ ਕੀਤਾ ਗਿਆ ਦੇਸ਼ ਸਬੰਧ ਵਿੱਚ ਜਿਸ ਦੀ ਅਗਲੀ ਤਰੀਕ 14 ਮਈ ਹੈ ਉਹਦੇ ਸਬੰਧੀ ਵਿਚਾਰ ਕੀਤਾ ਗਿਆ ਅਤੇ ਸੀਜ਼ਨਲ ਫੰਡ ਇਕੱਠਾ ਕਰਨ ਬਾਰੇ ਵਿਚਾਰ ਕੀਤਾ ਗਿਆ। ਇਸ ਤੋਂ ਇਲਾਵਾ ਪਿੰਡ ਫਰਵਾਹੀ ਬਲਾਕ ਸ਼ੇਰਪੁਰ ਦਾ ਮਸਲਾ ਜੋ ਏਜੰਟ ਤੋਂ ਪੈਸਾ ਮੁੜਵਾਉਣ ਸਬੰਧੀ ਲਾਇਆ ਗਿਆ। ਨੰਬਰ ਛੇ ਤੇ ਮੈਡੀਕਲ ਕਾਲਜ ਮਸਤੂਆਣਾ ਸਾਹਿਬ ਬਾਰੇ ਵਿਚਾਰ ਚਰਚਾ ਕੀਤੀ ਗਈ ਅਤੇ ਇਸ ਤੋਂ ਇਲਾਵਾ ਜ਼ਿਲ੍ਹਾ ਮੀਟਿੰਗ ਅਗਲੀ ਤਰੀਕ ਤੇ ਜਗ੍ਹਾ ਨਿਸ਼ਚਿਤ ਕਰਨ ਬਾਰੇ ਵਿਚਾਰ ਕੀਤਾ ਗਿਆ। ਬਲਾਕ ਸੁਨਾਮ ਵੱਲੋਂ ਲੌਂਗੋਵਾਲ ਬੈਂਕ ਕੋਪਰੇਟਿਵ ਦੇ ਅੱਗੇ ਜੋ ਧਰਨਾ ਲਾਇਆ ਗਿਆ ਇਹਦੇ ਸਬੰਧੀ ਵਿਚਾਰ ਕੀਤਾ ਗਿਆ।

ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਸਾਰੇ ਮੁੱਦੇ ਵਿਚਾਰੇ ਗਏ ਸਾਰੇ ਮੁੱਦਿਆਂ ਦੇ ਵਿਚਾਰਨ ਤੋਂ ਬਾਅਦ ਦੇ ਵਿੱਚ ਮੁੱਖ ਮੁੱਦਾ ਉਹ ਵੀ ਜਿਹੜਾ 21 ਮਈ ਨੂੰ ਜਗਰਾਉਂ ਵਿਖੇ ਕਿਸਾਨ ਮਹਾਂ ਪੰ-ਚਾਇਤ ਕਰਨ ਦੇ ਸਬੰਧ ਵਿੱਚ ਰੱਖਿਆ ਗਿਆ ਹੈ ਜਿਸ ਦੇ ਵਿੱਚ ਬੀਜੇਪੀ ਧੱਕਾ ਕਰ ਰਹੀ ਹੈ ਇਸ ਵਿੱਚ ਜੋ ਮੇਨ ਮੁੱਦਾ ਉਹ "ਬੀਜੇਪੀ ਹਰਾਓ ਕਾਰਪੋਰੇਟ ਭਜਾਓ" ਤੇ ਦੇਸ਼ ਨੂੰ ਬਚਾਓ ਦੇ ਨਾਅਰੇ ਹੇਠ ਸਾਰੇ ਬਲਾਕਾਂ ਪਿੰਡਾਂ ਦੇ ਪ੍ਰਧਾਨਾਂ ਨੂੰ ਵੱਧ ਤੋਂ ਵੱਧ ਇਕੱਠ ਕਰਕੇ ਲਿਜਾਣ ਸਬੰਧੀ ਹਦਾਇਤ ਕੀਤੀ ਗਈ। ਜਿਸ ਦੇ ਵਿੱਚ ਜ਼ਿਲ੍ਹਾ ਸੰਗਰੂਰ ਦੇ ਵਿੱਚੋਂ ਘੱਟੋ ਘੱਟ 1200 ਤੋਂ ਲੈ ਕੇ 1400 ਜਿਹੜੇ ਵਰਕਰ ਨੇ ਇਹ ਜਾਣਗੇ ਜੀ ਤੇ ਇਸ ਰੈਲੀ ਦਾ ਜਿਹੜਾ ਮੇਨ ਮੁੱਦਾ ਉਹ ਹੈ ਵੀ ਜੋ ਬੀਜੇਪੀ ਪਹਿਲਾਂ ਕਿਸਾਨਾਂ ਨਾਲ ਕੀਤੇ ਵਾਅਦੇ ਤੋਂ ਮੁੱਕਰ ਗਈ ਹੈ ਉਹਦੇ ਸੰਬੰਧ ਦੇ ਵਿੱਚ ਉਹਦੀ ਵਿਰੋਧਤਾ ਦੇ ਵਿੱਚ ਮੇਨ ਮੁੱਦਾ ਰੱਖਿਆ ਗਿਆ ਕਿ ਬੀਜੇਪੀ ਨੂੰ ਹਰਾਓ ਕਾਰਪੋਰੇਟ ਭਜਾਓ ਤੇ ਦੇਸ਼ ਨੂੰ ਬਚਾਓ ਦੇ ਮੁੱਦੇ ਤੇ ਇਹ ਰੈਲੀ ਕੀਤੀ ਜਾਣੀ ਹੈ ਇਸ ਦੇ ਵਿੱਚ ਸੰਯੁਕਤ ਕਿਸਾਨ ਮੋਰਚੇ ਵੱਲੋਂ ਮਹਾਂ ਪੰਚਾਇਤ ਕੀਤੀ ਜਾਣੀ ਹੈ। ਜਗਰਾਉਂ ਦੇ ਵਿੱਚ ਜਿਸ ਦੇ ਵਿੱਚ ਆਹ ਵੋਟਾਂ ਦੇ ਵਿੱਚ ਬੀਜੇਪੀ ਦਾ ਬਾਈਕਾਟ ਕਰਨ ਸਬੰਧੀ ਜਾਂ ਬੀਜੇਪੀ ਨੂੰ ਪਿੰਡਾਂ ਦੇ ਵਿੱਚ ਨਾ ਵੜਨ ਦੇਣ ਸਬੰਧੀ ਵੀ ਇਥੇ ਵਿਚਾਰ ਕੀਤਾ ਜਾਣਾ ਮੇਨ ਮੁੱਦਾ ਇਹ ਰਿਹਾ। ਇਸ ਤੋਂ ਇਲਾਵਾ 6 ਮਈ ਨੂੰ ਜਮਹੂਰੀ ਅਧਿਕਾਰ ਸਭਾ ਵੱਲੋਂ ਵਿਰੋਧ ਕੀਤਾ ਜਾਣਾ ਹੈ ਦੇ ਸਬੰਧ ਦੇ ਵਿੱਚ ਗੁਰਮੀਤ ਸਿੰਘ ਭੱਟੀਵਾਲ ਵੱਲੋਂ ਦੱਸਿਆ ਗਿਆ ਕਿ ਮੋਦੀ ਵੱਲੋਂ ਜੋ ਫਾਸ਼ੀਵਾਦੀ ਨੀਤੀਆਂ ਅਪਣਾਈਆਂ ਜਾਂਦੀਆਂ ਨੇ ਉਹਦੇ ਵਿਰੁੱਧ ਪ੍ਰੋਗਰਾਮ ਬਨਾਸਰ ਬਾਗ ਦੇ ਵਿੱਚ ਰੱਖਿਆ ਗਿਆ ਤੇ ਜਿਸ ਵਿੱਚ ਉਹਨਾਂ ਵੱਲੋਂ ਸਾਡੀ ਜਥੇਬੰਦੀ ਨੂੰ ਸ਼ਮੂਲੀਅਤ ਦੀ ਕਰਨ ਦੀ ਮੰਗ ਕੀਤੀ ਗਈ ਹੈ। ਇੱਕ ਜ਼ਿਲ੍ਹੇ ਆਗੂ ਨੂੰ ਬੁਲਾਰੇ ਦੇ ਤੌਰ ਤੇ ਵੀ ਉਹਨਾਂ ਨੇ ਮੰਗਿਆ ਹੈ ਜਿਸ ਦੇ ਵਿੱਚ ਕੁਲਦੀਪ ਜੋਸ਼ੀ ਦੁੱਗਾਂ ਤੇ ਜਰਨਲ ਸਕੱਤਰ ਸਤਨਾਮ ਮਾਨ ਜਾਣਗੇ ਅਤੇ ਇਸ ਦੀ ਬੀਕੇਯੂ ਡਕੌਂਦਾ ਵੱਲੋਂ ਜੋ ਵਫਦ ਜਾਣਾ ਉਹਦੀ ਅਗਵਾਈ ਕਰਨਗੇ।

# ਮੱਲਪੁਰ ਅੜਕਾਂ ਦੀ ਦੀਪਿਕਾ ਨੇ 600 ਵਿੱਚੋਂ 593 ਅੰਕਾਂ ਨਾਲ ਮੈਰਿਟ ਵਿੱਚ ਥਾਂ ਬਣਾਈ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਸਕੂਲ ਸਿੱਖਿਆ ਬੋਰਡ ਅੱਠਵੀਂ ਪ੍ਰੀਖਿਆ ਵਿੱਚੋ ਮਾਊਂਟ ਸ਼ਿਵਾਲਿਕ ਪਬਲਿਕ ਸਕੂਲ ਭੀਣ ਸ਼.ਭ.ਸ. ਨਗਰ ਦੀ ਦੀਪਿਕਾ ਸਹਿਜਲ ਪੁਤਰੀ ਕੁੰਦਨ ਲਾਲ ਪਿੰਡ ਮੱਲਪੁਰ ਅੜਕਾਂ ਅੱਠਵੀਂ ਜਮਾਤ ਦੇ ਨਤੀਜਿਆਂ ਦੇ ਵਿੱਚੋਂ 600 ਅੰਕ ਦੇ ਵਿੱਚੋਂ 593 98.83% ਅੰਕ ਲੈ ਕੇ ਬਹੁਤ ਵੱਡੀ ਜਿੱਤ ਪ੍ਰਾਪਤ ਕੀਤੀ ਹੈ। ਅੰਕਾਂ ਨਾਲ ਮੈਰਿਟ ਵਿਚ ਥਾਂ ਪ੍ਰਾਪਤ ਕਰਕੇ ਆਪਣੇ ਮਾਤਾ ਪਿਤਾ, ਸਕੂਲ, ਅਧਿਆਪਕਾਂ ਅਤੇ ਪਿੰਡ ਮੱਲਪੁਰ ਅੜਕਾਂ ਦਾ ਨਾਂ ਰੌਸ਼ਨ ਕੀਤਾ ਹੈ। ਸਕੂਲ ਸਟਾਫ ਵਲੋਂ ਇਸ ਹੋਣ ਹਾਰ ਧੀ ਦੀ ਮਿਹਨਤ ਨੂੰ ਸਲਾਮ ਕਰਦਿਆਂ ਮਾਤਾ ਪਿਤਾ ਦੇ ਨਾਲ ਨਾਲ ਸਕੂਲ ਦੇ ਅਧਿਆਪਕਾਂ ਨੂੰ ਬਹੁਤ ਬਹੁਤ ਮੁਬਾਰਕਾਂ ਦਿੱਤੀਆਂ। ਉਹਨਾਂ ਕਿਹਾ ਕਿ ਧੀ ਰਾਣੀ ਆਪਣੀ ਜਿੰਦਗੀ ਵਿੱਚ ਉੱਚੀਆਂ ਮੰਜਿਲਾਂ ਨੂੰ ਸਰ ਕਰਕੇ ਆਪਣਾ, ਆਪਣੇ ਪਰਿਵਾਰ ਅਤੇ ਪਿੰਡ ਮੱਲਪੁਰ ਅੜਕਾਂ ਦੇ ਨਾਂ ਨੂੰ ਹੋਰ ਚਮਕਾਏ। ਪਿੰਡ ਵਾਸੀ ਘਰ ਵਧਾਈਆਂ ਦੇਣ ਪਹੁੰਚ ਰਹੇ ਹਨ।

# ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਤੇ ਡੀ ਜੀ ਪੀ ਪੰਜਾਬ ਗੌਰਵ ਯਾਦਵ ਦੀ ਨਿਰਵਿਘਨ ਲੋਕ ਸਭਾ ਚੋਣ ਲਈ ਮਾਹਿਲਪੁਰ ਤਿਆਰ ਹੈ

ਕਲਾ ਤੇ ਸੰਗੀਤ ਪ੍ਰੇਮੀ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ ਜੀ ਦੀਆਂ ਪੁਲਿਸ ਵਿਭਾਗ ਨੂੰ ਨਿਰਦੇਸ਼ ਨੇ ਕਿ ਨਿਰਵਿਘਨ, ਪੁਰ ਅਮਨ ਲੋਕ ਸਭਾ ਚੋਣਾਂ ਹੋਣ ਤੇ ਮਾਹਿਲਪੁਰ ਇਲਾਕੇ ਵਿੱਚ ਇਸ ਸਬ ਲਈ ਆਪਣੀ ਟੀਮ ਤੇ ਫੋਰਸ ਨਾਲ ਥਾਣਾ ਮੁੱਖੀ ਬਲਜਿੰਦਰ ਸਿੰਘ ਤਿਆਰ ਹਨ। ਓਹਨਾਂ ਕਿਹਾ ਕਿ ਡਿਪਟੀ ਕਮਿਸ਼ਨਰ ਸਾਹਿਬਾਂ ਨੂੰ ਅਸੀਂ ਯਕੀਨ ਦਿਵਾਇਆ ਹੈ ਕਿ ਹਰ ਵੋਟਰ ਡਰ ਮੁਕਤ ਵੋਟ ਪਾਏਗਾ। ਓਹਨਾਂ ਕਿਹਾ ਕਿ ਸਾਡੇ ਪੁਲਿਸ ਮੁੱਖੀ ਸ੍ਰੀ ਗੌਰਵ ਯਾਦਵ ਨੇ ਵੀ ਕਿਹਾ ਹੈ ਕਿ ਇਸ ਵਾਰ ਸ਼ਾਂਤੀ ਪੂਰਵਕ ਵੋਟਿੰਗ ਤੇ ਓਹ ਆਪਣੇ ਮਹਿਕਮੇ ਦੀ ਵਿਸ਼ੇਸ਼ ਦਾਦ ਦੇਣਗੇ।ਮਾਹਿਲਪੁਰ ਨੂੰ ਨਸ਼ਾ ਮੁਕਤ ਕਰਨ ਵਿੱਚ ਬਲਜਿੰਦਰ ਸਿੰਘ ਕਾਫੀ ਯਤਨ ਕਰ ਰਹੇ ਹਨ ਤੇ ਸ਼ਾਂਤ ਵੋਟਿੰਗ ਕਰਵਾ ਕਿ ਓਹ ਆਪਣੀ ਚੰਗੀ ਸ਼ਾਖ ਵਿਭਾਗ ਵਿਚ ਕਾਯਮ ਕਰਨਗੇ। ਸ਼੍ਰੀਮਤੀ ਕੋਮਲ ਮਿੱਤਲ ਡੀ ਸੀ ਹੁਸ਼ਿਆਰਪੁਰ ਨੇ ਕਿਹਾ ਕਿ ਵੋਟਰਾਂ ਨੂੰ ਲੋਕਤੰਤਰ ਦੇ ਇਸ ਵੱਡੇ ਤਿਉਹਾਰ ਵੋਟਾਂ ਵਿੱਚ ਉਤਸ਼ਾਹ ਨਾਲ ਭਾਗ ਲੈਣਾ ਚਾਹੀਦਾ ਹੈ ਤੇ ਪੰਜਾਬ ਤੇ ਖਾਸ ਕਰ ਹੁਸ਼ਿਆਰਪੁਰ ਸਾਬਤ ਕਰੇਗਾ ਕਿ ਇਥੇ ਚੋਣ ਪ੍ਰਣਾਲੀ ਚੁਸਤ ਤੇ ਇਮਾਨਦਾਰੀ ਨਾਲ ਚਲ ਰਹੀ ਹੈ। ਬਲਜਿੰਦਰ ਸਿੰਘ ਥਾਣਾ ਮੁੱਖੀ ਅਨੁਸਾਰ ਸਾਨੂੰ ਆਪਣੇ ਵੋਟ ਦੀ ਮਹੱਤਵ ਜਾਣਦੇ ਹੋਏ ਡਰ ਮੁਕਤ ਵੋਟਿੰਗ ਕਰਨੀ ਚਾਹੀਦੀ ਹੈ। **– ਅੰਮ੍ਰਿਤ ਪਵਾਰ**



# ਅੰਮ੍ਰਿਤਸਰ ਵਿਕਾਸ ਮੰਚ ਵਲੋਂ ਅੰਮ੍ਰਿਤਸਰ ਦੇ ਅੰਤਰ-ਰਾਸ਼ਟਰੀ ਹਵਾਈ ਅੱਡੇ ਦਾ ਵਿਸਥਾਰ ਕਰਨ, ਸਾਰਕ ਹਸਪਤਾਲ ਤੇ ਏਮਜ ਸਥਾਪਤ ਕਰਨ ਦੀ ਮੰਗ

**ਅੰਮ੍ਰਿਤਸਰ–** ਅੰਮ੍ਰਿਤਸਰ ਵਿਕਾਸ ਮੰਚ ਦੇ ਆਗੂ ਡਾ. ਚਰਨਜੀਤ ਸਿੰਘ ਗੁਮਟਾਲਾ ਸਰਪ੍ਰਸਤ, ਮਨਮੋਹਣ ਸਿੰਘ ਬਰਾੜ ਸਰਪ੍ਰਸਤ, ਪ੍ਰਿੰਸੀਪਲ ਕੁਲਵੰਤ ਸਿੰਘ ਅਣਖੀ ਸਰਪ੍ਰਸਤ, ਸ੍ਰ. ਹਰਦੀਪ ਸਿੰਘ ਚਾਹਲ ਸਰਪ੍ਰਸਤ, ਸ੍ਰ. ਰਾਜਵਿੰਦਰ ਸਿੰਘ ਗਿੱਲ ਸੀਨੀਅਰ ਮੀਤ ਪ੍ਰਧਾਨ, ਸ੍ਰ. ਜਤਿੰਦਰਪਾਲ ਸਿੰਘ ਵਿੱਤ ਸਕੱਤਰ, ਡਾ. ਆਰ. ਪੀ. ਐਸ। ਬੇਦੀ,ਸ੍ਰੀ ਯੋਗੇਸ਼ ਕਾਮਰਾ ਸਕੱਤਰ,ਸ੍ਰ। ਜਸਪਾਲ ਸਿੰਘ, ਸ੍ਰ. ਕੰਵਲਜੀਤ ਸਿੰਘ ਭਾਟੀਆ ਅਤੇ ਹੋਰ ਆਗੂਆਂ ਨੇ ਇੱਕ ਸਥਾਨਿਕ ਹੋਟਲ ਵਿੱਚ ਪ੍ਰੈਸ ਕਾਨਫਰੰਸ ਕਰਕੇ ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਪਾਰਲੀਮੈਂਟ ਚੋਣਾਂ ਵਿੱਚ ਹਿੱਸਾ ਲੈ ਰਹੇ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਉਮੀਦਵਾਰਾਂ ਦੇ ਧਿਆਨ ਵਿੱਚ ਗੁਰੂ ਨਗਰੀ ਅੰਮ੍ਰਿਤਸਰ ਨਾਲ ਸਬੰਧਿਤ ਚਿਰਾਂ ਤੋਂ ਲੰਬਿਤ ਸਮੱਸਿਆਵਾਂ ਲਿਆ ਕੇ ਉਮੀਦਾਂ ਜ਼ਾਹਿਰ ਕੀਤੀਆਂ ਕਿ 2024 ਦੀਆਂ ਲੋਕ ਸਭਾ ਚੋਣਾਂ ਉਪਰੰਤ ਬਤੌਰ ਮੈਂਬਰ ਲੋਕ ਸਭਾ/ ਕੇਂਦਰੀ ਮੰਤਰੀ ਹੇਠਾਂ ਵਰਨਣ ਕੀਤੀਆਂ ਸਮੱਸਿਆਵਾਂ ਦਾ ਹੱਲ ਪਹਿਲ ਦੇ ਆਧਾਰ ਤੇ ਕਰਕੇ ਅੰਮ੍ਰਿਤਸਰ ਲੋਕ ਸਭਾ ਹਲਕੇ ਦੇ ਵਸਨੀਕਾਂ ਪ੍ਰਤੀ ਵਫ਼ਾਦਾਰੀ ਨਿਭਾਉਣਗੇ। ਗੁਰੂ ਨਗਰੀ ਅੰਮ੍ਰਿਤਸਰ ਦੇ ਹੱਲ ਕਰਨ ਯੋਗ ਮਹੱਤਵਪੂਰਨ ਮਸਲੇ ਇਹ ਹਨ :-

1. ਅੰਮ੍ਰਿਤਸਰ ਖੇਤਰ ਲਈ ਅਹਿਮ ਭਾਰਤ ਦਾ ਪਾਕਿਸਤਾਨ, ਅਫਗਾਨਿਸਤਾਨ ਅਤੇ ਹੋਰ ਮੱਧ ਪੂਰਬੀ ਦੇਸ਼ਾਂ ਨਾਲ ਅਟਾਰੀ ਵਾਘਾ ਸਰਹੱਦ ਰਾਹੀਂ ਆਪਸੀ ਵਿਉਪਾਰ ਮੁੜ ਸ਼ੁਰੂ ਕਰਨ ਲਈ ਨਿਰਣਾਇਕ ਯਤਨ ਕੀਤੇ ਜਾਣ।
2. ਬੇਨਤੀ ਹੈ ਕਿ ਆਪਜੀ ਪੰਜਾਬ ਦੀ ਸਮੁੱਚੀ ਕਿਸਾਨੀ ਲਈ ਵਰਦਾਨ ਸਾਬਿਤ ਹੋਣ ਵਾਲੇ ਪੋਸਟ ਗਰੈਜੂਏਟ ਇੰਸਟੀਚਿਊਟ ਆਫ ਹੋਰਟੀਕਲਚਰ ਰੀਸਰਚ ਐਂਡ ਐਜੂਕੇਸ਼ਨ ਅੰਮ੍ਰਿਤਸਰ ਲਈ ਜ਼ਮੀਨ ਦੀ ਖਰੀਦ ਲਈ ਕੇਂਦਰ ਸਰਕਾਰ ਪਾਸੋਂ ਲੋੜੀਂਦਾ ਬਜਟ ਪ੍ਰਵਾਨ ਕਰਾਉਣ ਲਈ ਸੁਹਿਰਦ ਯਤਨ ਕਰੋਗੇ , ਕਿਉਂਕਿ ਪੰਜਾਬ ਸਰਕਾਰ ਇਸ ਕੇਂਦਰੀ ਬਾਗ਼ਬਾਨੀ ਖੋਜ ਸੰਸਥਾਨ ਲਈ ਜ਼ਮੀਨ ਖਰੀਦਣ ਲਈ ਤਿਆਰ ਨਹੀਂ ਜਾਪਦੀ।
3. ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਟਰਮੀਨਲ ਦੇ ਵਿਸਤਾਰ ਲਈ ਲੋੜੀਂਦੀ ਪ੍ਰਵਾਨਗੀ ਅਤੇ ਬਜਟ ਪ੍ਰਾਪਤ ਕਰਨ ਲਈ ਸੁਹਿਰਦ ਯਤਨ ਕੀਤੇ ਜਾਣ।
4. ਕੇਂਦਰੀ ਸਰਕਾਰ ਵੱਲੋਂ ਅੰਮ੍ਰਿਤਸਰ ਵਿੱਚ ਏਮਜ (ਆਲ ਇੰਡੀਆ ਇਨਸਟੀਚਿਊਟ ਆਫ਼ ਮੈਡੀਕਲ ਸਾਇੰਸਜ਼) ਤੇ ਅੰਮ੍ਰਿਤਸਰ ਵਿੱਚ ਪ੍ਰਵਾਨ ਕੀਤੇ "ਸਾਰਕ ਹਸਪਤਾਲ"ਦੀ ਸਥਾਪਨਾ ਸਥਾਪਿਤ ਕਰਵਾਉਣ ਲਈ ਨਿਰਣਾਇਕ ਯਤਨ ਕੀਤੇ ਜਾਣ।
5. ਪੱਟੀ-ਮਖੂ ਰੇਲ ਲਿੰਕ ਲਈ ਜ਼ਮੀਨ ਖਰੀਦਣ ਲਈ ਕੇਂਦਰੀ ਸਰਕਾਰ ਪਾਸੋਂ ਲੋੜੀਂਦਾ ਬਜਟ ਪ੍ਰਵਾਨ ਕਰਾਉਣ ਲਈ ਆਪਜੀ ਵੱਲੋਂ ਨਿਰਣਾਇਕ ਯਤਨ ਕੀਤੇ ਜਾਣ, ਕਿਉਂਕਿ ਪੰਜਾਬ ਸਰਕਾਰ ਇਸ ਰੇਲ ਪ੍ਰੋਜੈਕਟ ਲਈ ਜ਼ਮੀਨ ਖਰੀਦਣ ਲਈ ਬਜਟ ਪ੍ਰਵਾਨ ਕਰਦੀ ਜਾਪਦੀ ਨਹੀਂ।
6. ਪਹਾੜੀ ਰਾਜਾਂ ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਦੀ ਤਰਜ਼ ਤੇ ਪੰਜਾਬ ਦੇ ਅੰਮ੍ਰਿਤਸਰ ਸਮੇਤ ਸਰਹੱਦੀ ਜ਼ਿਲਿਆਂ ਵਿੱਚ ਸਥਾਪਿਤ ਉਦਯੋਗਾਂ ਲਈ ਕੇਂਦਰੀ ਸਰਕਾਰ ਪਾਸੋਂ ਟੈਕਸ ਰਿਆਇਤਾਂ ਪ੍ਰਾਪਤ ਕੀਤੀਆਂ ਜਾਣ।
7. ਅੰਮ੍ਰਿਤਸਰ ਵਿੱਚ ਸਥਾਪਿਤ ਹੋ ਚੁੱਕੇ ਸਾਫ਼ਟਵੇਰ ਟੈਕਨਾਲੋਜੀ ਪਾਰਕ ਆਫ਼ ਇੰਡੀਆ ਨੂੰ ਪੂਰੀ ਸਮਰੱਥਾ ਨਾਲ ਚਲਾਉਣ ਲਈ ਅੰਤਰਰਾਸ਼ਟਰੀ ਕੰਪਨੀਆਂ ਜਿਵੇਂ ਇੰਨਫਿਰਮੇਸ਼ਨ ਟੈਕਨਾਲਾਓਜੀ ਪਾਰਕ ਆਫ਼ ਇੰਡੀਆ ਨੂੰ ਅੰਮ੍ਰਿਤਸਰ ਸਥਾਪਿਤ ਕਰਨ ਲਈ ਠੋਸ ਉਪਰਾਲੇ ਕੀਤੇ ਜਾਣ।
8. ਅੰਮ੍ਰਿਤਸਰ ਵਿਖੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦਾ ਇੱਕ ਬੈਂਚ ਅੰਮ੍ਰਿਤਸਰ ਵਿਖੇ ਸਥਾਪਿਤ ਕੀਤਾ ਜਾਵੇ।
9. ਪੰਜਾਬ ਵਿਧਾਨ ਸਭਾ ਦੇ ਕੁਝ ਸੈਸ਼ਨ ਅੰਮ੍ਰਿਤਸਰ ਵਿਖੇ ਬਲਾਉਣ ਲਈ ਆਪਜੀ ਵੱਲੋਂ ਅਧਿਕਾਰਤ ਪੱਧਰ ਤੇ ਠੋਸ ਉਪਰਾਲੇ ਕੀਤੇ ਜਾਣ।
10. ਘਰਿੰਡਾ ( ਅੰਮ੍ਰਿਤਸਰ-ਅਟਾਰੀ ਮੁੱਖ ਸੜਕ ਜ਼ਿਲ੍ਹਾ ਅੰਮ੍ਰਿਤਸਰ ਤੇ ਸਥਿਤ) ਵਿਖੇ ਉਸਾਰੀ ਅਧੀਨ ਰੇਡੀਓ ਟਾਵਰ ਅਤੇ ਸਟੂਡੀਓ ਪੂਰੀ ਸਮਰੱਥਾ ਨਾਲ ਚਲਾਉਣ ਲਈ ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਪਾਸੋਂ ਆਪਜੀ ਵੱਲੋਂ ਸਾਰੀਆਂ ਪ੍ਰਵਾਨਗੀਆਂ ਹਾਸਲ ਕਰਨ ਲਈ ਪ੍ਰਭਾਵੀ ਯਤਨ ਕੀਤੇ ਜਾਣ।
11. ਸਿਫ਼ਤੀ ਦੇ ਘਰ ਅੰਮ੍ਰਿਤਸਰ ਦੀਆਂ ਸਥਾਨਿਕ ਸਮੱਸਿਆਵਾਂ ਮਸਲਨ ਤੁੰਗ ਢਾਬ ਡਰੇਨ ਨੂੰ ਪ੍ਰਦੂਸ਼ਣ ਮੁਕਤ ਕਰਨ, ਭਗਤਾਂਵਾਲਾ ਕੂੜਾ ਡੰਪ ਸ਼ਹਿਰ ਵਿੱਚੋਂ ਬਾਹਰ ਕੱਢਣ, ਅੰਮ੍ਰਿਤਸਰ ਵਿੱਚ ਬੀ.ਆਰ.ਟੀ.ਐਸ. ਬੱਸ ਸੇਵਾ ਮੁੜ ਸ਼ੁਰੂ ਕਰਨ, ਬਹੁ-ਮੰਤਵੀ ਕਨਵੈਨਸ਼ਨ ਅਤੇ ਐਗਜੀਬਿਸ਼ਨ ਸੈਂਟਰ ਦੀ ਸਥਾਪਨਾ, ਬਹੁ-ਮੰਤਵੀ ਸਪੋਰਟਸ ਕੰਪਲੈਕਸ ਦੀ ਉਸਾਰੀ, ਫੂਡ ਪ੍ਰੋਸੈਸਿੰਗ ਉਦਯੋਗ ਸਥਾਪਿਤ ਕਰਨ,ਵੈਂਡਿੰਗ ਜ਼ੋਨ ਸਥਾਪਿਤ ਕਰਕੇ ਸੜਕਾਂ ਫੁੱਟਪਾਥਾਂ ਤੋਂ ਰੇੜ੍ਹੀਆਂ ਆਦਿ ਹਟਾਉਣ, ਅੰਮ੍ਰਿਤਸਰ ਦੀ ਸਫ਼ਾਈ ਦੀ ਬੁਰੀ ਹਾਲਤ ਸੁਧਾਰਨ ਲਈ, ਆਮ ਸ਼ਹਿਰੀਆਂ ਅਤੇ ਖਾਸ ਕਰਕੇ ਯਾਤਰੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ, ਸ੍ਰੀ ਹਰਿਮੰਦਰ ਸਾਹਿਬ ਦੇ ਵਿਰਾਸਤੀ ਮਾਰਗ ਤੋਂ ਨਜਾਇਜ਼ ਵਿਅੱਕਤੀਆਂ ਅਤੇ ਕਬਜ਼ਿਆਂ ਤੋਂ ਪੂਰੀ ਤਰ੍ਹਾਂ ਮੁਕਤ ਕਰਾਉਣ, ਸ਼ਹਿਰ ਵਿੱਚ ਅਮਨ ਕਾਨੂੰਨ ਅਤੇ ਟਰੈਫਿਕ ਸਮੱਸਿਆ ਦਾ ਹੱਲ ਕਰਨ, ਯਾਤਰੀਆਂ ਲਈ ਘੱਟ ਤੋਂ ਘੱਟ 5000 ਕਾਰਾਂ ਦੀ ਪਾਰਕਿੰਗ ਦਾ ਇੰਤਜ਼ਾਮ ਕਰਨ , ਸ਼ਹਿਰ ਨੂੰ ਹਰਿਆ ਭਰਿਆ ਬਣਾਉਣ ਆਦਿ ਲਈ ਆਪਜੀ ਵੱਲੋਂ ਸਫ਼ਲ ਯਤਨ ਕੀਤੇ ਜਾਣ।

# ਭੱਠਾ ਮਾਲਕ ਐਸੋਸੀਏਸ਼ਨ ਅਤੇ ਭੱਠਾ ਵਰਕਰਜ਼ ਯੂਨੀਅਨ ਦਾ ਮਜਦੂਰੀ ਦੇ ਨਵੇਂ ਰੇਟਾਂ ਅਨੁਸਾਰ ਹੋਇਆ ਸਮਝੌਤਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਅੱਜ ਭੱਠਾ ਮਾਲਕ ਐਸੋਸੀਏਸ਼ਨ ਜਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਨੁਮਾਇੰਦਿਆਂ ਅਤੇ ਭੱਠਾ ਵਰਕਰਜ਼ ਯੂਨੀਅਨ, ਪੰਜਾਬ (ਇਫਟੂ) ਦੇ ਆਗੂਆਂ ਵਿਚਕਾਰ ਹੋਈ ਦੂਜੇ ਦੌਰ ਦੀ ਮੀਟਿੰਗ ਵਿਚ ਭੱਠਾ ਮਜਦੂਰਾਂ ਨੂੰ ਨਵੇਂ ਰੇਟਾਂ ਅਨੁਸਾਰ ਮਿਹਨਤਾਨਾ ਦੇਣ ਦਾ ਫੈਸਲਾ



ਹੋਇਆ। ਲਿਖਤੀ ਸਮਝੌਤੇ ਅਨੁਸਾਰ ਮੋਟੀ ਇੱਟ ਦਾ ਪਥੇਰ ਨੂੰ ਪ੍ਰਤੀ ਹਜਾਰ ਇੱਟ 919 ਰੁਪਏ, ਟਾਇਲ ਇੱਟ ਦਾ ਪ੍ਰਤੀ ਹਜਾਰ ਇੱਟ 945 ਰੁਪਏ, ਪਥੇਰ ਦੀ ਜਮਾਂਦਾਰੀ 35 ਰੁਪਏ ਪ੍ਰਤੀ ਹਜਾਰ ਇੱਟ ਦਿੱਤੀ ਜਾਵੇਗੀ। ਜਿਹੜੇ ਮਾਲਕ ਮਸ਼ੀਨ ਨਾਲ ਗਾਰਾ ਬਣਾਕੇ ਲੇਬਰ ਨੂੰ ਦਿੰਦੇ ਹਨ, ਉਹ ਮਾਲਕ ਪਥੇਰ ਦੇ ਪ੍ਰਤੀ ਹਜਾਰ ਇੱਟ ਦੇ 202 ਰੁਪਏ ਕੱਟਣਗੇ। ਇਸੇ ਤਰ੍ਹਾਂ ਬੇਲਦਾਰ ਨੂੰ ਪ੍ਰਤੀ ਮਹੀਨਾ ਤਨਖਾਹ 18,700, ਹੈਲਪਰ 16,600 ਰੁਪਏ, ਜਲਾਈ ਵਾਲੇ ਮਿਸਤਰੀ ਨੂੰ 18,800 ਰੁਪਏ, ਜਲਾਈ ਵਾਲੇ ਨੂੰ 18,700 ਰੁਪਏ, ਕੋਲੇ ਵਾਲੇ ਨੂੰ 16,600 ਰੁਪਏ, ਮੁਣਸ਼ੀ ਨੂੰ 13,200 ਰੁਪਏ ਚੌਂਕੀਦਾਰ ਨੂੰ 11,500 ਰੁਪਏ ਪ੍ਰਤੀ ਮਹੀਨਾ ਤਨਖਾਹ ਦਿੱਤੀ ਜਾਵੇਗੀ। ਇਸੇ ਤਰ੍ਹਾਂ ਇਕ ਘਾਟ ਖੋਲ੍ਹਣ ਅਤੇ ਬੰਦ ਕਰਨ ਦਾ 900 ਰੁਪਏ ਅਤੇ ਨਿਕਾਸੀ ਜਮਾਦਾਰ ਨੂੰ 9 ਰੁਪਏ ਪ੍ਰਤੀ ਹਜਾਰ ਇੱਟ ਦੇ ਹਿਸਾਬ ਜਮਾਂਦਾਰੀ ਦਿੱਤੀ ਜਾਵੇਗੀ। ਮੀਟਿੰਗ ਵਿਚ ਭੱਠਾ ਮਾਲਕ ਐਸੋਸੀਏਸ਼ਨ ਵਲੋਂ ਜਿਲਾ ਪ੍ਰਧਾਨ ਅਸ਼ੋਕ ਲੜੋਈਆ, ਪਵਨ ਭੱਲਾ, ਸੋਨੂੰ ਮਹਿਤਾ, ਜੌਹਨੀ ਸਨਾਵਾ ਆਗੂ ਅਤੇ ਭੱਠਾ ਵਰਕਰਜ਼ ਯੂਨੀਅਨ ਵਲੋਂ ਗੁਰਦਿਆਲ ਰੱਕੜ ਜਿਲਾ ਪ੍ਰਧਾਨ, ਅਵਤਾਰ ਸਿੰਘ ਤਾਰੀ, ਭਰਤ ਸਿੰਘ ਅਤੇ ਜਗੀਰਾ ਬੈਂਸ ਸ਼ਾਮਲ ਹੋਏ।

# ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵੱਲੋਂ ਪੰਜਾਬ ਭਰ 'ਚ ਮਨਾਇਆ ਗਿਆ ਅੰਤਰਰਾਸ਼ਟਰੀ ਮਜ਼ਦੂਰ ਦਿਵਸ

**ਚੰਡੀਗੜ੍ਹ, (ਦਲਜੀਤ ਕੌਰ)** ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ (ਪੰਜਾਬ) ਵੱਲੋਂ ਸੂਬਾ ਪੱਧਰੀ ਸੱਦੇ ਤਹਿਤ ਜ਼ਿਲ੍ਹਾ ਸੰਗਰੂਰ, ਗੁਰਦਾਸਪੁਰ ਮੋਗਾ, ਪਟਿਆਲਾ, ਮਾਨਸਾ 'ਚ ਅੰਤਰਰਾਸ਼ਟਰੀ ਮਜ਼ਦੂਰ ਦਿਹਾੜਾ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕਰਦੇ ਹੋਏ ਮਨਾਇਆ ਗਿਆ। ਪ੍ਰੈੱਸ ਦੇ ਨਾਂ ਬਿਆਨ ਜਾਰੀ ਕਰਦਿਆਂ ਯੂਨੀਅਨ ਦੇ ਸੂਬਾ ਪ੍ਰਧਾਨ ਸੰਜੀਵ ਮਿੰਟੂ ਅਤੇ ਸੂਬਾ ਸਕੱਤਰ ਧਰਮਪਾਲ ਸਿੰਘ ਨੇ ਦੱਸਿਆ ਕਿ ਅੰਤਰਰਾਸ਼ਟਰੀ ਮਜ਼ਦੂਰ ਦਿਹਾੜਾ ਬਲਾਕ ਸੰਗਰੂਰ ਦੇ ਬਲਾਕਾਂ ਧੂਰੀ, ਸੁਨਾਮ, ਸੰਗਰੂਰ, ਦਿੜ੍ਹਬਾ, ਪਟਿਆਲਾ ਬਲਾਕ ਦੇ ਪਿੰਡਾਂ, ਮਾਨਸਾ ਬਲਾਕ, ਮੋਗਾ ਅਤੇ ਜ਼ਿਲ੍ਹਾ ਗੁਰਦਾਸਪੁਰ ਦੇ ਦੀਨਾਨਗਰ, ਗੁਰਦਾਸਪੁਰ, ਡੇਰਾ ਬਾਬਾ ਨਾਨਕ, ਦੋਰਾਂਗਲਾ ਬਲਾਕ ਦੇ ਪਿੰਡਾਂ ਵਿਚ ਮਨਾਇਆ ਗਿਆ। ਜਿਕਰਯੋਗ ਹੈ ਕਿ ਜ਼ਿਲ੍ਹਾ ਗੁਰਦਾਸਪੁਰ ਦੇ ਬਲਾਕਾਂ ਦੇ ਪਿੰਡਾਂ ਵਿੱਚ 20 ਅਪ੍ਰੈਲ ਤੋਂ ਮਜ਼ਦੂਰ ਜਮਾਤ ਦੀ ਮੁਕਤੀ ਦੇ ਰਾਹ ਦਰਸਾਵੇ ਕਾਰਲ ਮਾਰਕਸ ਦੇ ਜਨਮ ਦਿਹਾੜੇ 5 ਮਈ ਤੱਕ ਚੇਤਨਾ ਮੁਹਿੰਮ ਤਹਿਤ ਪੰਦਰਵਾੜਾ ਮਨਾਇਆ ਜਾ ਰਿਹਾ ਹੈ। ਆਗੂਆਂ ਨੇ ਕਿਹਾ ਕਿ ਸਨਅਤੀ ਵਿਕਾਸ ਤਹਿਤ ਹੋਂਦ ਵਿੱਚ ਆਈਆਂ ਫੈਕਟਰੀਆਂ/ਕਾਰਖਾਨਿਆਂ ਆਦਿ ਵਿੱਚ ਮਜ਼ਦੂਰਾਂ ਦੀ ਹੁੰਦੀ ਲੁੱਟ ਖ਼ਿਲਾਫ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਪੂਰੀ ਦੁਨੀਆਂ ਅੰਦਰ ਸ਼ਾਨਾਮੱਤਾ ਇਤਿਹਾਸ ਸਿਰਜਿਆ ਸੀ। ਭਾਰਤ ਦੀ ਗੱਲ ਕਰੀਏ ਤਾਂ 1947 ਦੀ ਅਖੌਤੀ ਆਜ਼ਾਦੀ ਤੋਂ ਬਾਅਦ ਪੰਜਾਬ ਦੋ ਫਾੜ ਹੋ ਗਿਆ। ਪੂਰਬੀ ਪੰਜਾਬ (ਭਾਰਤ ਦੇ ਕੁੱਝ ਖੇਤਰਾਂ ਸਮੇਤ) ਹਰੇ ਇਨਕਲਾਬ ਦੇ ਅਮਰੀਕੀ ਸਾਮਰਾਜੀ ਮਾਡਲ ਨੂੰ ਲਾਗੂ ਕੀਤਾ। ਇਸ ਮਾਡਲ ਨੇ ਲੁਟੇਰਿਆਂ ਦੀ ਮੁਨਾਫੇ ਦੀਆਂ ਜ਼ਰੂਰਤਾਂ ਮੁਤਾਬਕ ਅੰਨੇਵਾਹ ਮਸ਼ੀਨੀਕਰਨ ਕਰਵਾਇਆ। ਮਜ਼ਦੂਰਾਂ ਦੇ ਰੁਜ਼ਗਾਰ ਤੇ ਭਿਆਨਕ ਸੱਟ ਵੱਜੀ। ਪੰਜਾਬ ਵਿੱਚ ਅਪੰਗ ਕਿਸਮ ਦਾ ਹੋਇਆ ਉਦਯੋਗੀਕਰਨ ਵੀ 1990 ਵਿਆਂ ਦੀ ਆਰਥਿਕ ਨੀਤੀਆਂ ਦੇ ਚਲਦਿਆਂ ਹੌਲੀ-ਹੌਲੀ ਦਮ ਤੋੜਨ ਲੱਗਾ। ਪੰਜਾਬ ਦੇ ਮਾਲਵਾ ਖੇਤਰ ਦੀਆਂ ਸੂਤੀ ਮਿਲਾਂ ਦਾ ਹਸ਼ਰ ਕਿਸੇ ਨੂੰ ਭੁਲਿਆ ਨਹੀਂ, ਘੀ ਮਿਲਾਂ ਦਾ ਭੋਗ ਪਾ ਦਿੱਤਾ ਗਿਆ, ਲੋਹਾ ਉਦਯੋਗ ਦੇ ਸੈਂਟਰ ਤਬਾਹੀ ਦੇ ਕੰਢੇ ਤੇ ਹਨ, ਖੰਡ ਮਿੱਲ ਉਦਯੋਗ ਵੀ ਘਟਦੇ ਜਾ ਰਹੇ ਹਨ। ਇਹੋ ਕਾਰਨ ਹੈ ਕਿ ਮਜ਼ਦੂਰ ਉਹੜ-ਪੋਹੜ ਦੀ ਜ਼ਿੰਦਗੀ ਬਤੀਤ ਕਰਦੇ ਹੋਏ ਹਾਸ਼ੀਆਗ੍ਰਸਤ ਹਨ। ਪਿੰਡਾਂ ਵਿੱਚ ਖੇਤ ਮਜ਼ਦੂਰ ਅੱਜ ਤੱਕ ਵੀ ਹਰੇਕ ਤਰ੍ਹਾਂ ਦੇ ਪੈਦਾਵਾਰੀ ਸਾਧਨਾਂ ਤੋਂ ਵਾਂਝੇ ਹਨ। ਹਿੰਦੂਤਵੀ ਫਾਸ਼ੀਵਾਦ ਹਕੂਮਤ ਵੱਲੋਂ ਫਿਜਾ ਵਿੱਚ ਧਾਰਮਿਕ ਘੱਟ ਗਿਣਤੀ ਖਿਲਾਫ ਫਿਰਕੂ ਜ਼ਹਿਰ ਘੋਲਿਆ ਜਾ ਰਿਹਾ ਹੈ, ਤਾਂ ਜੋ ਲੋਕਾਂ ਦਾ ਧਿਆਨ ਅਸਲ ਮੁੱਦਿਆਂ (ਕੁੱਲੀ, ਗੁੱਲੀ ਅਤੇ ਜੁੱਲੀ) ਤੋਂ ਭਟਕਾਇਆ ਜਾਵੇ।



ਆਗੂਆਂ ਨੇ ਅੱਗੇ ਕਿਹਾ ਕਿ ਕੇਂਦਰ ਸਮੇਤ ਪੰਜਾਬ ਸਰਕਾਰ ਨੇ ਕਿਰਤ ਕਾਨੂੰਨਾਂ ਵਿੱਚ ਸੋਧਾਂ ਕਰਕੇ ਦਿਹਾੜੀ 8 ਘੰਟੇ ਦੀ ਬਜਾਏ 12 ਘੰਟੇ ਕਰ ਦੇਣ ਅਤੇ ਹੋਰ ਮਿਲੀਆਂ ਸਹੂਲਤਾਂ ਖੋਹ ਕੇ ਮਜ਼ਦੂਰ ਦਿਹਾੜੇ ਦੇ ਸ਼ਹੀਦਾਂ ਨਾਲ ਦਗਾ ਕਮਾਇਆ ਹੈ।

ਇਸ ਲਈ ਮਈ ਦਿਵਸ ਅਤੇ ਮਜ਼ਦੂਰ ਜਮਾਤ ਦੀ ਮੁਕਤੀ ਦੇ ਰਹਿਬਰ ਕਾਰਲ ਮਾਰਕਸ ਨੂੰ ਸੱਚੀ ਸ਼ਰਧਾਂਜਲੀ ਇਹੋ ਹੋਵੇਗੀ ਕਿ ਮਸ਼ੀਨੀਕਰਨ ਕਿਰਤ ਮੁੱਖੀ ਅਤੇ ਰੁਜ਼ਗਾਰ ਮੁੱਖੀ ਕਰਨ ,ਪੈਦਾਵਾਰੀ ਸਾਧਨਾਂ ਦੀ ਕਾਣੀ ਵੰਡ ਖਤਮ ਕਰਨ ਲਈ, ਵੋਟ ਬਟੋਰੂ (ਸੰਸਦੀ, ਵਿਧਾਨ ਸਭਾ ਅਤੇ ਅਜਿਹੇ ਹੋਰ ਅਦਾਰਿਆਂ ਰਾਂਹੀ ) ਲਾਰੇ- ਲੱਪਿਆਂ ਦੀ ਸਿਆਸਤ ਨੂੰ ਤਿਲਾਂਜਲੀ ਦੇ ਕੇ ਏਕੇ ਅਤੇ ਸੰਘਰਸ਼ਾਂ ਰਾਹੀਂ ਲੋਕ ਲਹਿਰ ਉਸਾਰਨ ਦੇ ਰਾਹ ਪਈਏ।

## ਅੱਠਵੀਂ ਤੇ ਬਾਰਵੀਂ ਵਿੱਚ ਜ਼ਿਲ੍ਹਾ ਸੰਗਰੂਰ ਦੇ ਸਰਕਾਰੀ ਸਕੂਲਾਂ ਦੇ 14 ਵਿਦਿਆਰਥੀ ਮੈਰਿਟ ਵਿੱਚ ਆਏ



**ਸੰਗਰੂਰ, (ਦਲਜੀਤ ਕੌਰ)** ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਲਈਆਂ ਗਈਆਂ ਪ੍ਰੀਖਿਆਵਾਂ ਵਿੱਚ ਮੈਰਿਟ 'ਚ ਆਉਣ ਵਾਲੇ ਅੱਠਵੀਂ ਤੇ ਬਾਰਵੀਂ ਦੇ ਵਿਦਿਆਰਥੀਆਂ ਨੂੰ ਅੱਜ ਵਿਸ਼ੇਸ਼ ਤੌਰ 'ਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਤਰਫੋਂ ਪ੍ਰਸ਼ੰਸਾ ਪੱਤਰ ਸੌਂਪਦਿਆਂ ਕਿਹਾ ਕਿ 'ਮਿਸ਼ਨ ਐਕਸੀਲੈਂਸ' ਨੰਨ੍ਹੇ ਸੁਫ਼ਨਿਆਂ ਨੂੰ ਉਡਾਣ ਦੇਣ ਦਾ ਸਾਰਥਕ ਜ਼ਰੀਆ ਸਾਬਤ ਹੋਇਆ ਹੈ। ਮੈਰਿਟ 'ਚ ਆਏ ਵਿਦਿਆਰਥੀਆਂ, ਅਧਿਆਪਕਾਂ ਤੇ ਮਾਪਿਆਂ ਨੂੰ ਹੌਂਸਲਾ ਅਫਜਾਈ ਦੇਣ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸੱਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਸਾਰਿਆਂ ਨੂੰ ਮੁਬਾਰਕਬਾਦ ਦਿੱਤੀ।

ਇਸ ਮੌਕੇ ਉਨ੍ਹਾਂ ਕਿਹਾ ਕਿ ਮਿਸ਼ਨ ਐਕਸੀਲੈਂਸ ਨੂੰ ਆਰੰਭਣ ਦੇ ਮਹਿਜ਼ 3-4 ਮਹੀਨਿਆਂ ਦੀ ਮਿਹਨਤ ਨਾਲ ਸਾਡੇ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਆਪਣੀ ਮਿਹਨਤ ਨਾਲ ਪਿਛਲੇ ਸਾਲ ਨਾਲੋਂ ਦੁੱਗਣੇ ਮੈਰਿਟ ਸਥਾਨ ਹਾਸਲ ਕੀਤੇ। ਉਨ੍ਹਾਂ ਕਿਹਾ ਕਿ ਮਿਹਨਤ, ਅਭਿਆਸ ਤੇ ਲਗਨ ਨਾਲ ਪੜ੍ਹਾਈ ਕਰਨ ਦਾ ਇਹ ਸਿਲਸਿਲਾ ਹਮੇਸ਼ਾਂ ਜਾਰੀ ਰੱਖੇ ਜਾਣ ਦੀ ਲੋੜ ਹੈ ਤਾਂ ਜੋ ਆਉਣ ਵਾਲੇ ਸਾਲਾਂ ਵਿੱਚ ਮੈਰਿਟ ਸੂਚੀ ਵਿੱਚ ਨਾਂ ਦਰਜ ਕਰਵਾਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿੱਚ ਹੋਰ ਵੀ ਵਾਧਾ ਹੋਵੇ।

ਪਟੀ ਕਮਿਸ਼ਨਰ ਨੇ ਇਸ ਦੌਰਾਨ ਵਿਦਿਆਰਥੀਆਂ ਤੋਂ ਫੀਡਬੈਕ ਵੀ ਲਈ ਕਿ ਮਿਸ਼ਨ ਐਕਸੀਲੈਂਸ ਤਹਿਤ ਕਰਵਾਈ ਜਾਂਦੀ ਪੜ੍ਹਾਈ ਤੇ ਹੋਰ ਗਤੀਵਿਧੀਆਂ ਵਿੱਚ ਕਿਹੜੇ ਕਿਸਮ ਦੇ ਸੁਧਾਰਾਂ ਦੀ ਲੋੜ ਹੈ ਜਾਂ ਵਿਦਿਆਰਥੀਆਂ ਨੂੰ ਕਿਹੋ ਜਿਹੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ।

ਉਨ੍ਹਾਂ ਕਿਹਾ ਕਿ 'ਮਿਸ਼ਨ ਐਕਸੀਲੈਂਸ' ਤਹਿਤ ਪੜ੍ਹਨ ਸਮੱਗਰੀ ਤਿਆਰ ਕਰਨ ਵਿੱਚ ਯੋਗਦਾਨ ਪਾਉਣ ਵਾਲੇ ਮਿਹਨਤੀ ਤੇ ਅਨੁਭਵੀ ਅਧਿਆਪਕ ਵੀ ਵਧਾਈ ਦੇ ਪਾਤਰ ਹਨ ਜਿਨ੍ਹਾਂ ਨੇ ਉਸ ਸਮੇਂ ਦੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੰਜੀਵ ਸ਼ਰਮਾ ਤੇ ਮੌਜੂਦਾ ਡਿਪਟੀ ਡੀ।ਈ।ਓ ਪ੍ਰੀਤਇੰਦਰ ਘਈ ਦੀ ਪ੍ਰੇਰਨਾ ਸਦਕਾ ਨਿਰੰਤਰ ਸੁਧਾਰ ਕੀਤਾ।

ਡਿਪਟੀ ਕਮਿਸ਼ਨਰ ਨੇ ਮਾਪਿਆਂ ਨੂੰ ਕਿਹਾ ਕਿ ਬੱਚਿਆਂ ਨੂੰ ਘਰਾਂ ਵਿੱਚ ਪੜ੍ਹਾਈ ਅਨੁਕੂਲ ਮਾਹੌਲ ਮੁਹੱਈਆ ਕਰਵਾਉਣ ਦੀ ਲੋੜ ਹੈ ਕਿਉਂਕਿ ਬੱਚਿਆਂ ਦੇ ਅੰਦਰ ਅਥਾਹ ਪ੍ਰਤਿਭਾਵਾਂ ਹਨ ਅਤੇ ਇਹ ਤਾਂ ਹੀ ਨਿਖਰ ਸਕਦੀਆਂ ਹਨ ਜੇਕਰ ਉਨ੍ਹਾਂ ਨੂੰ ਹਰ ਪੜਾਅ 'ਤੇ ਸਹਿਯੋਗ ਮਿਲੇ।

ਉਨ੍ਹਾਂ ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜ਼ਿੰਦਗੀ ਦੇ ਕਿਸੇ ਵੀ ਖੇਤਰ ਵਿੱਚ ਸਫ਼ਲਤਾ ਹਾਸਲ ਕਰਨ ਲਈ ਸ਼ਾਟ ਕੱਟ ਨਾ ਅਪਣਾਇਆ ਜਾਵੇ। ਉਨ੍ਹਾਂ ਕਿਹਾ ਕਿ ਆਪਣੀਆਂ ਕਮੀਆਂ ਦੀ ਖੁਦ ਪਛਾਣ ਕਰੋ ਅਤੇ ਜੇਕਰ ਮਿਹਨਤ ਦਾ ਨਤੀਜਾ ਤੁਹਾਡੀ ਸੋਚ ਮੁਤਾਬਕ ਨਾ ਹੋਵੇ ਤਾਂ ਨਵੇਂ ਸਿਰਿਓ ਫਿਰ ਸਫ਼ਲਤਾ ਲਈ ਯਤਨਸੀਲ ਰਹੋ। ਉਨ੍ਹਾਂ ਕਿਹਾ ਕਿ ਕਦੇ ਵੀ ਹਿੰਮਤ ਨਹੀਂ ਹਾਰਨੀ ਚਾਹੀਦੀ ਬਲਕਿ ਸਫ਼ਲਤਾ ਲਈ ਦਿਨ ਰਾਤ ਮਿਹਨਤ ਕਰਨੀ ਚਾਹੀਦੀ ਹੈ।

ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਬਲਜਿੰਦਰ ਕੌਰ ਡਿਪਟੀ ਡੀ.ਈ.ਓ ਪ੍ਰੀਤਇੰਦਰ ਘਈ, ਅਤੇ ਮਿਸ਼ਨ ਦੇ ਨੋਡਲ ਅਫ਼ਸਰ ਹਰਪ੍ਰੀਤ ਸਿੰਘ ਵੀ ਹਾਜ਼ਰ ਸਨ।

## ਜੰਗਲਾਂ ਦੀ ਸੁਰੱਖਿਆ ਅਤੇ ਜੰਗਲਾਂ ਨੂੰ ਅੱਗ ਤੋਂ ਬਚਾਉਣ ਲਈ ਜਾਗਰੂਕ ਰੈਲੀ










**ਅੰਮ੍ਰਿਤਸਰ (ਜਸਪਾਲ ਕੁਮਾਰ ਆਜਾਦ)** ਵਣ ਵਿਭਾਗ ਰੇਂਜ ਧਾਰਕਲਾਂ ਵੱਲੋਂ ਜੰਗਲਾਂ ਦੀ ਸੁਰੱਖਿਆ ਅਤੇ ਜੰਗਲਾਂ ਨੂੰ ਅੱਗ ਤੋਂ ਬਚਾਉਣ ਲਈ ਇੱਕ ਜਾਗਰੂਕ ਰੈਲੀ ਦਾ ਆਯੋਜਨ ਅੱਜ ਵਣ ਰੇਂਜ ਅਧਿਕਾਰੀ ਜੰਗ ਬਹਾਦਰ ਸਿੰਘ, ਬਲਾਕ ਅਧਿਕਾਰੀ ਅਜੇ ਸਿੰਘ ਪਠਾਣੀਆ, ਅਤੇ ਬਲਕਾਰ ਅਧਿਕਾਰੀ ਪਵਨ ਕੁਮਾਰ ਦੀ ਦੇਖ ਰੇਖ ਵਿੱਚ ਕੀਤਾ ਗਿਆ । ਇਸ ਮੌਕੇ ਗੱਲਬਾਤ ਕਰਦੇ ਹੋਏ ਉਹਨਾਂ ਦੱਸਿਆ ਕਿ ਡੀਐਫਓ ਧਰਮਵੀਰ ਡਾਇਰੂ ਆਈਐਫਐਸ ਦੀ ਹਿਦਾਇਤਾਂ ਦੇ ਅਨੁਸਾਰ ਜੰਗਲਾਂ ਦੀ ਸੁਰੱਖਿਆ ਕਰਨ ਅਤੇ ਜੰਗਲਾਂ ਨੂੰ ਸਾਫ ਸੁਥਰਾ ਰੱਖਣ ਲਈ ਵਿਸ਼ੇਸ਼ ਮੁਹਿੰਮ ਛੇੜੀ ਗਈ ਹੈ ਜਿਸ ਦੇ ਤਹਿਤ ਅੱਜ ਡੀਐਫਓ ਧਰਮਵੀਰ ਸਿੰਘ ਦੀ ਦੇਖ ਰੇਖ ਵਿੱਚ ਪਿੰਡ ਡੱਲਾ ਤੋਂ ਵਿਸ਼ੇਸ਼ ਰੈਲੀ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਰੇਂਜ ਅਫਸਰ ਜੰਗ ਬਹਾਦਰ ਸਿੰਘ, ਬਲਾਕ ਅਫਸਰ ਅਜੇ ਸਿੰਘ ਪਠਾਣੀਆ, ਬਲਾਕ ਅਫਸਰ ਪਵਨ ਕੁਮਾਰ ਅਤੇ ਸੁਰੱਖਿਆ ਗਾਰਡ ਨਿਤਿਨ ਕੁਮਾਰ, ਸੀਮਾ ਕੁਮਾਰੀ, ਮੋਹਿਤ ਸ਼ਰਮਾ, ਕੁਲਦੀਪ ਸਿੰਘ, ਸ਼ੁਭਮ, ਭਾਰਤ ਰਤਨ, ਰਣਵੀਰ ਸਿੰਘ, ਰਵਿੰਦਰ ਸਿੰਘ ਅਤੇ ਉਨਾਂ ਦੇ ਨਾਲ ਹੋਰ ਵੀ ਵਣ ਵਿਭਾਗ ਦੇ ਅਧਿਕਾਰੀ ਮੌਜੂਦ ਰਹੇ। ਇਸ ਮੌਕੇ ਗੱਲਬਾਤ ਕਰਦੇ ਹੋਏ ਡੀਐਫਓ ਧਰਮਵੀਰ ਸਿੰਘ ਨੇ ਦੱਸਿਆ ਕਿ ਇਸ ਵੇਲੇ ਫਾਇਰ ਸੀਜਨ ਚੱਲ ਰਿਹਾ ਹੈ ਅਤੇ ਸਾਨੂੰ ਜੰਗਲਾਂ ਨੂੰ ਅੱਗ ਤੋਂ ਬਚਾਉਣ ਲਈ ਸਭ ਤੋਂ ਪਹਿਲੇ ਆਪਣੇ ਆਪ ਨੂੰ ਸਾਵਧਾਨ ਕਰਨਾ ਪਵੇਗਾ ਅਤੇ ਇਸ ਦੇ ਨਾਲ ਹੀ ਲੋਕਾਂ ਨੂੰ ਵੀ ਜਾਗਰੂਕ ਕਰਨਾ ਪਵੇਗਾ ਕਿ ਕੋਈ ਵੀ ਜੰਗਲਾਂ ਦੇ ਕਰੀਬ ਅੱਗ ਨਾ ਲਗਾਵੇ ਜਿਸ ਨਾਲ ਕਿ ਜੰਗਲੀ ਜਾਨਵਰ ਜਾਂ ਹੋਰ ਵੀ ਪੰਛੀਆਂ ਨੂੰ ਕਿਸੇ ਕਿਸਮ ਦਾ ਖਤਰਾ ਹੋਵੇ। ਉਹਨਾਂ ਦੱਸਿਆ ਕਿ ਜਿੱਥੇ ਸਾਨੂੰ ਹਰੇ ਭਰੇ ਵਾਤਾਵਰਨ ਲਈ ਜੰਗਲਾਂ ਦੀ ਸੁਰੱਖਿਆ ਕਰਨੀ ਚਾਹੀਦੀ ਹੈ ਉਥੇ ਹੀ ਜੰਗਲੀ ਜੀਵਾਂ ਦੀ ਸੁਰੱਖਿਆ ਲਈ ਵੀ ਸਾਨੂੰ ਅਹਿਮ ਕਦਮ ਚੁੱਕਣੇ ਚਾਹੀਦੇ ਹਨ ਜਿਸ ਦੇ ਤਹਿਤ ਅੱਜ ਵਣ ਵਿਭਾਗ ਵੱਲੋਂ ਰੋਡ ਸ਼ੋਅ ਕਰਕੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਹੈ।

## ਪਿੱਪਲੀਵਾਲ ਦੀ ਨੰਦਨੀ ਨੇ 12ਵੀ ਕਲਾਸ ਚ ਨਾਨ ਮੈਡੀਕਲ ਵਿੱਚੋਂ 91ਫੀਸਦੀ ਅੰਕ ਪ੍ਰਾਪਤ ਕਰਕੇ ਇਲਾਕੇ ਦਾ ਨਾਮ ਰੌਸ਼ਨ ਕੀਤਾ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)-** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ 12ਵੀ ਕਲਾਸ ਦੇ ਨਤੀਜੇ ਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੁਰਬਿਸ਼ਨ-ਪੁਰੀ ਭਵਾਨੀਪੁਰ ਦੀ ਨਾਨ ਮੈਡੀਕਲ ਚ ਨੰਦਨੀ ਪੁੱਤਰੀ ਰਾਜ ਕੁਮਾਰ ਵਾਸੀ ਪਿੱਪਲੀਵਾਲ ਨੇ 91.4% ਅੰਕ ਪ੍ਰਾਪਤ ਕਰਕੇ ਇਲਾਕੇ ਦਾ ਨਾਮ ਰੌਸ਼ਨ ਕੀਤਾ।ਅਜ ਨੰਦਨੀ ਦਾ ਪਿੰਡ ਪਿੱਪਲੀਵਾਲ ਚ ਸਨਮਾਨ ਕੀਤਾ ਗਿਆ।ਇਸ ਮੌਕੇ ਨੰਬੜਦਾਰ ਜੈ ਰਾਮ, ਮਾਸਟਰ ਦਿਲਬਾਗ ਰਾਏ, ਸੰਜੀਵ ਭਾਰਦਵਾਜ, ਭਜਨ ਲਾਲ, ਪਿੰਕਾ ਭੂੰਬਲਾ, ਸੁਰੇਸ਼ ਫੌਜੀ, ਦਰਸ਼ਨ ਲਾਲ, ਸੰਦੀਪ, ਬਿੱਲਾ ਚੇਚੀ, ਬਿੰਦੂ ਭੂੰਬਲਾ, ਅਸ਼ੋਕ ਕੁਮਾਰ, ਕੋਕੀ, ਗੁਲਜਿੰਦਰ, ਰਾਣੀ ਦੇਵੀਂ, ਅਸ਼ੋਕ ਭਾਰਦ-ਵਾਜ, ਸ਼ੰਮੀ ਜਿੰਦਲ ਹਾਜ਼ਰ ਸਨ। ਜਾਣਕਾਰੀ ਦਿੰਦਿਆਂ ਬਿੰਦੂ ਭੂੰਬਲਾ ਨੇ ਦੱਸਿਆ ਕਿ ਨੰਦਨੀ ਨੇ ਚੰਗੇ ਨੰਬਰ ਲੈਕੇ ਪਿੰਡ, ਇਲਾਕਾ ਬੀਤ, ਪਰਿਵਾਰ ਅਤੇ ਆਪਣੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ।



# ਗੁਰਦਵਾਰਾ ਗੁਰ ਨਾਨਕ ਪ੍ਰਕਾਸ਼ ਫਰਿਜਨੋ ਵੱਲੋ ਜੱਜ ਰਾਜ ਸਿੰਘ ਬਦੇਸ਼ਾ ਤੇ ਗੱਤਕਾ ਟੀਮਾਂ ਦਾ ਸਨਮਾਨ





**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜਨੋ ( ਕੈਲੀਫੋਰਨੀਆਂ)–** ਦਮਦਮੀ ਟਕਸਾਲ ਦੀ ਰਹਿਨੁਮਾਈ ਹੇਠ ਸੇਵਾਵਾਂ ਦੇ ਰਹੇ ਗੁਰਦਵਾਰਾ ਗੁਰੂ ਨਾਨਕ ਪ੍ਰਕਾਸ਼ ਫਰਿਜਨੋ ਦੀ ਕਮੇਟੀ ਵੱਲੋਂ ਲੰਘੇ ਐਤਵਾਰ ਦੇ ਵਿਸ਼ੇਸ਼ ਦੀਵਾਨ ਵਿੱਚ ਫਰਿਜਨੋ ਕਾਉਂਟੀ ਸੁਪੀਰੀਅਰ ਕੋਰਟ ਵਿੱਚ ਸਾਬਤ ਸੂਰਤ ਸਿੱਖੀ ਸਰੂਪ ਵਿੱਚ ਜੱਜ ਅਪੌਇਟ ਹੋਏ ਸ। ਰਾਜ ਸਿੰਘ ਬੰਦੇਸ਼ਾ ਅਤੇ ਕੈਲੀਫੋਰਨੀਆਂ ਗੱਤਕਾ ਦਲ ਦੀਆਂ ਟੀਮਾਂ ਨੂੰ ਸਨਮਾਨ ਚਿੰਨ 'ਤੇ ਸਿਰੋਪਾਓ ਦੇਕੇ ਸਨਮਾਨਿਆ ਗਿਆ। ਇਸ ਮੌਕੇ ਸੈਕਟਰੀ ਜਗਰੂਪ ਸਿੰਘ ਨੇ ਬੋਲਦਿਆਂ ਕਿਹਾ ਕਿ ਜੱਜ ਬਣੇ ਸ। ਰਾਜ ਸਿੰਘ ਬਦੇਸ਼ਾ ਨੇ ਸਾਡੀ ਨਵੀਂ ਪੀੜ੍ਹੀ ਵਾਸਤੇ ਬੜਾ ਖ਼ੂਬਸੂਰਤ ਪੂਰਨਾ ਪਾਇਆ ਕਿ ਸਿੱਖੀ ਸਰੂਪ ਵਿੱਚ ਰਹਿੰਦਿਆਂ ਕੀ ਨਹੀ ਕੀਤਾ ਜਾ ਸਕਦਾ।



ਉਹਨਾਂ ਕੈਲੀਫੋਰਨੀਆ ਗੱਤਕਾ ਦਲ ਦੇ ਸਮੂੰਹ ਕੋਚ ਸਹਿਬਾਨਾਂ ਨੂੰ ਵਧਾਈ ਦਿੱਤੀ, ਉਹਨਾ ਸਮੂੰਹ ਮੀਡੀਏ ਵਾਲੇ ਸੱਜਣਾਂ ਦਾ ਧੰਨਵਾਦ ਕੀਤਾ। ਇਸ ਮੌਕੇ ਇੰਜਨੀਅਨਰ ਅਤੇ ਗੱਤਕਾ ਕੋਚ ਹਰਪ੍ਰੀਤ ਸਿੰਘ ਨੇ ਵੀ ਕੈਲੀ-ਫੋਰਨੀਆਂ ਗੱਤਕਾ ਦਲ ਦੀਆਂ ਪ੍ਰਾਪਤੀਆਂ ਗਿਣਾਈਆਂ ਅਤੇ ਉਹਨਾਂ ਕਿਹਾ ਕਿ ਸਾਡੀ ਮਿਹਨਤ ਦਾ ਮੁੱਲ ਮੁੜਿਆ ਕਿ ਕੈਲੈ-ਫੋਰਨੀਆਂ ਗੱਤਕਾ ਦਲ ਦੀਆਂ 9 ਟੀਮਾਂ ਰਿਵਰਸਾਈਡ ਹੋਲੇ ਮਹੱਲੇ ਤੋਂ ਜੇਤੂ ਰਹੀਆਂ, ਉਹਨਾਂ ਕਿਹਾ ਕਿ ਇਹਨਾਂ ਜਿੱਤਾ ਦਾ ਸਿਹਰਾ ਕੋਚਾਂ ਅਤੇ ਮਾਪਿਆ ਨੂੰ ਜਾਂਦਾ ਹੈ।

ਇਸ ਮੌਕੇ ਜੱਜ ਸ. ਰਾਜ ਸਿੰਘ ਬਦੇਸ਼ਾ ਨੇ ਕਿਹਾ ਕਿ ਇਹ ਜੋ ਮਾਣ ਸਤਿਕਾਰ ਮਿਲ ਰਿਹਾ ਇਹ ਗੁਰੂ ਸਹਿਬ ਦੀ ਕਿਰਪਾ ਸਦਕੇ ਹੀ ਹੈ। ਉਹਨਾਂ ਕਿਹਾ ਕਿ ਸੰਗਤੀ ਰੂਪ ਵਿੱਚ ਕੋਈ ਜੱਜ, ਵਕੀਲ ਨਹੀਂ ਬਲਕਿ ਸਭ ਬਰਾਬਰ ਹੁੰਦੇ ਨੇ। ਉਹਨਾਂ ਕਿਹਾ ਕਿ ਜੋ ਮਾਣ ਸਤਿਕਾਰ ਸੰਗਤ ਵੱਲੋ ਮਿਲਿਆ, ਇਹ ਵੀ ਸਭ ਗੁਰੂ ਦੇ ਸਰੂਪ, ਗੁਰੂ ਦੇ ਬਾਣੇ ਦਾ ਹੀ ਨਤੀਜਾ ਹੈ। ਉਹਨਾਂ ਕਿਹਾ ਕਿ ਕੈਲੀਫੋਰਨੀਆ ਸਟੇਟ ਦਾ ਮੈ ਰਿਣੀ ਹਾਂ ਜਿੰਨਾਂ ਨੇ ਗੁਰੂ ਦੇ ਬਾਣੇ ਤੇ ਬਾਣੀ ਨੂੰ ਸਤਿਕਾਰ ਦਿੰਦਿਆ ਮੈਨੂੰ ਜੱਜ ਨਿਯੁਕਤ ਕੀਤਾ।

ਉਹਨਾਂ ਕਿਹਾ ਕਿ ਗੁਰੂ ਚੜਦੀਕਲਾ ਬਖਸ਼ੇ 'ਤਾਂ ਜੋ ਮੈਂ ਅਮਰੀਕਨ ਲੋਕਾਂ ਦੀ ਸੇਵਾ ਤਨਦੇਹੀ ਨਾਲ ਕਰ ਸਕਾਂ। ਅਖੀਰ ਵਿੱਚ ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਦਲਬੀਰ ਸਿੰਘ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਉਹਨਾਂ ਜੇਤੂ ਰਹੀਆਂ ਗੱਤਕਾ ਟੀਮਾਂ ਅਤੇ ਜੱਜ ਬਣੇ ਭਾਈ ਰਾਜ ਸਿੰਘ ਬਦੇਸ਼ਾ ਨੂੰ ਵਧਾਈ ਦਿੱਤੀ। ਅਰਦਾਸ ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤੇ। ਇਸ ਮੌਕੇ ਢਾਡੀ ਭਈ ਸਿੰਗਾਰਾ ਸਿੰਘ ਬੱਲ ਦੇ ਜੱਥੇ ਨੇ ਢਾਡੀ ਵਾਰਾਂ ਨਾਲ ਖ਼ੂਬ ਰੰਗ ਬੰਨਿਆ।

# ਔਰਤਾਂ ਨੂੰ ਵੋਟ ਪਾਉਣ ਲਈ ਜਾਗਰੂਕ ਕਰਨ ਸਬੰਧੀ ਕਰਵਾਇਆ ਬਲਾਕ ਪੱਧਰੀ ਸਮਾਗਮ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੇ ਦਿਸ਼ਾ-ਨਿਰਦੇਸ਼ਾਂ ਅਤੇ ਉਪ ਮੰਡਲ ਮਜਿਸਟਰੇਟ ਮੁਕੇਰੀਆਂ ਅਸ਼ੋਕ ਕੁਮਾਰ ਦੀ ਅਗਵਾਈ ਹੇਠ ਬਾਲ ਵਿਕਾਸ ਪ੍ਰੋਜੈਕਟ ਅਫਸਰ ਮੁਕੇਰੀਆਂ ਕੁਮਾਰੀ ਮੰਜੂ ਬਾਲਾ ਵਲੋਂ ਸਵੀਪ ਗਤੀਵਿਧੀਆਂ ਤਹਿਤ ਪਿੰਡ ਤੱਗੜ ਕਲਾਂ ਵਿਖੇ ਔਰਤਾਂ ਨੂੰ ਵੋਟ ਪਾਉਣ ਲਈ ਜਾਗਰੂਕ ਕਰਨ ਲਈ ਇਕ ਬਲਾਕ ਪੱਧਰੀ ਸਮਾਰੋਹ ਕੀਤਾ ਗਿਆ। ਸਮਾਰੋਹ ਵਿਚ ਮਨਦੀਪ ਸਿੰਘ ਨੋਡਲ ਅਫਸਰ ਸਵੀਪ ਟੀਮ ਮੁਕੇਰੀਆਂ ਤੋਂ ਇਲਾਵਾ ਰਵਿੰਦਰ ਕੌਰ, ਮੋਨਿਕਾ ਸ਼ਰਮਾ, ਸੀਮਾ ਦੇਵੀ, ਰਾਜ ਕੁਮਾਰੀ, ਉਰਮਿਲਾ ਰਾਣੀ ਸਮੂਹ ਸੁਪਰਵਾਈਜ਼ਰ, ਆਂਗਣਵਾੜੀ ਵਰਕਰਾਂ ਅਤੇ ਵੱਡੀ ਗਿਣਤੀ ਵਿਚ ਪਿੰਡ ਦੀਆਂ ਔਰਤਾਂ ਸ਼ਾਮਿਲ ਹੋਈਆਂ। ਮਨਦੀਪ ਸਿੰਘ ਨੋਡਲ ਅਫਸਰ ਵਲੋਂ ਔਰਤਾਂ ਨੂੰ ਹਰ ਹਾਲ ਵਿਚ ਬਿਨਾਂ ਕਿਸੇ ਡਰ ਤੋਂ ਵੋਟ ਪਾਉਣ ਲਈ ਪ੍ਰੇਰਿਤ ਕੀਤਾ ਗਿਆ, ਤਾਂ ਜੋ ਚੰਗੇ ਨੁਮਾਇੰਦੇ ਚੁਣ ਕੇ ਔਰਤਾਂ ਆਪਣੇ ਹੱਕ ਵਿਚ ਕਨੂੰਨ ਬਣਵਾ ਸਕਣ ਅਤੇ ਰਾਜਨੀਤੀ ਵਿਚ ਆਪਣਾ ਹਿੱਸਾ ਵਧਾ ਸਕਣ। ਆਂਗਣਵਾੜੀ ਵਰਕਰਾਂ ਵੱਲੋਂ ਲੋਕਾਂ ਨੂੰ ਵੋਟਾਂ ਪਾਉਣ ਲਈ ਖਾਸਕਰ ਔਰਤਾਂ ਨੂੰ ਹਰ ਹਾਲ ਵਿੱਚ 1 ਜੂਨ 2024 ਨੂੰ ਵੋਟ ਪਾਉਣ ਲਈ ਪ੍ਰੇਰਿਤ ਕਰਦੀਆਂ ਬੋਲੀਆਂ ਦਾ ਭਰਪੂਰ ਗਿੱਧਾ ਪੇਸ਼ ਕੀਤਾ ਗਿਆ। ਰਵਿੰਦਰ ਕੌਰ ਅਤੇ ਮੋਨਿਕਾ ਸ਼ਰਮਾ ਸੁਪਰਵਾਈਜ਼ਰ ਵੱਲੋਂ ਔਰਤਾਂ ਟੱਪੇ ਗਾ ਕੇ ਵੋਟ ਪਾਉਣ ਲਈ ਜਾਗਰੂਕ ਕੀਤਾ ਗਿਆ। ਇਸ ਤੋਂ ਇਲਾਵਾ ਵੋਟਾਂ ਪਾਉਣ ਦਾ ਸੁਨੇਹਾ ਦੇਣ ਲਈ ਅੱਜ ਸਵੇਰੇ ਪਿੰਡ ਗਾਹਲੜੀਆਂ ਵਿਚ ਪ੍ਰਭਾਤ ਫੇਰੀ ਵੀ ਕੱਢੀ ਗਈ, ਜਿਸ ਵਿਚ ਵੱਡੀ ਗਿਣਤੀ ਵਿਚ ਔਰਤਾਂ ਅਤੇ ਕਿਸ਼ੋਰ ਲੜਕੀਆਂ ਸ਼ਾਮਿਲ ਹੋਈਆਂ। ਪ੍ਰਭਾਤ ਫੇਰੀ ਜੰਝ ਘਰ ਤੋਂ ਸ਼ੁਰੂ ਹੋ ਕੇ ਆਂਗਣਵਾੜੀ ਸੈਂਟਰ ਵਿਚ ਜਾ ਕੇ ਸਮਾਪਤ ਕੀਤੀ ਗਈ। ਰਵਿੰਦਰ ਕੌਰ ਸੁਪਰਵਾਈਜ਼ਰ ਵੱਲੋਂ ਔਰਤਾਂ ਨੂੰ ਹਰ ਹਾਲ ਵਿਚ ਵੋਟਾਂ ਪਾਉਣ ਲਈ ਪ੍ਰੇਰਿਤ ਕਰਦਾ ਇਕ ਗਾਣਾ ਵੀ ਗਾਇਆ ਗਿਆ।




# ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪੁਲਿਸ ਅਤੇ ਬੀ.ਐੱਸ.ਐੱਫ. ਦੇ ਜਵਾਨਾਂ ਨੇ ਕੱਢਿਆ ਫਲੈਗ ਮਾਰਚ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਅੱਜ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਪੁਲਿਸ ਅਤੇ ਬੀ।ਐੱਸ।ਐੱਫ। ਦੇ ਜਵਾਨਾਂ ਵੱਲੋਂ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਅਤੇ ਐੱਸ।ਐੱਸ।ਪੀ। ਸ਼ਹੀਦ ਭਗਤ ਸਿੰਘ ਨਗਰ ਡਾ। ਮਹਿਤਾਬ ਸਿੰਘ ਦੀ ਅਗਵਾਈ ਹੇਠ ਫਲੈਗ ਮਾਰਚ ਕੱਢਿਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਦੱਸਿਆ ਕਿ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪੁਲਿਸ ਅਤੇ ਬੀ।ਐੱਸ।ਐੱਫ। ਦੇ ਜਵਾਨਾਂ ਵੱਲੋਂ ਫਲੈਗ ਮਾਰਚ ਕੱਢਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਫਲੈਗ ਮਾਰਚ ਜ਼ਿਲ੍ਹਾ ਪ੍ਰਬੰਧਕੀ ਕੰਲਪੈਕਸ ਨਵਾਂਸ਼ਹਿਰ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿਚੋਂ ਗੁਜਰਿਆ ਹੈ। ਉਨ੍ਹਾਂ ਕਿਹਾ ਕਿ ਪੁਲਸ ਪ੍ਰਸ਼ਾਸਨ ਵੱਲੋਂ ਲੋਕ ਸਭਾ ਚੋਣਾਂ ਨੂੰ ਲੈ ਕੇ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ ਅਤੇ ਚੋਣਾਂ ਦੌਰਾਨ ਸ਼ਹਿਰ 'ਚ ਅਮਨ-ਸਾਂਤੀ ਪੂਰੀ ਤਰ੍ਹਾਂ ਬਰਕਰਾਰ ਰੱਖੀ ਜਾਵੇਗੀ ਅਤੇ ਕਿਸੇ ਵੀ ਸਮਾਜ ਵਿਰੋਧੀ ਅਨਸਰ ਨੂੰ ਸਿਰ ਚੁੱਕਣ ਨਹੀਂ ਦਿੱਤਾ ਜਾਵੇਗਾ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬਿਨ੍ਹਾਂ ਕਿਸੇ ਡਰ ਅਤੇ ਦਬਾਅ ਤੋਂ ਆਪਣੀ ਵੋਟ ਦਾ ਇਸਤੇਮਾਲ ਕਰਨ ਅਤੇ ਲੋਕਤੰਤਰ ਨੂੰ ਹੋਰ ਮਜਬੂਤ ਬਣਾਉਣ। ਉਨ੍ਹਾਂ ਅੱਗੇ ਕਿਹਾ ਕਿ ਜੇਕਰ ਕਿਸੇ ਵੋਟਰ ਵੱਲੋਂ ਲੋਕ ਸਭਾ ਚੋਣਾਂ ਸੰਬੰਧੀ ਕੋਈ ਜਾਣਕਾਰੀ ਲੈਣੀ ਹੋਵੇ ਤਾਂ ਉਹ ਐਨ ਵੀ ਐਸ ਪੀ (ਨੈਸ਼ਨਲ ਵੋਟਰ ਸਰਵਿਸ ਪੋਰਟਲ) ਸਮੇਤ ਟੋਲ ਫਰੀ ਹੈਲਪਲਾਈਨ ਨੰਬਰ 1950 ਉੱਤੇ ਆਪਣੀ ਸ਼ਿਕਾਇਤ ਦਰਜ ਕਰਵਾ ਸਕਦੇ ਹਨ।

ਇਸ ਮੌਕੇ 'ਤੇ ਐੱਸ.ਐੱਸ.ਪੀ. ਡਾ. ਮਹਿਤਾਬ ਸਿੰਘ ਨੇ ਕਿਹਾ ਕਿ ਹੋਣ ਵਾਲੀਆਂ ਚੋਣਾਂ 2024 ਨੂੰ ਨਿਰਪੱਖਤਾ ਅਤੇ ਅਮਨ ਸ਼ਾਂਤੀ ਨਾਲ ਮੁਕੰਮਲ ਕਰਵਾਉਣ ਲਈ ਹਰ ਪੱਧਰ ਉੱਤੇ ਸੁਰੱਖਿਆ ਪ੍ਰਬੰਧਾ ਕੀਤੇ ਜਾ ਰਹੇ ਹਨ ਜਿਨ੍ਹਾਂ ਦਾ ਨਿਰੰਤਰ ਨਿਰੀਖਣ ਵੀ ਕੀਤਾ ਜਾ ਰਿਹਾ ਹੈ ਤਾਂ ਜੋ ਪ੍ਰਬੰਧਾਂ ਨੂੰ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਦੌਰਾਨ ਲੋਕਾਂ ਨੂੰ ਬਿਨਾਂ ਕਿਸੇ ਡਰ ਅਤੇ ਦਬਾਅ ਤੋਂ ਆਪਣੀ ਵੋਟ ਦਾ ਇਸਤੇਮਾਲ ਕਰਨਾ ਚਾਹੀਦਾ ਹੈ ਅਤੇ ਪੁਲਸ ਪ੍ਰਸ਼ਾਸਨ ਨੂੰ ਵੀ ਸਹਿਯੋਗ ਦੇਣਾ ਚਾਹੀਦਾ ਹੈ। ਇਸ ਮੌਕੇ 'ਤੇ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸਾਗਰ ਸੇਤੀਆ, ਸਹਾਇਕ ਕਮਿਸ਼ਨਰ ਜਨਰਲ ਡਾ. ਗੁਰਲੀਨ ਕੌਰ, ਐਸ.ਪੀ. ਇਕਬਾਲ ਸਿੰਘ, ਡੀ.ਐਸ.ਪੀ. ਸੁਰਿੰਦਰ ਚੰਦ, ਡੀ.ਐਸ.ਪੀ. ਮਾਦਵੀ ਸ਼ਰਮਾ, ਡੀ.ਐਸ.ਪੀ. ਸ਼ਹਿਵਾਜ ਸਿੰਘ, ਡੀ.ਐਸ.ਪੀ. (ਐਚ) ਜੋਗ ਸਿੰਘ, ਐਸ.ਐਚ.ਓ। ਸਦਰ ਰਾਜ ਪਲਵਿੰਦਰ, ਗੁਡ ਗਵਰਨਸ ਫੈਲੋ ਅਸ਼ਮੀਤਾ, ਆਦਿ ਹਾਜ਼ਰ ਸਨ।

# ਬੱਚਿਆਂ ਦੇ ਹਰ ਸਵਾਲ ਅਤੇ ਜਗਿਆਸਾ ਨੂੰ ਤਵੱਜੋ ਦੇਣ 'ਤੇ ਜ਼ੋਰ

**ਲਹਿਰਾਗਾਗਾ, (ਦਲਜੀਤ ਕੌਰ)** ਸੀਬਾ ਇੰਟਰਨੈਸ਼ਨਲ ਪਬਲਿਕ ਸਕੂਲ, ਲਹਿਰਾਗਾਗਾ ਵਿਖੇ ਵਿਦਿਆਰਥੀਆਂ ਨੂੰ ਮਨੋਵਿਗਿਆਨਕ ਪੱਖੋਂ ਸੁਚੇਤ ਕਰਨ ਦੇ ਮੰਤਵ ਨਾਲ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਸੈਮੀਨਾਰ ਦੌਰਾਨ ਦਿੱਲੀ ਤੋਂ ਆਏ ਮਨੋਵਿਗਿਆਨੀ ਸੰਜੀਵ ਸ਼ਰਮਾ ਨੇ 'ਮੁਕਾਬਲੇ ਦੀ ਦੌੜ 'ਚ ਮਾਨਸਿਕ ਸੰਤੁਲਨ' ਵਿਸ਼ੇ 'ਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਨਾਲ ਸੰਵਾਦ ਰਚਾਇਆ। ਉਹਨਾਂ ਨੇ ਕਿਹਾ ਕਿ ਅੱਜਕਲ੍ਹ ਮੁਕਾਬਲੇ ਦੇ ਯੁੱਗ ਵਿੱਚ ਪਰਿਵਾਰਕ ਅਤੇ ਸਮਾਜਿਕ ਦਬਾਅ ਬੱਚਿਆਂ ਉਪਰ ਅਜਿਹਾ ਤਣਾਅ ਪੈਦਾ ਕਰਦਾ ਹੈ ਕਿ ਉਹ ਅਸਲ ਜ਼ਿੰਦਗੀ ਜਿਊਣਾ ਭੁੱਲ ਜਾਂਦੇ ਹਨ।ਦੂਸਰਿਆਂ ਨਾਲ ਤੁਲਨਾ ਕਰਨਾ ਹੀ ਸਾਡੀਆਂ ਪ੍ਰੇਸ਼ਾਨੀਆਂ ਦਾ ਕਾਰਨ ਬਣਦਾ ਹੈ। ਇਸ ਕਰਕੇ ਸਾਨੂੰ ਆਪਣੇ ਸਵੈ-ਵਿਕਾਸ ਵੱਲ ਕੇਂਦਰਿਤ ਹੋਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਜਦੋਂ ਬੱਚਾ ਪਹਿਲੀ ਵਾਰ ਤੁਰਨਾ ਸਿੱਖਦਾ ਹੈ, ਤਾਂ ਮਨੁੱਖੀ ਦਿਮਾਗ ਉਪਰ ਸਭ ਤੋਂ ਵੱਧ ਜ਼ੋਰ ਪੈਂਦਾ ਹੈ, ਕਿਉਂਕਿ ਦਿਮਾਗ਼ ਨੇ ਹੀ ਨਸਾਂ ਰਾਹੀਂ ਸਰੀਰ ਦਾ ਤਵਾਜ਼ਨ ਰੱਖਣ ਦਾ ਸੁਨੇਹਾ ਹਰ ਮਾਸਪੇਸ਼ੀ ਨੂੰ ਦੇਣਾ ਹੁੰਦਾ ਹੈ। ਇਹ ਦਬਾਅ ਸਾਡੀ ਕਿਸੇ ਵੀ ਉਚੇਰੀ ਪੜ੍ਹਾਈ ਤੋਂ ਵੱਧ ਹੁੰਦਾ ਹੈ। ਉਹਨਾਂ ਦੱਸਿਆ ਕਿ ਮਨ ਦੀ ਅਸਲ ਖੁਸ਼ੀ ਲਈ ਰਿਸ਼ਤਿਆਂ ਵਿੱਚ ਸਾਂਝ ਦਾ ਬਹੁਤ ਹੀ ਅਹਿਮ ਯੋਗਦਾਨ ਹੁੰਦਾ ਹੈ। ਨਾਕਾਰਾਤਮਕ ਖ਼ਿਆਲਾਂ ਦੀ ਵਜ੍ਹਾ ਨਾ਼ਲ ਪੈਦਾ ਹੋਣ ਵਾਲਾ ਮਾਨਸਿਕ ਦਬਾਅ ਜਿੱਥੇ ਇੱਕ ਪਾਸੇ ਖਰਾਬ ਮਾਨਸਿਕ ਸਿਹਤ ਦਾ ਕਾਰਨ ਬਣਦਾ ਹੈ, ਉੱਥੇ ਹੀ ਇਹ ਬਹੁਤ ਸਾਰੀਆਂ ਸਰੀਰਕ ਬਿਮਾਰੀਆਂ ਦਾ ਕਾਰਨ ਵੀ ਬਣ ਸਕਦਾ ਹੈ। ਉਨ੍ਹਾਂ ਕਿਹਾ ਕਿ ਜ਼ਿੰਦਗੀ ਵਿੱਚ ਸਾਡੀ ਢਾ਼ਲ ਬਣਨ ਵਾ਼ਲੇ ਰਿਸ਼ਤੇ ਲਾਜ਼ਮੀ ਤੌਰ ਉੱਤੇ ਹੋਣੇ ਚਾਹੀਦੇ ਹਨ, ਜਿਸ ਨਾ਼ਲ ਮਾਨਸਿਕ ਸਿਹਤ ਠੀਕ ਰਹਿੰਦੀ ਹੈ।






ਉਹਨਾਂ ਕਿਹਾ ਕਿ ਸਿੱਖਣ ਲਈ ਜਗਿਆਸਾ ਜਰੂਰੀ ਹੈ। ਸਿੱਖਣ ਸਮੇਂ ਹਮੇਸ਼ਾ ਸਾਨੂੰ ਸਕਾਰਾਤਮਕ ਊਰਜਾ ਪੈਦਾ ਹੁੰਦੀ ਹੈ। ਗ਼ਲਤੀਆਂ ਨਾਲ ਹੀ ਇਨਸਾਨ ਸਿੱਖਦਾ ਹੈ। ਸਾਨੂੰ ਮੁਕਾਬਲੇ ਦੀ ਬਜਾਏ ਨਿਰੀਖਣ ਵੱਲ ਜਿਆਦਾ ਕੇਂਦਰਿਤ ਹੋਣਾ ਚਾਹੀਦਾ ਹੈ। ਸਕੂਲ ਦੇ ਵਿਦਿਆਰਥੀਆਂ ਗੁਲਅੰਸ਼ ਕੌਰ, ਰਮਨਪ੍ਰੀਤ ਕੌਰ, ਜੁਝਾਰ ਸਿੰਘ, ਜਸਕਰਨ ਸਿੰਘ ਅਤੇ ਹੋਰਨਾਂ ਵੱਲੋਂ ਕੀਤੇ ਸਵਾਲਾਂ ਦਾ ਉਹੀ ਤਸੱਲੀਬਖਸ਼ ਜਵਾਬ ਦਿੱਤਾ।

ਸਕੂਲ ਪ੍ਰਬੰਧਕ ਕੰਵਲਜੀਤ ਸਿੰਘ ਢੀਂਡਸਾ ਨੇ ਕਿਹਾ ਕਿ ਸੀਬਾ ਦਾ ਉਦੇਸ਼ ਵਿਦਿਆਰਥੀਆਂ ਨੂੰ ਅਮਲੀ ਗਿਆਨ ਦੇਣਾ ਹੈ, ਜੋ ਬੱਚਿਆਂ ਦੀ ਜ਼ਿੰਦਗੀ ਲਈ ਆਧਾਰ ਬਣੇ। ਇਸ ਮੌਕੇ ਚਿੰਤਕ ਬਲਰਾਮ ਪਟਿਆਲਾ, ਅਮਨ ਢੀਂਡਸਾ, ਪ੍ਰਿੰਸੀਪਲ ਬਿਬਿਨ ਅਲੈਗਜ਼ੈਂਡਰ, ਮੈਡਮ ਸੁਨੀਤਾ ਨੰਦਾ, ਨਰੇਸ਼ ਚੌਧਰੀ, ਰਣਦੀਪ ਸੰਗਤਪੁਰਾ, ਗੁਰਦੀਪ ਕੌਰ, ਮਧੂ ਮੋਤੀ, ਪ੍ਰਭਜੋਤ ਕੌਰ, ਨਵਜੋਤ ਸਿੰਘ, ਮਨਜੀਤ ਸਿੰਘ, ਮਹਿੰਦਰ ਕੁਮਾਰ, ਪਰਮਜੀਤ ਕੌਰ, ਮੈਡਮ ਕਮਲ, ਹਰਕੰਵਲ ਸਿੰਘ, ਹਿਮਾਂਸ਼ੂ, ਮੋਹਿਤ ਸਿੰਗਲਾ, ਦੇਵ ਪ੍ਰਕਾਸ਼ ਅਤੇ ਹਰਮੇਸ਼ ਸਿੰਘ ਹਾਜ਼ਰ ਸਨ।

# ਸਵੀਪ ਟੀਮ ਵਲੋਂ ਘਰ-ਘਰ ਦਸਤਕ ਮੁਹਿੰਮ ਅਧੀਨ ਸਕੋਹਪੁਰ ਦੇ ਵੋਟਰਾਂ ਨੂੰ ਕੀਤਾ ਜਾਗਰੂਕ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਮੁੱਖ ਚੋਣ ਅਫਸਰ ਪੰਜਾਬ ਜੀ ਦੇ ਹੁਕਮਾਂ, ਡਿਪਟੀ ਕਮਿਸ਼ਨਰ ਕਮ ਜਿਲ੍ਹਾ ਚੋਣ ਅਫਸਰ ਨਵਜੋਤ ਪਾਲ ਸਿੰਘ ਰੰਧਾਵਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਰਾਜੀਵ ਵਰਮਾ ਐਡੀਸ਼ਨਲ ਡਿਪਟੀ ਕਮਿਸ਼ਨਰ-ਕਮ- ਨੋਡਲ ਅਫਸਰ ਸਵੀਪ ਦੀ ਯੋਗ ਅਗਵਾਈ ਹੇਠ ਲੋਕ ਸਭਾ ਚੋਣਾਂ 2024 ਦੀ ਤਿਆਰੀ ਲਈ ਜਿਲ੍ਹੇ ਦੇ ਸਹਾਇਕ ਸਵੀਪ ਨੋਡਲ ਅਫਸਰ ਸਤਨਾਮ ਸਿੰਘ, ਬੀ। ਐਲ. ਐਮ. ਗਰਲਜ ਕਾਲਜ ਨਵਾਂ ਸ਼ਹਿਰ ਤੋ ਰਾਜਨੀਤੀ ਵਿਭਾਗ ਦੇ ਸਹਾਇਕ ਪ੍ਰੋਫੈਸਰ ਹਰਦੀਪ ਕੌਰ ਅਤੇ ਕੰਪਿਊਟਰ ਫੈਕਲਟੀ ਉਂਕਾਰ ਸਿੰਘ ਵਲੋਂ ਜ਼ਿਲੇ ਦੇ ਵੋਟਰਾਂ ਨੂੰ ਜਾਗਰੁਕ ਕਰਨ ਲਈ ਘਰ ਘਰ ਦਸਤਕ ਮੁਹਿੰਮ ਤਹਿਤ ਜਿਲ੍ਹੇ ਦੇ ਪਿੰਡ ਸਕੋਹਪੁਰ ਵਿੱਚ ਆਂਗਨਵਾੜੀ ਸੈਂਟਰ ਵਿਖੇ ਮੀਟਿੰਗ ਕੀਤੀ ਗਈ। ਸਹਾਇਕ ਸਵੀਪ ਨੋਡਲ ਅਫਸਰ ਸਤਨਾਮ ਸਿੰਘ ਨੇ ਕਿਹਾ ਕਿ ਲੋਕ ਸਭਾ ਚੋਣਾਂ ਵਿਚ ਸੌ ਫੀਸਦੀ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਅਤੇ ਜ਼ਿਲੇ ਵਿਚ ਜਾਗਰੁਕ ਕਰਨ ਦੇ ਮੰਤਵ ਨਾਲ ਘਰ ਘਰ ਦਸਤਕ ਮੁਹਿੰਮ ਉਲੀਕੀ ਗਈ ਹੈ ਤਾਂ ਜੋ ਚੋਣਾਂ ਦਾ ਪਰਵ, ਦੇਸ਼ ਦਾ ਗਰਵ ਵਾਲ਼ੇ ਦਿਨ ਵੋਟਰ ਆਪਣੀ ਵੋਟ ਦਾ ਸਹੀ




ਇਸਤੇਮਾਲ ਕਰਕੇ ਆਪਣੇ ਸੂਬੇ ਅਤੇ ਦੇਸ਼ ਦੇ ਵਿਕਾਸ ਲਈ ਯੋਗ ਸਰਕਾਰ ਚੁਣਨ ਵਿਚ ਆਪਣਾ ਯੋਗਦਾਨ ਪਾ ਸਕਣ। ਉਹਨਾਂ ਪਿੰਡ ਸਕੋਹਪੁਰ ਦੇ ਵੋਟਰਾਂ ਨੂੰ ਭਾਰਤ ਚੋਣ ਕਮਿਸ਼ਨ ਦੇ ਨਾਅਰੇ "ਇਸ ਬਾਰ ਸੱਤਰ ਪਾਰ" ਦੇ ਮਿਸ਼ਨ ਸੰਬੰਧੀ ਜਾਗਰੂਕ ਕੀਤਾ ਅਤੇ ਆਪਣੇ ਵੋਟ ਦੇ ਅਧਿਕਾਰ ਦੀ ਸਹੀ ਵਰਤੋਂ ਕਰਨ ਲਈ ਪ੍ਰੇਰਿਆ।

ਇਸ ਮੌਕੇ ਹਰਦੀਪ ਕੌਰ ਨੇ ਕਿਹਾ ਕਿ ਸਾਨੂੰ ਔਰਤਾਂ ਨੂੰ ਬਿਨ੍ਹਾਂ ਕਿਸੇ ਦਬਾਅ, ਡਰ, ਲਾਲਚ ਜਾਤ-ਪਾਤ ਦੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਦੇਸ਼ ਦੇ ਸਰਵਪੱਖੀ ਵਿਕਾਸ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਜਿਲ੍ਹਾ ਚੋਣ ਦਫਤਰ ਚਾਹੁੰਦਾ ਹੈ ਕਿ "ਇਸ ਬਾਰ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ, ਪਝੱਤਰ ਪਾਰ" ਹੋ ਜਾਵੇ।ਇਹ ਆਪ ਸਭ ਦੇ ਸਹਿਯੋਗ ਨਾ਼ਲ ਹੀ ਸੰਭਵ ਹੈ। ਇਸ ਮੌਕੇ ਬਲਵੰਤ ਸਿੰਘ, ਸਰਦਾਰਾ ਸਿੰਘ, ਮਮਤਾ, ਸਰਬਜੀਤ ਕੌਰ, ਨਿਰਮਲ ਕੌਰ, ਗੁਰਪਾਲ ਕੌਰ, ਸ਼ਰਨਜੀਤ ਸਿੰਘ, ਸਰਬਜੀਤ ਕੌਰ, ਖੁਸ਼ਬੂ, ਸਿਮਰਨਜੀਤ ਕੌਰ, ਪਰਮਜੀਤ, ਮਹਿੰਦਰ ਕੌਰ ਆਦਿ ਹਾਜ਼ਰ ਸਨ।

# ਲੋਕ ਗਾਇਕ ਕੁਲਦੀਪ ਚੁੰਬਰ ਪੁੱਜੇ ਇੰਗਲੈਂਡ

**ਇੰਗਲੈਂਡ /ਲੰਡਨ, (ਮਲਕੀਤ ਧੀਰਪੁਰੀ)–** ਲੋਕ ਗਾਇਕ ਅਤੇ ਬਹੁਪੱਖੀ ਕਲਾਕਾਰ ਕੁਲਦੀਪ ਚੁੰਬਰ ਅੱਜਕੱਲ ਇੰਗਲੈਂਡ ਦੀ ਫੇਰੀ ਤੇ ਕਨੇਡਾ ਤੋਂ ਆਏ ਹੋਏ ਹਨ। ਇਸ ਸਬੰਧੀ ਉਹਨਾਂ ਨੇ ਗੱਲਬਾਤ ਦੌਰਾਨ ਦੱਸਿਆ ਕਿ ਉਹਨਾਂ ਦਾ ਇਹ ਭਾਵੇਂ ਫੈਮਲੀ ਟੂਰ ਹੈ ਪਰ ਫਿਰ ਵੀ ਉਹ ਇੱਥੇ ਕਾਰਜਸ਼ੀਲ ਵੱਖ ਵੱਖ ਸਾਹਿਤ ਸੱਭਿਆਚਾਰਿਕ ਅਤੇ ਹੋਰ ਸਮਾਜਿਕ ਗਤੀਵਿਧੀਆਂ ਨਾਲ ਜੁੜੀਆਂ ਸ਼ਖਸੀਅਤਾਂ ਨਾਲ ਮੁਲਾਕਾਤ ਕਰਨਗੇ। ਸ੍ਰੀ ਚੁੰਬਰ ਕੈਨੇਡਾ ਵਿੱਚ ਪਿਛਲੇ ਕੁਝ ਸਾਲਾਂ ਤੋਂ ਰਹਿ ਰਹੇ ਹਨ ਅਤੇ ਇਥੋਂ ਹੀ ਉਹ ਪੰਜਾਬੀ ਸੱਭਿਆਚਾਰ ਦੀ ਸੇਵਾ ਵੱਖ ਵੱਖ ਕਲਾਵਾਂ ਰਾਹੀਂ ਕਰ ਰਹੇ ਹਨ। ਯੂਕੇ ਪੁੱਜ ਕੇ ਸ੍ਰੀ ਕੁਲਦੀਪ ਚੁੰਬਰ ਨੇ ਗੁਰਦੁਆਰਾ ਨਾਨਕਸਰ ਲਿਚਵਰਥ, ਸ੍ਰੀ ਗੁਰੂ ਰਵਿਦਾਸ ਟੈਂਪਲ ਸਾਊਥਹਾਲ, ਗੁਰਦੁਆਰਾ ਸਿੰਘ ਸਭਾ ਸਮੇਤ ਹੋਰ ਗੁਰਧਾਮਾਂ ਤੇ ਨਤਮਸਤਕ ਹੋ ਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਉਹਨਾਂ ਦੀ ਯੂਕੇ ਫੇਰੀ ਤੇ ਉਨਾਂ ਦਾ ਸਵਾਗਤ ਅਮਨਪ੍ਰੀਤ ਹੀਰ, ਕੁਲਵੰਤ ਚੁੰਬਰ ਵੂਲਵਰਹੈਮਟਨ, ਕੁਲਦੀਪ ਚਾਹਲ ਸਾਊਥਹਾਲ, ਮਲਕੀਤ ਧੀਰਪੁਰ ਸਾਊਥ ਹਾਲ, ਲੋਕ ਗਾਇਕ ਬਲਕਾਰ ਲੰਡਨ, ਸਾਈ ਪੱਪਲ ਸ਼ਾਹ ਭਰੋਮਜਾਰਾ ਸਮੇਤ ਕਈ ਹੋਰ ਮੋਹਤਵਾਰ ਸ਼ਖਸੀਅਤਾਂ ਨੇ ਕੀਤਾ ਹੈ।



# ਸਵੀਪ ਗਤੀਵਿਧੀਆਂ ਅਧੀਨ ਸਰਕਾਰੀ ਸਕੂਲ ਕਰਨਾਣਾ ਵਿਖੇ ਲਗਾਇਆ ਵੋਟਰ ਜਾਗਰੂਕਤਾ ਸੈਮੀਨਾਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਲੋਕ ਸਭਾ ਚੋਣਾਂ 2024 ਨੂੰ ਮੁੱਖ ਰੱਖਦੇ ਹੋਏ ਮੁੱਖ ਚੋਣ ਅਫਸਰ ਪੰਜਾਬ ਦੀਆਂ ਹਦਾਇਤਾਂ ਅਤੇ ਡਿਪਟੀ ਕਮਿਸ਼ਨਰ ਕਮ ਜਿਲ੍ਹਾ ਚੋਣ ਅਫਸਰ ਨਵਜੋਤ ਪਾਲ ਸਿੰਘ ਰੰਧਾਵਾ ਦੇ ਹੁਕਮਾਂ ਅਤੇ ਰਾਜੀਵ ਵਰਮਾ ਐਡੀਸ਼ਨਲ ਡਿਪਟੀ ਕਮਿਸ਼ਨਰ-ਕਮ-ਨੋਡਲ ਅਫਸਰ ਸਵੀਪ ਦੇ ਨਿਰਦੇਸ਼ਾਂ ਅਨੁਸਾਰ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਰਨਾਣਾ ਦੇ ਇੰਚਾਰਜ਼ ਜਸਵੰਤ ਸਿੰਘ ਦੀ ਅਗਵਾਈ ਹੇਠ ਸਵੀਪ ਗਤੀਵਿਧੀਆਂ ਅਧੀਨ ਵੋਟਰ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਸੈਮੀਨਾਰ ਵਿੱਚ ਸਵੀਪ ਦੇ ਨੋਡਲ ਅਫਸਰ ਸਤਨਾਮ ਸਿੰਘ, ਬੀ। ਐਲ. ਐਮ. ਗਰਲਜ ਕਾਲਜ ਨਵਾਂ ਸ਼ਹਿਰ ਤੋਂ ਰਾਜਨੀਤੀ ਵਿਭਾਗ ਦੇ ਸਹਾਇਕ ਪ੍ਰੋਫੈਸਰ ਹਰਦੀਪ ਕੌਰ ਅਤੇ ਉਂਕਾਰ ਸਿੰਘ ਕੰਪਿਊਟਰ ਫੈਕਲਟੀ ਵਲੋਂ ਮੁੱਖ ਬੁਲਾਰਿਆਂ ਦੇ ਰੂਪ ਵਿੱਚ ਸ਼ਿਰਕਤ ਕੀਤੀ ਗਈ। ਉਹਨਾਂ ਦੁਆਰਾ ਵਿਦਿਆਰਥੀਆਂ ਨੂੰ ਵੋਟਾਂ ਬਾਰੇ ਜਾਗਰੂਕ ਕਰਨ ਲਈ ਆਪਣੇ ਵਿਚਾਰ ਪੇਸ਼ ਕੀਤੇ ਗਏ।ਸਤਨਾਮ ਸਿੰਘ ਦੁਆਰਾ ਵਿਦਿਆਰਥੀਆਂ ਨੂੰ ਆਪਣੀ ਵੋਟ ਬਣਵਾਉਣਾ ਲਾਜ਼ਮੀ ਕਰਾਰ ਦੇਣ ਦੇ ਨਾਲ-ਨਾਲ ਉਹਨਾਂ ਨੂੰ ਵੋਟ ਦੀ ਵਰਤੋਂ ਕਰਨ ਲਈ ਵੀ ਪ੍ਰੇਰਿਤ ਕੀਤਾ ਗਿਆ ਅਤੇ ਉਹਨਾਂ ਦੁਆਰਾ ਕਿਹਾ ਗਿਆ ਕਿ ਵਿਦਿਆਰਥੀਆਂ ਭਾਰਤ ਦੇ ਨਾਗਰਿਕ ਹੋਣ ਦੇ ਨਾਤੇ ਆਪਣੇ ਵੋਟ ਅਧਿਕਾਰ ਦਾ ਇਸਤੇਮਾਲ ਜਰੂਰ ਕਰਨ ਅਤੇ ਆਪਣੀ ਵੋਟ ਜਰੂਰ ਬਣਵਾਉਣ ਕਿਉਂਕਿ ਭਵਿੱਖ ਵਿੱਚ ਨੌਜਵਾਨ ਹੀ ਹਨ ਜੋ ਦੇਸ਼ ਦੇ ਲੋਕਤੰਤਰ ਨੂੰ ਬਰਕਰਾਰ ਰੱਖ ਸਕਦੇ ਹਨ।



ਉਨ੍ਹਾਂ ਕਿਹਾ ਵਿਦਿਆਰਥੀ ਆਪਣੇ ਪਿੰਡਾਂ ਵਿੱਚ ਅਤੇ ਆਲੇ ਦੁਆਲੇ ਦੇ ਲੋਕਾਂ ਨੂੰ ਵੋਟ ਬਣਵਾਉਣ ਅਤੇ ਹਰ ਇੱਕ ਵਿਅਕਤੀ ਨੂੰ ਆਉਣ ਵਾਲੀਆਂ ਚੋਣਾਂ ਵਿੱਚ ਵੋਟ ਦੇ ਅਧਿਕਾਰ ਦਾ ਪ੍ਰਯੋਗ ਕਰਨ ਲਈ ਕਹਿਣ ਅਤੇ ਚੋਣ ਕਮਿਸ਼ਨ ਦੇ ਸਲੋਗਨ "ਇਸ ਬਾਰ 70 ਪਾਰ" ਦੇ ਤਹਿਤ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਵੋਟਿੰਗ ਟਰਨ ਆਊਟ ਨੂੰ 75 ਦੇ ਪਾਰ ਕਰਨ ਵਿੱਚ ਸਹਿਯੋਗ ਅਤੇ ਹਰ ਇੱਕ ਕੋਸ਼ਿਸ਼ ਕਰਨ। ਸਹਾਇਕ ਪ੍ਰੋਫੈਸਰ ਹਰਦੀਪ ਕੌਰ ਦੁਆਰਾ ਵੋਟਾਂ ਦੀ ਪੋਲਿੰਗ ਦੇ ਆਂਕੜਿਆਂ ਬਾਰੇ ਵੀ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਗਿਆ ਕਿ ਮਰਦਾਂ ਦੇ ਮੁਕਾਬਲੇ ਵਿੱਚ ਔਰਤਾਂ ਦਾ ਵੋਟ ਪੋਲਿੰਗ ਵੱਧ ਹੈ ਅਤੇ ਇਸ ਲਈ ਨਾਗਰਿਕ ਹੋਣ ਦੇ ਨਾਤੇ ਹਰ ਇੱਕ ਵਿਅਕਤੀ ਦਾ ਨਿੱਜੀ ਫਰਜ਼ ਬਣਦਾ ਹੈ ਕਿ ਉਹ ਆਪਣੇ ਵੋਟ ਦੇ ਅਧਿਕਾਰ ਦਾ ਪ੍ਰਯੋਗ ਜਰੂਰ ਕਰਨ ਤਾਂ ਜੋ ਇੱਕ ਮਜਬੂਤ ਲੋਕਤੰਤਰ ਦੀ ਸਥਾਪਨਾ ਕੀਤੀ ਜਾ ਸਕੇ ਅਤੇ ਨਾਲ ਹੀ ਵਿਦਿਆਰਥੀਆਂ ਨੂੰ ਸਿੱਖਿਆ ਦੇ ਖੇਤਰ ਵਿੱਚ ਵੀ ਆਪਣਾ ਯੋਗਦਾਨ ਦੇਣ ਲਈ ਪ੍ਰੇਰਿਤ ਕੀਤਾ ਗਿਆ।

ਇਸ ਮੌਕੇ ਸਟੇਜ਼ ਸੰਚਾਲਨ ਦੀ ਭੂਮਿਕਾ ਵਿਪਨ ਕੁਮਾਰ ਜਿਲ੍ਹਾ ਵੋਕੇਸ਼ਨਲ ਕੋਆਰਡੀਨੇਟਰ ਵਲੋਂ ਬਾਖੂਬੀ ਨਿਭਾਈ ਗਈ। ਸਕੂਲ ਇੰਚਾਰਜ਼ ਜਸਵੰਤ ਸਿੰਘ ਦੁਆਰਾ ਆਏ ਹੋਏ ਮੁੱਖ ਬੁਲਾਰਿਆਂ ਦਾ ਧੰਨਵਾਦ ਕੀਤਾ ਗਿਆ ਅਤੇ ਵਿਦਿਆਰਥਣਾਂ ਨੂੰ ਹਰ ਇੱਕ ਵੋਟ ਪੋਲ ਕਰਵਾਉਣ ਲਈ ਪ੍ਰੇਰਿਤ ਕੀਤਾ। ਕੰਪਿਊਟਰ ਫੈਕਲਟੀ ਉਂਕਾਰ ਸਿੰਘ ਦੁਆਰਾ ਵਿਦਿਆਰਥਣਾਂ ਨੂੰ ਵੋਟਰ ਪ੍ਰਣ ਦੁਆਇਆ ਗਿਆ। ਇਸ ਮੌਕੇ ਬਲਵੀਰ ਸਿੰਘ, ਅਮਰਿੰਦਰ ਸਿੰਘ, ਦਿਨੇਸ਼ ਗੌਤਮ, ਸੁਖਵਿੰਦਰ ਕੌਰ, ਸਰੋਜ਼ ਰਾਣੀ, ਵੀਨਾ ਰਾਣੀ, ਦੇਵਾਂਸ਼ੂ ਸੋਹਲ, ਕੁਲਜੀਤ ਸੁਨਾਰ, ਸ਼ੀਲਾ ਰਾਣੀ, ਸ਼ਾਮ ਲਾਲ ਆਦਿ ਹਾਜ਼ਰ ਸਨ।

# 'ਸਵੀਪ' ਤਹਿਤ ਬੱਸ ਸਟੈਂਡ 'ਤੇ ਲਗਾਏ ਖ਼ੂਨਦਾਨ ਕੈਂਪ 'ਚ 101 ਲੋਕਾਂ ਨੇ ਕੀਤਾ ਖ਼ੂਨਦਾਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਕੋਮਲ ਮਿੱਤਲ ਦੀ ਅਗਵਾਈ ਵਿਚ ਪੰਜਾਬ ਰੋਡਵੇਜ ਹੁਸ਼ਿਆਰਪੁਰ ਡਿਪੂ ਵੱਲੋਂ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਸਹਿਯੋਗ ਨਾਲ ਬੱਸ ਸਟੈਂਡ ਹੁਸ਼ਿਆਰਪੁਰ ਵਿਖੇ 'ਜਿਊਣ ਲਈ ਖ਼ੂਨਦਾਨ, ਮਜ਼ਬੂਤ ਲੋਕਤੰਤਰ ਲਈ ਵੋਟ ਪਾਉਣ' ਦੇ ਵਿਸ਼ੇ ਤਹਿਤ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਜ) ਰਾਹੁਲ ਚਾਬਾ ਨੇ ਪਹੁੰਚ ਕੇ ਖ਼ੂਨਦਾਨੀਆਂ ਨੂੰ ਸਨਮਾਨਿਤ ਕਰਕੇ ਉਨ੍ਹਾਂ ਦਾ ਹੌਸਲਾ ਵਧਾਇਆ। ਇਸ ਮੌਕੇ ਉਨ੍ਹਾਂ ਨਾਲ ਡੀ.ਐਸ.ਪੀ ਅਮਰ ਨਾਥ, ਰਿਜ਼ਨਲ ਟਰਾਂਸਪੋਰਟ ਅਫ਼ਸਰ ਆਰ.ਐਸ. ਗਿੱਲ, ਜੀ.ਐਮ ਪੰਜਾਬ ਰੋਡਵੇਜ ਹੁਸ਼ਿਆਰਪੁਰ ਡਿਪੂ ਜਸਵੀਰ ਸਿੰਘ ਕੋਟਲਾ, ਜ਼ਿਲ੍ਹਾ




ਸਵੀਪ ਅਫ਼ਸਰ ਪ੍ਰੀਤ ਕੋਹਲੀ, ਸਹਾਇਕ ਲੋਕ ਸੰਪਰਕ ਅਫ਼ਸਰ ਲੋਕੇਸ਼ ਕੁਮਾਰ ਵੀ ਮੌਜੂਦ ਸਨ।

ਸਵੀਪ ਗਤੀਵਿਧੀਆਂ ਤਹਿਤ ਕਰਵਾਏ ਗਏ ਖ਼ੂਨਦਾਨ ਕੈਂਪ ਵਿਚ 101 ਖ਼ੂਨਦਾਨੀਆਂ ਨੇ ਖ਼ੂਨਦਾਨ ਕੀਤਾ। ਇਸ ਮੌਕੇ ਏ।ਡੀ।ਸੀ ਰਾਹੁਲ ਚਾਬਾ ਨੇ ਕਿਹਾ ਕਿ ਸਿਹਤਮੰਦ ਸਰੀਰ ਲਈ ਖ਼ੂਨਦਾਨ ਕਰਨਾ ਅਤੇ ਲੋਕਤੰਤਰ ਦੀ ਮਜ਼ਬੂਤੀ ਲਈ ਵੋਟ ਪਾਉਣਾ ਬਹੁਤ ਹੀ ਜ਼ਰੂਰੀ ਹੈ। ਇਸ ਲਈ ਖ਼ੂਨਦਾਨ ਕਰਨਾ ਅਤੇ ਵੋਟ ਪਾਉਣਾ ਦੋਵੇਂ ਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ਮਜ਼ਬੂਤ ਲੋਕਤੰਤਰ ਲਈ ਵੱਧ ਤੋਂ ਵੱਧ ਵੋਟਾਂ ਪਾ ਕੇ ਆਪਣੇ ਵੋਟ ਦੇ ਅਧਿਕਾਰ ਪ੍ਰਤੀ ਜਾਗਰੂਕ ਹੋਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਚੋਣ ਪ੍ਰਕਿਰਿਆ ਵਿਚ ਵੋਟਰਾਂ ਦੀ ਜਾਗਰੂਕਤਾ ਅਤੇ ਨੈਤਿਕ ਹਿੱਸੇਦਾਰੀ ਨੂੰ ਵਿਕਸਿਤ ਕਰਨਾ ਮਹੱਤਵਪੂਰਨ ਪਹਿਲੂ ਹੈ, ਜਿਸ ਤਹਿਤ ਵੋਟਰਾਂ ਨੂੰ ਉਨ੍ਹਾਂ ਦੇ ਵੋਟ ਪ੍ਰਤੀ ਜਾਗਰੂਕ ਅਤੇ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 1 ਜੂਨ ਨੂੰ ਦੇਸ਼ ਵਿਚ ਚੋਣਾਂ ਦਾ ਪਰਵ ਹੈ ਅਤੇ ਸਾਰੇ ਇਸ ਦਿਨ ਆਪਣੇ ਵੋਟ ਦੇ ਅਧਿਕਾਰ ਦੀ ਜ਼ਰੂਰ ਵਰਤੋਂ ਕਰਨ। ਉਨ੍ਹਾਂ ਆਮ ਲੋਕਾਂ ਨੂੰ ਖ਼ੂਨਦਾਨ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਖ਼ੂਨਦਾਨ ਇਕ ਮਹਾਨ ਕੰਮ ਹੈ ਅਤੇ ਸਾਡੇ ਅਮੀਰ ਸੱਭਿਆਚਾਰ ਅਤੇ ਸੇਵਾ ਤੇ ਸਹਿਯੋਗ ਦੀ ਪ੍ਰੰਪਰਾ ਦਾ ਹਿੱਸਾ ਹੈ। ਖ਼ੂਨਦਾਨ ਨਾਲ ਨਾ ਕੇਵਲ ਰਾਸ਼ਟਰੀ ਜ਼ਰੂਰਤ ਪੂਰੀ ਹੁੰਦੀ ਹੈ ਬਲਕਿ ਇਹ ਸਮਾਜ ਅਤੇ ਮਨੁੱਖਤਾ ਪ੍ਰਤੀ ਇਕ ਵੱਡੀ ਸੇਵਾ ਵੀ ਹੈ। ਉਨ੍ਹਾਂ ਕਿਹਾ ਕਿ ਸਾਡੇ ਦੁਆਰਾ ਦਿੱਤੇ ਗਏ ਖ਼ੂਨ ਨਾਲ ਕਈ ਜ਼ਿੰਦਗੀਆਂ ਨੂੰ ਬਚਾਇਆ ਜਾ ਸਕਦਾ ਹੈ।

ਕੈਂਪ ਵਿਚ ਮੌਜੂਦ ਲੋਕਾਂ ਨੂੰ ਜਨਰਲ ਮੈਨੇਜਰ ਪੰਜਾਬ ਰੋਡਵੇਜ਼ ਹੁਸ਼ਿਆਰਪੁਰ ਜਸਵੀਰ ਸਿੰਘ ਕੋਟਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਖ਼ੂਨਦਾਨ ਪੁੰਨ ਦਾ ਕੰਮ ਹੈ। ਖ਼ੂਨਦਾਨ ਜ਼ਰੀਏ ਇਕ ਵਿਅਕਤੀ ਦੂਸਰੇ ਨੂੰ ਨਵੀਂ ਜ਼ਿੰਦਗੀ ਦਿੰਦਾ ਹੈ। ਕੈਂਪ ਵਿਚ ਮੌਜੂਦ ਸਾਰੇ ਲੋਕਾਂ ਨੂੰ ਜਸਵੀਰ ਸਿੰਘ ਕੋਟਲਾ ਨੇ ਵੋਟਾਂ ਪਾਉਣ ਪ੍ਰਤੀ ਸਹੁੰ ਵੀ ਚੁਕਾਈ। ਇਸ ਮੌਕੇ ਕਈ ਅਧਿਕਾਰੀਆਂ/ ਕਰਮਚਾਰੀਆਂ ਅਤੇ ਆਮ ਲੋਕਾਂ ਨੇ ਵੀ ਸਵੈ ਇੱਛਾ ਨਾਲ ਖ਼ੂਨਦਾਨ ਕੀਤਾ। ਇਸ ਤੋਂ ਇਲਾਵਾ ਕੈਂਪ ਵਿਚ ਖ਼ੂਨਦਾਨ ਕਰਨ ਵਾਲੇ ਲੋਕਾਂ ਨੂੰ ਪ੍ਰਸੰਸਾ ਪੱਤਰ ਅਤੇ ਫਲਦਾਰ ਪੌਦੇ ਦੇ ਕੇ ਸਨਮਾਇਤ ਵੀ ਕੀਤਾ ਗਿਆ। ਇਸ ਮੌਕੇ ਸੇਵਾਮੁਕਤ ਜਨਰਲ ਮੈਨੇਜਰ ਹੁਸ਼ਿਆਰਪੁਰ ਅਨਿਲ ਕੁਮਾਰ, ਸਹਾਇਕ ਸਵੀਪ ਨੋਡਲ ਅਫ਼ਸਰ ਅੰਕੁਰ ਸ਼ਰਮਾ, ਸਹਾਇਕ ਨੋਡਲ ਅਫ਼ਸਰ ਮੀਡੀਆ ਕਮਿਊਨੀਕੇਸ਼ਨ ਰਜਨੀਸ਼ ਗੁਲਿਆਨੀ, ਨੀਰਜ ਧੀਮਾਨ, ਸਰਬਜੀਤ ਸਿੰਘ, ਬਲੱਡ ਟਰਾਂਸਫਿਊਜ਼ਨ ਅਫ਼ਸਰ ਡਾ। ਗੁਰਿਕਾ, ਅਨਿਕ ਕੁਮਾਰ, ਰਾਜੇਸ਼ ਕੁਮਾਰ, ਗੁਰਮੀਤ ਸਿੰਘ, ਵਿਕਾਸ ਕੁਮਾਰ ਸਟੇਸ਼ਨ ਸੁਪਰਵਾਈਜ਼ਰ, ਅਮਨਦੀਪ ਸਿੰਘ, ਭੁਪਿੰਦਰ ਸਿੰਘ, ਅਮਨਪ੍ਰੀਤ ਸਿੰਘ, ਗੁਰਬਖ਼ਸ਼ ਸਿੰਘ, ਸੁਰਿੰਦਰ ਪਾਲ ਸਿੰਘ, ਨਰਿੰਦਰਜੀਤ ਪਾਲ ਸਿੰਘ, ਮਨੋਜ ਕੁਮਾਰ ਤੋਂ ਇਲਾਵਾ ਪੰਜਾਬ ਰੋਡਵੇਜ਼ ਦੇ ਹੋਰ ਕਰਮਚਾਰੀ ਵੀ ਮੌਜੂਦ ਸਨ।

# ਸ਼ਹਿਰ ਦੀ ਸਾਫ਼-ਸਫਾਈ 'ਚ ਭਾਗ ਲੈਣ ਵਾਲੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਕਮਿਸ਼ਨਰ ਨੇ ਕੀਤਾ ਸਨਮਾਨਿਤ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਕਮਿਸ਼ਨਰ ਨਗਰ ਨਿਗਮ ਅਮਨਦੀਪ ਕੌਰ ਨੇ ਦੱਸਿਆ ਕਿ ਸ਼ਹਿਰ ਦੇ ਮੁੱਖ ਚੌਕਾਂ ਅਤੇ ਸੜਕਾਂ 'ਤੇ ਜੰਮੀ ਮਿੱਟੀ ਅਤੇ ਕੂੜਾ-ਕਰਕਟ ਨੂੰ ਸਾਫ ਕਰਨ ਲਈ ਨਗਰ ਨਿਗਮ ਹੁਸ਼ਿਆਰਪੁਰ ਵੱਲੋਂ ਇਕ ਵਿਸ਼ੇਸ਼ ਟੀਮ ਦਾ ਗਠਨ ਕੀਤਾ ਗਿਆ, ਜਿਸ ਦਾ ਕੰਮ ਰੋਜ਼ਾਨਾ ਸ਼ਹਿਰ ਦੇ ਪ੍ਰਮੁੱਖ ਚੌਕਾਂ, ਜਿਵੇਂ ਬੱਸ ਸਟੈਂਡ ਚੌਕ, ਸ਼ਹੀਦ ਭਗਤ ਸਿੰਘ ਚੌਕ, ਮਹਾਰਾਣਾ ਪ੍ਰਤਾਪ ਚੌਕ, ਸੈਸ਼ਨ ਚੌਕ, ਟਾਂਡਾ ਚੌਕ ਆਦਿ, ਪ੍ਰਮੁੱਖ ਸੜਕਾਂ, ਸੈਂਟਰ ਵਰਜਾਂ ਦੀ ਸਾਫ਼-ਸਫਾਈ ਅਤੇ ਸੁੰਦਰੀਕਰਨ ਕਰਨਾ ਹੈ, ਤਾਂ ਜੋ ਸ਼ਹਿਰ ਵਿਚ ਦਾਖਲ ਹੁੰਦਿਆਂ ਹੀ ਸ਼ਹਿਰ ਸਾਫ਼-ਸੁਥਰਾ ਦਿਖਾਈ ਦੇਵੇ। ਇਸੇ ਲੜੀ ਤਹਿਤ ਜਿਹੜੇ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਇਸ ਮੁਹਿੰਮ ਵਿਚ ਵੱਧ-ਚੜ੍ਹ ਕੇ ਭਾਗ ਲਿਆ ਗਿਆ, ਉਨ੍ਹਾਂ ਨੂੰ ਕਮਿਸ਼ਨਰ ਨਗਰ ਨਿਗਮ ਵੱਲੋਂ ਨਗਰ ਨਿਗਮ ਦਫ਼ਤਰ ਵਿਖੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਸ ਤਰ੍ਹਾਂ ਸਨਮਾਨਿਤ ਕਰਨ ਨਾਲ ਜਿਥੇ ਇਨ੍ਹਾਂ ਦਾ ਹੌਸਲਾ ਵਧੇਗਾ, ਉਥੇ ਹੀ ਹੋਰਨਾਂ ਕਰਮਚਾਰੀਆਂ ਵੱਲੋਂ ਵੀ ਆਪਣਾ ਕੰਮ ਤਨਦੇਹੀ ਨਾਲ ਕਰਨ ਲਈ ਜਾਗਰੂਕਤਾ ਪੈਦਾ ਹੋਵੇਗੀ।



ਸਨਮਾਨਿਤ ਕੀਤੇ ਗਏ ਅਧਿਕਾਰੀਆਂ/ਕਰਮਚਾਰੀਆਂ ਵਿਚ ਗੁਰਵਿੰਦਰ ਸਿੰਘ ਜੁਤਲਾ, ਜਨਕ ਰਾਜ, ਰਾਜੇਸ਼ ਕੁਮਾਰ (ਸੈਨੇਟਰੀ ਇੰਸਪੈਕਟਰ), ਕਰਨ-ਜੋਤ ਆਦੀਆ (ਸੈਨੇਟਰੀ ਸੁਪਰਵਾਈਜ਼ਰ), ਪ੍ਰਦੀਪ ਕੁਮਾਰ, ਬਲਦੇਵ, ਪੰਕਜ, ਪਵਨ ਕੁਮਾਰ (ਬਿੰਦੀ), ਦੀਪਕ (ਸਫਾਈ ਸੇਵਕ), ਜੀਆ ਲਾਲ, ਅਨਿਲ ਕੁਮਾਰ (ਮਾਲੀ), ਰਵੀ ਕੁਮਾਰ ਅਤੇ ਸਤਨਾਮ (ਬੇਲਦਾਰ) ਮੌਜੂਦ ਸਨ। ਉਨ੍ਹਾਂ ਦੱਸਿਆ ਕਿ ਨਗਰ ਨਿਗਮ ਵੱਲੋਂ ਹਰ ਮਹੀਨੇ ਇਸੇ ਤਰਜ਼ ਵਿਚ ਵਧੀਆ ਕੰਮ ਕਰਨ ਵਾਲੇ ਅਧਿਕਾਰੀਆਂ/ਕਰਮਚਾਰੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ, ਜਿਸ ਨਾਲ ਨਗਰ ਨਿਗਮ ਹੁਸ਼ਿਆਰਪੁਰ ਦੀ ਕਾਰਗੁਜ਼ਾਰੀ ਵਿਚ ਕਾਫੀ ਹੱਦ ਤੱਕ ਸੁਧਾਰ ਹੋਵੇਗਾ।

# ਨਵਦੀਪ ਸਿੰਘ ਅਤੇ ਰਾਜਵੀਰ ਸਿੰਘ ਜਗਤਪੁਰ ਨੇ ਇਟਲੀ ਦੀ ਪਾਰਲੀਮੈਂਟ ਚ ਮਜਦੂਰਾਂ ਦੇ ਹੱਕ ਚ ਕੀਤੀ ਅਵਾਜ ਬੁਲੰਦ

## 'ਪੇਰ ਉਨ ਲਾਬੋਰੋ ਦੀਨੀਤੋਜੋ 'ਪੁਸਤਕ ਮੈਬਰ ਪਾਰਲੀਮੈਂਟ ਵਲੋ ਰੀਲੀਜ



**ਰੋਮ (ਇਟਲੀ), ਟੇਕ ਚੰਦ ਜਗਤਪੁਰ–** ਖੇਤੀਬਾੜੀ ਅਤੇ ਫੈਕਟਰੀਆਂ ਦੇ ਮਾਲਕਾਂ ਵਲੋ ਮਜਦੂਰਾਂ ਦੇ ਕੀਤੇ ਜਾ ਰਹੇ ਆਰਥਿਕ ਸ਼ੋਸ਼ਣ ਦੇ ਖਿਲਾਫ ਇਟਲੀ ਦੀ ਪਾਰਲੀਮੈਂਟ ਚ ਨਵਦੀਪ ਸਿੰਘ ਜਗਤਪੁਰ ਅਤੇ ਰਾਜਵੀਰ ਸਿੰਘ ਜਗਤਪੁਰ ਨੇ ਅਵਾਜ ਬੁਲੰਦ ਕੀਤੀ। ਪਾਰਲੀਮੈਂਟ ਦੇ ਕੈਮਰਾ ਦੀ ਦਿਪੁਤਾਤੀ) ਵਿਚ ਬੋਲਦਿਆ ਨਵਦੀਪ ਸਿੰਘ ਅਤੇ ਰਾਜਵੀਰ ਸਿੰਘ ਨੇ ਕਿਹਾ ਕਿ ਮਾਲਕ ਮਜਦੂਰਾਂ ਤੋਂ ਗੈਰ ਕਨੂੰਨੀ ਢੰਗ ਨਾਲ ਕੰਮ ਵੱਧ ਘੰਟੇ ਕਰਵਾ ਕੇ ਉਨ੍ਹਾਂ ਨੂੰ ਉਸ ਦਾ ਬਣਦੀ ਪੂਰੀ ਤਨਖਾਹ ਨਹੀਂ ਦਿੰਦੇ ਅਤੇ ਮਾਲਕ ਉਨ੍ਹਾਂ ਦਾ ਕੰਮ ਦਾ ਇਕਰਾਰਨਾਮਾ ਵੀ ਨਹੀਂ ਕਰਦੇ, ਜਿਸ ਨਾਲ ਮਜਦੂਰ ਦਾ ਕੋਈ ਕੰਮ ਦਾ ਟੈਕਸ ਨਹੀਂ ਜਾਂਦਾ,ਅਤੇ ਮਜਦੂਰ ਨੂੰ ਸਰਕਾਰ ਵਲੋ ਮਿਲਣ ਵਾਲੇ ਭੱਤੇ ਵੀ ਨਹੀਂ ਮਿਲਦੇ। ਇਸ ਸਬੰਧੀ ਮੋਵੀਮੈਂਟੋ 5 ਸਟੈਲੇ ਦੀ ਪਾਰਟੀ ਦੀ ਮੈਂਬਰ ਪਾਰਲੀਮੈਂਟ ਵਾਲਨਤੀਨਾ ਵਰਜੋਟੀ ਨੇ ਮਜਦੂਰਾ ਦੇ ਹੱਕ ਚ ਹਾਅ ਦਾ ਨਾਅਰਾ ਮਾਰਦਿਆ ਕਿਹਾ ਕਿ ਉਹ ਵਿਰੋਧੀ ਪਾਰਟੀਆਂ ਦੇ ਨਾਲ ਮਿਲ ਕੇ ਇਸ ਮੁੱਦੇ ਤੇ ਸਰਕਾਰ ਦੇ ਧਿਆਨ ਵਿਚ ਲਿਆਉਣ ਲਈ ਲੋਕਾਂ ਦੇ ਦਸਤਖਤ ਇਕੱਠੇ ਕਰਕੇ ਅਤੇ ਫਿਰ ਪ੍ਰਸਤਾਵ ਨੂੰ ਪਾਸ ਕਰਨ ਲਈ ਅਦਾਲਤ ਆਫ ਕੁਸ਼ੈਸ਼ਨ ਵਿਚ ਵੀ ਅਰਜੀ ਦਾਇਰ ਕਰਨਗੇ। ਨਵਦੀਪ ਸਿੰਘ ਅਤੇ ਰਾਜਵੀਰ ਸਿੰਘ ਨੇ ਜੋ ਭਾਸ਼ਣ ਦਿੱਤਾ ਸੀ ਉਸ ਦੀ ਰਿਪੋਰਟ ਤਿਆਰ ਕਰਕੇ ਸਰਕਾਰ ਨੂੰ ਮਨਿਸਟਰਾ ਦਿਲ ਲਾਬੋਰੋ (ਲੇਬਰ ਮੰਤਰੀ) ਦੇ ਮੰਤਰੀ ਕਾਲਦੇਰੋਨੇ ਰਾਹੀ ਲਿਖਤੀ ਰੂਪ ਵਿਚ ਭੇਜ ਦਿੱਤੀ ਗਈ ਹੈ, ਜਿਸ ਵਿਚ ਮਜਦੂਰ ਨੂੰ ਘੱਟੋ-ਘੱਟ ਇਕ ਘੰਟੇ ਲਈ 9 ਯੂਰੋ ਦੀ ਮੰਗ ਕੀਤੀ ਗਈ ਹੈ। ਇਸ ਮੌਕੇ ਤੇ ਮੈਬਰ ਪਾਰਲੀਮੈਂਟ ਵੈਲਨਟੀਨਾ ਬਰਜੋਟੀ ਨੇ ਪੁਸਤਕ 'ਪੇਰ ਉਨ ਲਾਬੋਰੋ ਦੀਨੀਤੋਜ਼ੋ' ਵੀ ਰਿਲੀਜ ਕੀਤੀ। ਇਸ ਮੌਕੇ ਤੇ ਮੈਬਰ ਪਾਰਲੀਮੈਂਟ ਦਾਰੀਓ ਕਾਰੋਤੇਨੁਟੋ, ਮੈਬਰ ਪਾਰਲੀਮੈਂਟ ਅੰਦਰਰਿਆ ਕੁਆਰਤੀਨੀ, ਅਤੇ ਇਟਾਲੀਅਨ ਪੱਤਰਕਾਰ ਭਾਈਚਾਰਾ ਮੌਜੂਦ ਸੀ।

# ਪਿੰਡ ਕੁਲਥਮ ਵਿਖੇ ਸੰਵਿਧਾਨ ਨਿਰਮਾਤਾ ਡਾਕਟਰ ਅੰਬੇਡਕਰ ਜੀ ਦਾ ਜਨਮ ਦਿਨ ਮਨਾਇਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਪਿੰਡ ਕੁਲਥਮ ਵਿਖੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ ਅੰਬੇਡਕਰ ਜੀ ਦਾ ਜਨਮ ਦਿਨ ਮਨਾਇਆ ਗਿਆ। ਜਿਸ ਵਿੱਚ ਬਹੁਤ ਹੀ ਪ੍ਰਭਾਵਸ਼ਾਲੀ ਲਹਿਜ਼ੇ ਵਿੱਚ ਬੋਲਦਿਆਂ ਅਸ਼ੋਕ ਸੰਧੂ ਬਸਪਾ ਆਗੂ ਨੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਜੀਵਨ ਅਤੇ ਮਿਸ਼ਨ ਵਾਰੇ ਜਾਣਕਾਰੀ ਦਿੱਤੀ। ਉਹਨਾਂ ਕਿਹਾ ਕਿ ਬਾਬਾ ਸਾਹਿਬ ਜੀ ਦੀ ਬਦੌਲਤ ਅੱਜ ਭਾਰਤ ਦੇਸ਼ ਵਿੱਚ ਸਾਨੂੰ ਇਨਸਾਨ ਕਹਾਉਣ ਦਾ ਹੱਕ ਮਿਲਿਆ। ਪਹਿਲਾਂ ਤਾਂ ਸਾਡੀ ਜ਼ਿੰਦਗੀ ਪਸ਼ੂਆਂ ਤੋਂ ਭੈੜੀ ਸੀ ਇੱਕ ਜਾਨਵਰ ਜਾਂ ਪਸ਼ੂ ਤਾਂ ਮੰਦਰਾਂ, ਸਕੂਲਾਂ ਅਤੇ ਵਿਦਿਅਕ ਅਦਾਰਿਆਂ ਵਿੱਚ ਜਾਂ ਸਕਦਾ ਸੀ ਪਰ ਸਾਨੂੰ ਹਰੇਕ ਚੀਜ਼ ਤੋਂ ਮਨਾਹੀ ਸੀ।



ਇਹ ਸਭ ਗੁਲਾਮੀ ਦੇ ਸੰਗਲਾਂ ਨੂੰ ਤੋੜਣ ਵਾਲਾ ਬਾਬਾ ਸਾਹਿਬ ਡਾ ਅੰਬੇਡਕਰ ਜੀ ਹਨ। ਉਹਨਾਂ ਪਹਿਲਾਂ ਆਪ ਬਹੁਤ ਦੁੱਖ ਤਕਲੀਫਾਂ ਦਾ ਸਾਹਮਣਾ ਕਰਕੇ ਪੜ੍ਹਾਈ ਕੀਤੀ ਅਤੇ ਰੱਬੇ ਦਾਤੀਆਂ ਸਾਡੇ ਲੋਕਾਂ ਦੇ ਹੱਥਾਂ ਵਿੱਚੋਂ ਛੁਡਵਾਏ। ਪਰ ਇਹ ਸਰਕਾਰਾਂ ਮਨਰੇਗਾ ਸਕੀਮ ਤਹਿਤ ਦੁਆਰਾ ਸਾਡੇ ਲੋਕਾਂ ਦੇ ਹੱਥਾਂ ਵਿੱਚ ਫੜਾਉਣਾ ਚਾਹੁੰਦੀਆਂ ਹਨ। ਇਹ ਵਿਚਾਰਧਾਰਾ ਸਾਨੂੰ ਸਾਹਿਬ ਕਾਸ਼ੀ ਰਾਮ ਜੀ ਦੇ ਕੋਲੋਂ ਮਿਲ਼ੀ ਹੈ। ਤਾਹੀਉਂ ਤਾਂ ਅੱਜ ਕਹਿ ਰਹੇ ਹਾਂ ਕਿ ਬਾਬਾ ਸਾਹਿਬ ਜੀ ਦਾ ਦੂਸਰਾ ਨਾਮ ਕਾਂਸ਼ੀ ਰਾਮ ਹੈ। ਇਸ ਤਰ੍ਹਾਂ ਅਸ਼ੋਕ ਸੰਧੂ ਜੀ ਨੇ ਆਪਣੀ ਲੰਬੀ ਚੌੜੀ ਤਕਰੀਰ ਵਿੱਚ ਇਸ਼ਾਰਾ ਕੀਤਾ ਕਿ ਵੋਟਾਂ ਸਾਹਿਬ ਕਾਸ਼ੀ ਰਾਮ ਜੀ ਦੀ ਪਾਰਟੀ ਨੂੰ ਹੀ ਪਾਉਣੀਆਂ ਚਾਹੀਦੀਆਂ ਹਨ, ਉਮੀਦਵਾਰ ਚਾਹੇ ਕੋਈ ਹੋਵੇ। ਪਿੰਡ ਕੁਲਥਮ ਦੇ ਨੌਜਵਾਨਾਂ ਨੇ ਬਾਬਾ ਸਾਹਿਬ ਜੀ ਦੇ ਗੀਤ ਗਾਏ। ਮਿਸ਼ਨਰੀ ਗਾਇਕ ਵਿੱਕੀ ਬਹਾਦਰਕੇ ਨੇ ਤਾਂ ਕਮਾਲ ਹੀ ਕਰ ਦਿੱਤੀ। ਕਿਉਂਕਿ ਉਨ੍ਹਾਂ ਦੀ ਤਕਰੀਰ ਵਿੱਚ ਲੋਕਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਅੱਜ ਜੋ ਕੁਝ ਤੁਹਾਡੇ ਕੋਲ ਹੈ ਉਸ ਬਾਬਾ ਸਾਹਿਬ ਡਾ ਅੰਬੇਡਕਰ ਜੀ ਕਰਕੇ ਹੀ ਹੈ । ਇਸ ਲਈ ਜੇਕਰ ਕੋਈ ਪੂਜਾ ਪਾਠ ਜਾਂ ਭਗਤੀ ਕਰਨੀ ਹੋਵੇ ਤਾਂ ਬਾਬਾ ਸਾਹਿਬ ਡਾ ਅੰਬੇਡਕਰ ਜੀ ਨੇ ਕਿਹਾ ਹੈ ਕਿ ਆਪਣੇ ਸਮਾਜ ਦੀਆਂ ਗੁਲਾਮੀ ਦੀਆਂ ਜੰਜੀਰਾਂ ਤੋੜੋ ਇਸ ਤੋਂ ਇਲਾਵਾ ਕੋਈ ਭਗਤੀ ਨਹੀਂ। ਇਸ ਸਮਾਗਮ ਵਿੱਚ ਪੱਤਰਕਾਰ ਲੇਖ ਰਾਜ ਕੁਲਥਮ, ਰਾਕੇਸ਼ ਕੁਮਾਰ ਕੁਲਥਮ ਅਤੇ ਸਾਰੀ ਰਾਤ ਭਰ ਵਿੱਕੀ ਬਹਾਦਰਕੇ ਦਾ ਮਿਸ਼ਨਰੀ ਪ੍ਰੋਗਰਾਮ ਦੇਖਣ ਵਾਲੀਆਂ ਬੀਬੀਆਂ ਭੈਣਾਂ, ਬੱਚੇ ਅਤੇ ਨੌਜਵਾਨ ਸਭਾ ਨੇ ਬਹੁਤ ਸਾਥ ਦਿੱਤਾ।

# ਸਮਾਜ ਭਲਾਈ ਮੋਰਚਾ ਵਲੋਂ ਹੁਸ਼ਿਆਰਪੁਰ ਵਿਖੇ ਮਜਦੂਰ ਦਿਵਸ ਮਨਾਇਆ ਗਿਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਸਮਾਜ ਭਲਾਈ ਮੋਰਚਾ ਵਲੋਂ ਕੱਚੇ ਕੁਆਟਰ ਹੁਸ਼ਿਆਰਪੁਰ ਵਿਖੇ



ਮਜ਼ਦੂਰ ਦਿਵਸ ਮਨਾਇਆ ਗਿਆ। ਜਿਸ ਵਿੱਚ ਸਮਾਜ ਭਲਾਈ ਮੋਰਚਾ ਦੇ ਰਾਸ਼ਟਰੀ ਪ੍ਰਧਾਨ ਦਵਿੰਦਰ ਕੁਮਾਰ ਸਰੋਆ ਜੀ ਨੇ ਮੁੱਖ ਤੌਰ ਤੇ ਸ਼ਿਰਕਤ ਕੀਤੀ। ਸੰਬੋਧਨ ਵਿੱਚ ਬੋਲਦਿਆਂ ਦਵਿੰਦਰ ਕੁਮਾਰ ਸਰੋਆ ਨੇ ਕਿਹਾ ਕਿ ਪਹਿਲਾਂ ਤੋਂ ਮਜ਼ਦੂਰ ਵਰਗ ਨਾਲ ਧੱਕਾ ਹੋ ਰਿਹਾ ਹੈ, ਚਾਹੇ ਉਹ ਕੇਂਦਰ ਸਰਕਾਰ ਹੋਵੇ ਜਾਂ ਪੰਜਾਬ ਸਰਕਾਰ ਹੋਵੇ। ਜਦੋਂ ਵੀ ਮਜ਼ਦੂਰ ਵਰਗ ਆਪਣੀਆਂ ਮੰਗਾਂ ਦੀ ਗੱਲ ਕਰਦਾ ਹੈ, ਤਾਂ ਮੌਕੇ ਦੀਆਂ ਸਰਕਾਰਾਂ ਨੇ ਗੱਲ ਤਾਂ ਕੀ ਸੁਣਨੀ ਉਨਾਂ ਦਾ ਡਾਂਗਾ ਨਾਲ ਧੱਕਾ ਕੀਤਾ ਜਾਂਦਾ ਹੈ। ਚਾਹੇ ਉਹ ਆਂਗਣਵਾੜੀ ਟੀਚਰ ਹੋਣ ਜਾਂ ਬੇਰੁਜ਼ਗਾਰ ਅਧਿਆਪਕ ਹੋਣ ਜਾਂ ਪਿੰਡਾਂ ਵਿਚ ਨਰੇਗਾ ਮਜ਼ਦੂਰ ਹੀ ਕਿਉਂ ਨਾ ਹੋਣ। ਸਰੋਆ ਨੇ ਕਿਹਾ ਪਹਿਲਾ ਮਜ਼ਦੂਰ ਵਰਗ ਤੋਂ 16 ਘੰਟੇ ਕੰਮ ਲਿਆ ਜਾਂਦਾ ਸੀ। ਗਧੇ, ਬੈਲ ਅਤੇ ਮਜ਼ਦੂਰ ਵਿੱਚ ਕੋਈ ਵੀ ਫਰਕ ਨਹੀਂ ਸਮਝਿਆ ਜਾਂਦਾ ਸੀ। ਇਹ ਤਾਂ ਹਰ ਵਰਗ ਬਾਰੇ ਸੋਚਣ ਵਾਲੇ ਭਾਰਤ ਦੇਸ਼ ਦੇ ਮਹਾ ਨਾਇਕ ਬਾਬਾ ਸਾਹਿਬ ਡਾ. ਭੀਮ ਰਾਉ ਅੰਬੇਡਕਰ ਜੀ ਨੇ ਮਜ਼ਦੂਰੀ ਦਾ ਟਾਈਮ 8 ਘੰਟੇ ਕੀਤਾ। ਪਹਿਲਾਂ ਕਿਰਤ ਅਤੇ ਜਣੇਪੇ ਦੌਰਾਨ ਮਹਿਲਾ ਮਜ਼ਦੂਰਾਂ ਲਈ ਲਾਭਦਾਇਕ ਕਾਨੂੰਨ ਬਣਾਏ ਜਿਸ ਦੌਰਾਨ ਹਰ ਇਕ ਮਜ਼ਦੂਰ ਵਰਗ ਦੇ ਹੱਕਾਂ ਦੀ ਗੱਲ ਕੀਤੀ ਜਾ ਸਕੇ ਅਤੇ ਮਜ਼ਦੂਰਾਂ ਨੂੰ ਬਣਦੀ ਮਿਹਨਤ ਮਿਲ ਸਕੇ। ਨਾਲ ਹੀ ਘੱਟ ਉਮਰ ਦੇ ਵਿਅਕਤੀਆ ਕੋਲੋਂ ਮਜ਼ਦੂਰੀ ਨਾ ਕਰਵਾਈ ਜਾਵੇ ਦਾ ਕਾਨੂੰਨ ਬਣਾਇਆ ਗਿਆ। ਇਸ ਸਮੇਂ ਸਮਾਜ ਭਲਾਈ ਮੋਰਚਾ ਦੇ ਵੱਖ-ਵੱਖ ਵਰਕਰ, ਸੀਨੀਅਰ ਆਗੂ ਲੈਂਬਰ ਸਿੰਘ, ਪੰਜਾਬ ਦੁਆਬਾ ਪ੍ਰਧਾਨ ਜਤਿੰਦਰ ਹੈਪੀ, ਹਲਕਾ ਗੜ੍ਹਸ਼ੰਕਰ ਪ੍ਰਧਾਨ ਲੱਕੀ, ਚੱਬੇਵਾਲ ਪ੍ਰਧਾਨ ਰਮਨਪ੍ਰੀਤ, ਪਲਵਿੰਦਰ ਸਿੰਘ ਸ਼ਹਿਰੀ ਪ੍ਰਧਾਨ, ਕੌਸ਼ਿਕ ਅਰੋੜਾ ਹੁਸ਼ਿਆਰਪੁਰ, ਅਜੈਸਵਰ ਭਾਰਤੀ, ਦਲਵੀਰ ਸਿੰਘ, ਹਰੀਸ਼, ਸਤਵੀਰ, ਭੁਪਿੰਦਰ ਕੁਮਾਰ, ਵਿਸ਼ਾਲ ਰਾਣਾ, ਹਨੀ ਸਿੰਘ, ਸੁਰਿੰਦਰ ਠਾਕੁਰ, ਕੁਲਵਿੰਦਰ, ਦਲਜੀਤ ਸਿੰਘ, ਕਾਰਤਿਕ ਆਦਿ ਹਾਜ਼ਰ ਸਨ।

# ਡੀਬੀਯੂ ਨੂੰ ਡਿਜੀਟਲ ਸਿੱਖਿਆ, ਤਕਨਾਲੋਜੀ ਅਤੇ ਨਵੀਨਤਾਕਾਰੀ ਅੰਤਰਰਾਸ਼ਟਰੀ ਅਭਿਆਸਾਂ ਲਈ ਮਿਲਿਆ ਪੁਰਸਕਾਰ

ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਮੁੰਬਈ ਵਿੱਚ ਕਰਵਾਏ ਇੰਟਰਨੈਸ਼ਨਲ ਐਕਸੀਲੈਂਸ ਐਵਾਰਡ 2024 ਸਮਾਗਮ ਵਿੱਚ ਸ਼ਮੂਲੀਅਤ ਕਰਨ ਦਾ ਐਲਾਨ ਕੀਤਾ ਗਿਆ। ਡਬਲਿਊ ਬੀ ਆਰ ਕਾਰਪੋਰੇਸ਼ਨ ਦੁਆਰਾ ਆਯੋਜਿਤ ਵੱਕਾਰੀ ਪੁਰਸਕਾਰ ਸਮਾਰੋਹ ਨੇ ਡੀਬੀਯੂ ਨੂੰ ਜੀਟਲ ਸਿੱਖਿਆ, ਤਕਨਾਲੋਜੀ ਅਤੇ ਨਵੀਨਤਾਕਾਰੀ ਭਿਆਸਾਂ ਵਿੱਚ ਉੱਤਮ ਯੂਨੀਵਰਸਿਟੀ ਵਜੋਂ ਮਾਨਤਾ ਦਿੱਤੀ ਗਈ। ਇਸ ਸਨਮਾਨ ਨੂੰ ਪ੍ਰਾਪਤ ਕਰਨ ਲਈ ਚਾਂਸਲਰ ਡਾ. ਜ਼ੋਰਾ ਸਿੰਘ ਅਤੇ ਪ੍ਰੋ-ਚਾਂਸਲਰ ਡਾ। ਤਜਿੰਦਰ ਕੌਰ ਇਸ ਮੌਕੇ ਮੌਜੂਦ ਸਨ। ਇਸ ਸਮਾਰੋਹ ਵਿੱਚ ਬਾਲੀਵੁੱਡ ਅਭਿਨੇਤਰੀ ਕਿਆਰਾ ਅਡਵਾਨੀ ਨੇ ਚਾਂਸਲਰ ਡਾ. ਜ਼ੋਰਾ ਸਿੰਘ ਨੂੰ ਪੁਰਸਕਾਰ ਭੇਟ ਕੀਤਾ।



ਇੰਟਰਨੈਸ਼ਨਲ ਐਕਸੀਲੈਂਸ ਐਵਾਰਡਾਂ ਨੇ ਸਿੱਖਿਆ ਵਿੱਚ ਮੋਹਰੀ ਤਰੱਕੀ ਲਈ, ਖਾਸ ਤੌਰ 'ਤੇ ਡਿਜੀਟਲ ਸਿੱਖਿਆ, ਤਕਨਾਲੋਜੀ ਅਤੇ ਨਵੀਨਤਾਕਾਰੀ ਅਧਿਆਪਨ ਅਭਿਆਸਾਂ ਦੇ ਖੇਤਰਾਂ ਵਿੱਚ ਡੀਬੀਯੂ ਦੀ ਵਚਨਬੱਧਤਾ ਦਾ ਜਸ਼ਨ ਮਨਾਇਆ। ਪਰਿਵਰਤਨਸ਼ੀਲ ਸਿੱਖਣ ਦੇ ਤਜ਼ਰਬਿਆਂ ਲਈ ਡਿਜੀਟਲ ਪਲੇਟਫਾਰਮਾਂ ਦਾ ਲਾਭ ਉਠਾਉਣ ਲਈ ਯੂਨੀਵਰਸਿਟੀ ਦੇ ਅਣਥੱਕ ਯਤਨਾਂ ਨੂੰ ਉਜਾਗਰ ਕੀਤਾ ਅਤੇ ਪ੍ਰਸ਼ੰਸਾ ਕੀਤੀ ਗਈ। ਐਵਾਰਡ ਮਿਲਣ 'ਤੇ ਆਪਣਾ ਧੰਨਵਾਦ ਪ੍ਰਗਟ ਕਰਦੇ ਹੋਏ ਚਾਂਸਲਰ ਡਾ. ਜ਼ੋਰਾ ਸਿੰਘ ਨੇ ਸਿੱਖਿਆ ਦੀਆਂ ਸੀਮਾਵਾਂ ਨੂੰ ਅੱਗੇ ਵਧਾਉਣ ਲਈ ਡੀਬੀਯੂ ਦੇ ਸਮਰਪਣ ਨੂੰ ਸਵੀਕਾਰ ਕਰਨ ਲਈ ਡਬਲਯੂ ਬੀ ਆਰ ਕਾਰਪੋਰੇਸ਼ਨ ਦਾ ਧੰਨਵਾਦ ਕੀਤਾ।

# ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਅਰਦਾਸ ਦਿਵਸ ਅਤੇ ਸਾਲਾਨਾ ਇਨਾਮ ਵੰਡ ਸਮਾਰੋਹ ਆਯੋਜਿਤ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਸਿੱਖ ਨੈਸ਼ਨਲ ਕਾਲਜ ਚਰਨ ਕੰਵਲ ਬੰਗਾ ਦਾ ਸਾਲਾਨਾ ਅਰਦਾਸ ਦਿਵਸ ਅਤੇ ਇਨਾਮ ਵੰਡ ਸਮਾਰੋਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਵਿੱਚ ਪ੍ਰਿੰਸੀਪਲ ਡਾਕਟਰ ਤਰਸੇਮ ਸਿੰਘ ਭਿੰਡਰ ਤੇ ਸਮੂਹ ਸਟਾਫ਼ ਦੇ ਯਤਨਾਂ ਸਦਕਾ ਆਯੋਜਿਤ ਕਰਵਾਇਆ ਗਿਆ।ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਦੇ ਜਾਪ ਕਰਵਾ ਕੇ ਭੋਗ ਪਵਾਏ ਗਏ।ਉਪਰੰਤ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਵਲੋਂ ਗੁਰਬਾਣੀ ਦਾ ਰਸਭਿੰਨਾ ਕੀਰਤਨ ਸਰਵਣ ਕਰਵਾਇਆ ਗਿਆ। ਸਮਾਗਮ ਦੌਰਾਨ ਉੱਘੇ ਸਮਾਜ ਸੇਵੀ ਸ। ਇੰਦਰਜੀਤ ਸਿੰਘ ਵਾਰੀਆ (ਚੇਅਰਮੈਨ, ਏਕ ਨੂਰ ਸ੍ਵੈ-ਸੇਵੀ ਸੰਸਥਾ ਪਠਲਾਵਾ) ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਨਾਲ ਲੈਕਚਰਾਰ ਤਰਸੇਮ ਪਠਲਾਵਾ, ਮਾਸਟਰ ਤਰਲੋਚਨ ਸਿੰਘ, ਪੱਤਰਕਾਰ ਸੁਰਿੰਦਰ ਕਰਮ, ਹਰਜੀਤ ਸਿੰਘ ਜੀਤਾ ਤੇ ਇੰਦਰਪ੍ਰੀਤ ਝਿੱਕਾ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਪ੍ਰਿੰਸੀਪਲ ਸਾਹਿਬ ਨੇ ਪਹੁੰਚੀਆਂ ਸ਼ਖ਼ਸੀਅਤਾਂ ਦਾ ਸਵਾਗਤ ਕੀਤਾ ਤੇ ਆਖਿਆ ਕਿ ਸਰਦਾਰ ਇੰਦਰਜੀਤ ਸਿੰਘ ਵਰਗੀ ਸ਼ਖ਼ਸੀਅਤ ਦਾ ਇਸ ਸਮਾਗਮ 'ਤੇ ਆਉਣਾ ਸਾਡੇ ਲਈ ਮਾਣ ਵਾਲੀ ਗੱਲ ਹੈ। ਕਿਉਂਕਿ ਉਹ ਜ਼ਿਲ੍ਹਾ ਨਵਾਂਸ਼ਹਿਰ ਦੀਆਂ ਉੱਘੀਆਂ ਸਮਾਜ ਸੇਵੀ ਹਸਤੀਆਂ ਵਿੱਚ ਵੱਡਾ ਨਾਂ ਰੱਖਦੇ ਹਨ ਤੇ ਕਾਲਜ ਨੂੰ ਵੀ ਹਮੇਸ਼ਾ ਸਹਿਯੋਗ ਦਿੰਦੇ ਹਨ।



ਇਸ ਪਿੱਛੋਂ ਪ੍ਰਿੰਸੀਪਲ ਸਾਹਿਬ ਨੇ ਸਲਾਨਾ ਰਿਪੋਰਟ ਪੇਸ਼ ਕਰਕੇ ਕਾਲਜ ਦੀਆਂ ਮਾਣਮੱਤੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਇਆ। ਇਸ ਮੌਕੇ ਲੈਕਚਰਾਰ ਤਰਸੇਮ ਪਠਲਾਵਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਹੁੰਦਿਆਂ ਆਖਿਆ ਕਿ ਕਿਸੇ ਸੰਸਥਾ ਦੀ ਕਾਰਗੁਜ਼ਾਰੀ ਦਾ ਅਸਲ ਪਤਾ ਇਨਾਮ ਵੰਡ ਸਮਾਗਮ 'ਤੇ ਹੀ ਲੱਗਦਾ ਹੈ ਤੇ ਇਸ ਕਾਲਜ ਦੇ ਵੱਡੀ ਗਿਣਤੀ 'ਚ ਇਨਾਮ ਲੈ ਰਹੇ ਵਿਦਿਆਰਥੀ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹਨ। ਇਸ ਸਮੇਂ ਅਕਾਦਮਿਕ, ਖੇਡਾਂ ਤੇ ਸੱਭਿਆਚਾਰਕ ਖੇਤਰ ਦੇ ਨਾਲ ਐਨ।ਸੀ।ਸੀ, ਐਨ।ਐਸ।ਐਸ 'ਚ ਨਾਮਣਾ ਖੱਟਣ ਵਾਲੇ ਵਿਦਿਆਰਥੀਆਂ ਅਤੇ ਸ਼ਾਨਦਾਰ ਕਾਰਗੁਜ਼ਾਰੀ ਵਾਲੇ ਟੀਚਿੰਗ ਤੇ ਨਾਨ-ਟੀਚਿੰਗ ਸਟਾਫ਼ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ। ਵਿਦਿਆਰਥਣ ਜਸਕਿਰਨ ਕੌਰ (ਅਕਾਦਮਿਕ), ਅਮਰਦੀਪ ਸਿੰਘ (ਸੱਭਿਆਚਾਰਕ) ਅਤੇ ਗੌਰਬ (ਖੇਡਾਂ) ਕਾਲਜ ਦੇ ਵੱਕਾਰੀ ਸਨਮਾਨ ਰੋਲ ਆਫ਼ ਆਨਰ ਨਾਲ ਨਿਵਾਜੇ ਗਏ। ਮੰਚ ਸੰਚਾਲਨ ਡਾ. ਨਿਰਮਲਜੀਤ ਕੌਰ ਅਤੇ ਪ੍ਰੋ. ਗੁਰਪ੍ਰੀਤ ਸਿੰਘ ਵਲੋਂ ਬਾਖੂਬੀ ਕੀਤਾ ਗਿਆ। ਇਸ ਮੌਕੇ ਸੈਸ਼ਨ 2023-24 ਦੀ ਸਲਾਨਾ ਰਿਪੋਰਟ ਵੀ ਲੋਕ ਅਰਪਿਤ ਕੀਤੀ ਗਈ। ਆਏ ਹੋਏ ਮਹਿਮਾਨਾਂ ਨੂੰ ਯਾਦਗਾਰੀ ਸਨਮਾਨ ਚਿੰਨ੍ਹ ਭੇਟ ਕੀਤੇ ਗਏ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਡਾ. ਹਰਜੋਤ ਸਿੰਘ, ਪ੍ਰੋ. ਆਬਿਦ ਵਕਾਰ, ਪ੍ਰੋ. ਇੰਦੂ ਰੱਤੀ, ਪ੍ਰੋ. ਅੰਮ੍ਰਿਤ ਕੌਰ, ਡਾ. ਕਮਲਦੀਪ ਕੌਰ, ਪ੍ਰੋ. ਸੁਨਿਧੀ ਮਿਗਲਾਨੀ, ਪ੍ਰੋ. ਸੋਨਾ ਬਾਂਸਲ, ਡਾ. ਗੁਰਵਿੰਦਰ ਸਿੰਘ, ਪ੍ਰੋ. ਵਿਪਨ, ਪ੍ਰੋ. ਮੁਨੀਸ਼ ਸੰਧੀਰ, ਪ੍ਰੋ. ਚਰਨਜੀਤ ਕੁਮਾਰ, ਪ੍ਰੋ. ਤਜਿੰਦਰ ਸਿੰਘ, ਡਾ. ਜੋਤੀ ਪ੍ਰਕਾਸ਼, ਡਾ. ਦਵਿੰਦਰ ਕੌਰ, ਮਨਮੰਤ ਸਿੰਘ ਲਾਇਬ੍ਰੇਰੀਅਨ, ਡਾ. ਨੈਨਸੀ, ਡਾ. ਕੁਮਾਰੀ ਸਿਖਾ, ਡਾ. ਰਾਜੇਸ਼ ਸ਼ਰਮਾ, ਪ੍ਰੋ. ਤਵਿੰਦਰ ਕੌਰ, ਪ੍ਰੋ. ਕਿਸ਼ੋਰ, ਡਾ. ਨਵਨੀਤ ਕੌਰ, ਪਰਮਜੀਤ ਸਿੰਘ ਸੁਪ੍ਰਿੰਟੈਂਡੈਂਟ ਸਮੇਤ ਸਮੁੱਚਾ ਸਟਾਫ਼ ਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ।

# ਤੱਪਦੀ ਧਰਤੀ ਦੀ ਕੁੱਖ ਦਾ ਦੁਖਾਂਤ



ਗੁਰਮੀਤ ਪਲਾਹੀ
91-98158-02070

ਇਸ ਵਰ੍ਹੇ ਗਰਮੀ ਨਵੇਂ ਰਿਕਾਰਡ ਬਣਾ ਰਹੀ ਹੈ, ਪੁਰਾਣੇ ਸੱਭੋ ਰਿਕਾਰਡ ਤੋੜ ਰਹੀ ਹੈ। ਦੁਨੀਆ ਦੇ ਕਈ ਹਿੱਸੇ ਬੇਮਿਸਾਲ ਗਰਮੀ ਦੀ ਲਪੇਟ ਵਿੱਚ ਹਨ। ਕਈ ਉਹਨਾ ਦੇਸ਼ਾਂ ਵਿੱਚ, ਜਿਥੇ ਤਾਪਮਾਨ 20 ਡਿਗਰੀ ਸੈਲਸੀਅਮ ਤੋਂ ਵੱਧ ਨਹੀਂ ਸੀ ਹੁੰਦਾ, ਉਥੇ ਇਹ ਤਾਪਮਾਨ 45 ਡਿਗਰੀ ਸੈਲਸੀਅਸ ਤੱਕ ਪੁੱਜ ਜਾਣਾ ਕਿਸੇ ਦੁਖਾਂਤ ਤੋਂ ਘੱਟ ਨਹੀਂ ਹੈ। ਇਥੋਂ ਤੱਕ ਕਿ ਮਹਾਂਸਾਗਰਾਂ ਦਾ ਤਾਪਮਾਨ ਵੀ ਪਹਿਲਾਂ ਕਦੇ ਵੀ ਇੰਨਾ ਨਹੀਂ ਵੇਖਿਆ ਗਿਆ, ਜਿੰਨਾ ਅੱਜ ਵੇਖਣ ਨੂੰ ਮਿਲ ਰਿਹਾ ਹੈ। ਇਹ ਤੇਜ ਸਮੁੰਦਰੀ ਤੂਫ਼ਾਨ ਦਾ ਸੂਚਕ ਹੈ।

ਗਰਮੀ ਦਾ ਇਹ ਪ੍ਰਕੋਪ ਦੱਖਣੀ ਗੋਲਾਕਾਰ, ਜਿਥੇ ਗਰਮੀ ਹੁੰਦੀ ਹੈ ਅਤੇ ਉੱਤਰੀ ਗੋਲਾਕਾਰ, ਜਿਥੇ ਸਰਦੀ ਹੁੰਦੀ ਹੈ, ਦੋਵਾਂ ਥਾਵਾਂ 'ਤੇ ਹੈ। ਛਪੀਆਂ ਰਿਪੋਰਟਾਂ ਅਨੁਸਾਰ ਜਾਪਾਨ, ਕੀਨੀਆ, ਨਾਈਜੀਰੀਆ, ਬਰਾਜ਼ੀਲ, ਥਾਈਲੈਂਡ, ਅਸਟਰੇਲੀਆ ਅਤੇ ਸਪੇਨ ਵਿੱਚ ਪਿਛਲੇ ਕੁਝ ਹਫ਼ਤੇ ਵੱਧ ਤਾਪਮਾਨ ਰਿਕਾਰਡ ਕੀਤਾ ਗਿਆ। ਐਨ।ਓ।ਏ।ਏ। ਦਾ ਅਨੁਮਾਨ ਇਹ ਵੀ ਹੈ ਕਿ ਸਾਲ 2024 ਵਿੱਚ 22 ਫ਼ੀਸਦੀ ਸੰਭਾਵਨਾ ਹੈ ਕਿ ਇਹ ਸਾਲ ਸਭ ਤੋਂ ਗਰਮ ਸਾਲ ਹੋਏਗਾ।

ਇੰਟਰ ਗਵਰਨਮੈਂਟਲ ਪੈਨਲ ਔਨ ਕਲਾਈਮੇਟ ਚੇਂਜ (ਆਈ।ਪੀ।ਸੀ।ਸੀ) ਦੀ ਛੇਵੀਂ ਮੁਲਾਂਕਣ ਰਿਪੋਰਟ ਦੱਸਦੀ ਹੈ ਕਿ ਦੁਨੀਆ ਪਹਿਲੇ ਮੁਲਾਂਕਣ ਦੇ ਹਿਸਾਬ ਨਾਲ 2030 ਤੱਕ 1।5 ਡਿਗਰੀ ਸੈਲਸੀਅਸ ਤੋਂ ਵੱਧ ਗਰਮ ਹੋ ਸਕਦੀ ਹੈ। ਇਸ ਸਥਿਤੀ ਵਿੱਚ ਆਉਣ ਵਾਲੇ ਸਮੇਂ 'ਚ ਭਾਰਤ ਨੂੰ ਨਾ ਸਿਰਫ਼ ਤੇਜ ਗਰਮੀ, ਭਾਰੀ ਮੀਂਹ ਅਤੇ ਅਨਿਸ਼ਚਿਤ ਮਾਨਸੂਨ ਦੇ ਨਾਲ-ਨਾਲ ਮੌਸਮ ਸੰਬੰਧੀ ਹੋਰ ਆਫ਼ਤਾਂ ਦਾ ਸਾਹਮਣਾ ਕਰਨਾ ਪਵੇਗਾ। ਭਾਰਤ ਵਿੱਚ ਪਹਿਲਾਂ ਹੀ ਚੱਕਰਵਾਤ ਤੂਫ਼ਾਨ, ਹੜ੍ਹਾਂ, ਸੋਕੇ, ਲੂ ਆਦਿ 'ਚ ਵੱਡਾ ਵਾਧਾ ਵੇਖਣ ਨੂੰ ਮਿਲ ਰਿਹਾ ਹੈ।

ਪੌਣਪਾਣੀ ਬਦਲੀ ਦੇ ਕਾਰਨ ਧਰਤੀ ਦਾ ਗਰਮ ਹੋਣਾ ਪੂਰੇ ਵਿਸ਼ਵ ਵਿੱਚ ਜਾਂ ਪੂਰੇ ਸਾਲ ਵਿੱਚ ਇਕੋ ਜਿਹਾ ਨਹੀਂ ਹੈ। ਧਰੁਵੀ ਖੇਤਰ ਦੂਜੇ ਵਿਸ਼ਵ ਦੇ ਮੁਕਾਬਲੇ ਚਾਰ ਗੁਣਾ ਤੇਜੀ ਨਾਲ ਗਰਮ ਹੋ ਰਹੇ ਹਨ। ਦੱਖਣ ਵਿੱਚ ਧਰਤੀ ਦੇ ਮੁਕਾਬਲੇ ਮਹਾਂਸਾਗਰ ਜ਼ਿਆਦਾ ਹੈ। ਮਹਾਂਸਾਗਰ ਗਰਮੀ ਨੂੰ ਸੋਕਦੇ ਹਨ ਅਤੇ ਤਾਪਮਾਨ ਦੇ ਉਤਰਾਅ-ਚੜ੍ਹਾਅ ਦੇ ਵਿਰੋਧ 'ਚ'ਬਫ਼ਰ' ਦੇ ਰੂਪ 'ਚ ਕੰਮ ਕਰਦੇ ਹਨ। ਇਸ ਲਈ ਸਰਦੀਆਂ ਆਮ ਤੌਰ 'ਤੇ ਬਹੁਤ ਜਿਆਦਾ ਠੰਡੀਆਂ ਨਹੀਂ ਹੁੰਦੀਆਂ ਅਤੇ ਗਰਮੀ ਅਕਸਰ ਪ੍ਰਚੰਡ ਪੱਧਰ ਤੇ ਨਹੀਂ ਪੁੱਜਦੀ। ਪਰ ਪਿਛਲੇ ਸਾਲ ਵਿੱਚ ਦੁਨੀਆ ਦੇ ਮਹਾਂਸਾਗਰ ਅਸਧਾਰਨ ਰੂਪ ਵਿੱਚ ਗਰਮ ਹੋ ਗਏ ਹਨ। ਭੂਮੱਧ ਰੇਖਾ ਦੇ ਕੋਲ ਵਿਸ਼ਵ ਦੇ ਮਹਾਂਸਾਗਰ ਦਾ ਤਾਪਮਾਨ ਹਾਲੀ ਉਚੇ ਪੱਧਰ 'ਤੇ ਬਣਿਆ ਹੋਇਆ ਹੈ।

ਵਧਦੀ ਗਰਮੀ ਕਾਰਨ ਦੁਨੀਆ ਦੀਆਂ ਵੱਡੀਆਂ ਪਰਬਤ ਮਾਲਾਵਾਂ- ਇੰਡੀਜ਼, ਅਲਪਸ, ਰਾਕੀਜ਼, ਅਲਾਸਕਾ, ਹਿਮਾਲਿਆ ਪਰਬਤ ਬਰਫ਼ ਤੋਂ ਸੱਖਣੇ ਹੁੰਦੇ ਜਾ ਰਹੇ ਹਨ। ਹਮੇਸ਼ਾ ਬਰਫ਼ ਨਾਲ ਢੱਕੇ ਰਹਿਣ ਵਾਲੇ ਗਰੀਨਲੈਂਡ ਅਤੇ ਐਂਟਲਾਂਟਿਕਾ 150 ਤੋਂ 200 ਘਣ ਕਿਲੋਮੀਟਰ ਬਰਫ਼ ਗਰਮੀ ਦੇ ਪ੍ਰਭਾਵ ਨਾਲ ਗੁਆ ਰਹੇ ਹਨ।

ਗਰਮੀ ਦਾ ਇੱਕ ਹੋਰ ਅਸਰ ਗਲੇਸ਼ੀਅਰ ਦਾ ਪਿਘਲਣਾ ਹੈ। ਖੋਜੀਆਂ ਨੇ ਇਹ ਚਿਤਾਵਨੀ ਦਿੱਤੀ ਹੈ ਕਿ ਜੇਕਰ ਅੰਟਾਰਟਿਕਾ ਦੀ ਸਾਰੀ ਬਰਫ਼ ਪਿਘਲ ਜਾਂਦੀ ਹੈ ਤਾਂ ਇਸ ਨਾਲ ਦੁਨੀਆ ਭਰ ਵਿੱਚ ਸਮੁੰਦਰ ਦਾ ਪੱਧਰ 60 ਮੀਟਰ ਤੋਂ ਜਿਆਦਾ ਵਧ ਸਕਦਾ ਹੈ। ਜਿਸ ਨਾਲ ਦੁਨੀਆ ਦੇ ਬਹੁਤ ਸਾਰੇ ਖਿੱਤੇ ਪਾਣੀ 'ਚ ਡੁੱਬਣ ਦਾ ਖ਼ਤਰਾ ਹੈ।

ਗਰਮੀ ਦੇ ਵਧਣ ਦਾ ਇੱਕ ਕਾਰਨ ਕਾਰਬਨ ਡਾਈਔਕਸਾਈਡ ਦੀ ਵੱਡੀ ਪੈਦਾਵਾਰ ਹੈ, ਜਿਹੜੀ ਸਾਡੇ ਜਲਵਾਯੂ ਨੂੰ ਪ੍ਰਭਾਵਤ ਕਰਦੀ ਹੈ। ਸਾਲ 2023 'ਚ ਕਾਰਬਨ ਡਾਈਔਕਸਾਈਡ ਦੀ ਪੈਦਾਵਾਰ ਨਵੀਆਂ ਉਚਾਈਆਂ ਛੋਹ ਗਈ ਹੈ, ਜਿਸ ਨਾਲ ਸਾਡੀਆਂ ਸਿਹਤ ਪ੍ਰਣਾਲੀਆਂ ਉਤੇ ਉੱਲਟ ਅਸਰ ਵੇਖਣ ਨੂੰ ਮਿਲ ਰਿਹਾ ਹੈ।



ਪੱਛਮੀ ਦੇਸ਼ ਇਸ ਸਮੱਸਿਆ ਲਈ ਵੱਡੇ ਪੱਧਰ 'ਤੇ ਜ਼ਿੰਮੇਵਾਰ ਹਨ। ਸਾਲ 1750 ਤੋਂ 2022 ਦੇ ਵਿਚਕਾਰ 1।5 ਲੱਖ ਕਰੋੜ ਮੈਟਰਿਕ ਟਨ ਕਾਰਬਨ ਡਾਈਕਔਕਸਾਈਡ ਵਾਯੂਮੰਡਲ 'ਚ ਵਧੀ ਹੈ, ਇਸ ਵਿੱਚ 90 ਫ਼ੀਸਦੀ ਹਿੱਸਾ ਯੂਰਪ ਅਤੇ ਉੱਤਰੀ ਅਮਰੀਕਾ ਦਾ ਰਿਹਾ ਹੈ। ਅੱਜ ਵੀ ਇੱਕ ਅਮਰੀਕੀ ਔਸਤ ਹਰ ਵਰ੍ਹੇ 14.5 ਮੀਟਰਕ ਟਨ ਕਾਰਬਨ ਡਾਈਔਕਸਾਈਡ ਪੈਦਾ ਕਰਦਾ ਹੈ, ਜਦਕਿ ਇੱਕ ਭਾਰਤੀ ਔਸਤ 2।9 ਮੀਟਰ ਟਨ।

'ਅੰਤਰਰਾਸ਼ਟਰੀ ਊਰਜਾ ਏਜੰਸੀ' ਵਲੋਂ ਕੀਤਾ ਇੱਕ ਵਿਸ਼ਲੇਸ਼ਣ ਸਾਹਮਣੇ ਆਇਆ ਹੈ, ਜਿਸ ਅਨੁਸਾਰ 2023 ਵਿੱਚ ਊਰਜਾ ਦੇ ਨਾਲ ਸੰਬੰਧਿਤ ਪੈਦਾਵਾਰ ਵਿੱਚ 41 ਕਰੋੜ ਮੀਟਰਿਕ ਟਨ ਦਾ ਵਾਧਾ ਹੋਇਆ ਹੈ। ਇਹ ਲਗਭਗ ਇੱਕ ਹਜ਼ਾਰ ਤੋਂ ਜਿਆਦਾ ਨਵੇਂ ਗੈਸ ਚਾਲਿਤ ਬਿਜਲੀ ਉਪਕਰਣਾਂ ਤੋਂ ਹੋਣ ਵਾਲੇ ਸਲਾਨਾ ਪ੍ਰਦੂਸ਼ਣ ਦੇ ਬਰਾਬਰ ਹੈ।

ਧਰਤੀ ਉਤੇ ਵਧਦੀ ਗਰਮੀ ਦੇ ਭੈੜੇ ਅਸਰ ਸਾਹਮਣੇ ਆ ਰਹੇ ਹਨ। 1991-2000 ਦੇ ਮੁਕਾਬਲੇ 2013 ਤੋਂ 2022 ਵਿੱਚ 65 ਸਾਲ ਤੋਂ ਉਪਰ ਦੀ ਉਮਰ ਦੇ ਲੋਕਾਂ ਵਿੱਚ ਗਰਮੀ ਨਾਲ ਸੰਬੰਧਤ ਮੌਤਾਂ ਵਿੱਚ 85 ਫ਼ੀਸਦੀ ਵਾਧਾ ਹੋਇਆ ਹੈ, ਕਿਉਂਕਿ ਨਿੱਤ ਨਵੀਆਂ ਆਫ਼ਤਾਂ ਬੀਮਾਰੀਆਂ ਉਸਨੂੰ ਘੇਰ ਰਹੀਆਂ ਹਨ।

ਸਾਲ 2022 ਵਿੱਚ ਅਤਿ ਦੀ ਗਰਮੀ ਦੇ ਪ੍ਰਭਾਵ ਨਾਲ ਹੋਈਆਂ ਮੌਸਮੀ ਘਟਨਾਵਾਂ ਦੇ ਸਿੱਟੇ ਵਜੋਂ 264 ਅਰਬ ਡਾਲਰ ਦਾ ਨੁਕਸਾਨ ਦਾ ਅੰਦਾਜ਼ਾ ਹੈ, ਜੋ 2010-2014 ਦੇ ਮੁਕਾਬਲੇ 23 ਫ਼ੀਸਦੀ ਵਧ ਹੈ। ਵਧਦੀ ਗਰਮੀ ਨਾਲ ਮਨੁੱਖ ਨੂੰ ਆਪਣੀ ਰੋਜ਼ੀ-ਰੋਟੀ ਕਮਾਉਣ 'ਚ ਦਿੱਕਤਾਂ ਆ ਰਹੀਆਂ ਹਨ।

ਗਲੋਬਲ ਵਾਰਮਿੰਗ ਰੋਕਣ ਲਈ ਪੈਰਿਸ ਜਲਵਾਯੂ ਸਮਝੌਤੇ ਉਤੇ ਸਾਰੇ ਦੇਸ਼ਾਂ ਦੇ ਨੁਮਾਇੰਦਿਆਂ ਦੇ ਦਸਤਖ਼ਤ ਹੋਏ ਸਨ। ਇਸ ਸਮਝੌਤੇ ਅਨੁਸਾਰ ਇਹ ਟੀਚਾ ਮਿਥਿਆ ਗਿਆ ਸੀ ਕਿ 2030 ਤੱਕ ਵਿਸ਼ਵ ਗਰੀਨ ਹਾਊਸ ਗੈਸ ਪੈਦਾਵਾਰ 'ਚ ਕਟੌਤੀ ਕਰਨੀ ਹੈ, ਪਰ ਖ਼ਾਸ ਕਰਕੇ ਵੱਡੇ ਵਿਕਸਤ ਦੇਸ਼ ਇਸ ਦੀ ਉਲਟ ਦਿਸ਼ਾ 'ਚ ਅੱਗੇ ਵਧ ਰਹੇ ਹਨ।

ਸੂਰਜ ਮੰਡਲ ਵਿੱਚ ਧਰਤੀ ਹੀ ਇੱਕ ਇਹੋ ਜਿਹਾ ਗ੍ਰਹਿ ਹੈ ਜਿਥੇ ਜੀਵਨ ਸੰਭਵ ਹੈ, ਲੇਕਿਨ ਅੱਜ ਇਸ ਗ੍ਰਹਿ ਦਾ ਆਪਣਾ ਜੀਵਨ ਸੰਕਟ 'ਚ ਨਜ਼ਰ ਆ ਰਿਹਾ ਹੈ। ਜਿਸ ਤਰੀਕੇ ਨਾਲ ਮਾਨਵ ਜੀਵਨ ਸ਼ੈਲੀ ਵਿੱਚ ਭੌਤਿਕਵਾਦ ਅਤੇ ਉਪਭੋਗਵਾਦੀ ਅਤੇ ਲਾਲਚ ਵਧਦਾ ਜਾ ਰਿਹਾ ਹੈ, ਉਸਦਾ ਸਿੱਟਾ ਇਹ ਹੈ ਕਿ ਇਹ ਗ੍ਰਹਿ ਸੰਕਟੀ ਖਾਈ 'ਚ ਡਿਗਦਾ ਜਾ ਰਿਹਾ ਹੈ। ਮਨੁੱਖ ਨੂੰ ਲਗਦਾ ਹੈ ਕਿ ਉਹ ਕੁਦਰਤੀ ਪ੍ਰਕਿਰਤੀ ਦੇ ਵਿਨਾਸ਼ ਦੀ ਸ਼ਰਤ ਉਤੇ ਆਪਣਾ ਵਿਕਾਸ ਕਰ ਲਵੇਗਾ, ਪਰ ਇਹ ਉਸਦੀ ਸਭ ਤੋਂ ਵੱਡੀ ਗਲਤੀ ਹੈ।

ਧਰਤੀ ਤੇ ਪਾਣੀ ਦਾ ਸੰਕਟ ਵਧ ਰਿਹਾ ਹੈ। ਪਲਾਸਟਿਕ ਦੀ ਵਰਤੋਂ ਹੱਦਾਂ ਬੰਨ੍ਹੇ ਟੱਪ ਰਹੀ ਹੈ। ਕੱਚਰੇ ਦੇ ਪਹਾੜ ਸਾਨੂੰ ਦੰਦ ਚਿੜਾ ਰਹੇ ਹਨ। ਸੁੱਖ ਸੁਵਿਧਾਵਾਂ ਦੀਆਂ ਚੀਜ਼ਾਂ ਵਰਤਨ ਦੇ ਨਾਮ ਉਤੇ ਮਨੁੱਖ ਗੰਦਗੀ ਦੇ ਢੇਰਾਂ ਦੇ ਢੇਰ ਪੈਦਾ ਕਰ ਰਿਹਾ ਹੈ। ਸਿੱਟਾ ਥੋੜ-ਚਿਰੀ ਸੌਖ ਦੇ ਰੂਪ ਵਿੱਚ ਤਾਂ ਹੋ ਸਕਦਾ ਹੈ, ਪਰ ਲੰਮੇ ਸਮੇਂ ਦੇ ਸੰਕਟ ਵਿੱਚ ਮਨੁੱਖ ਆਪ ਫਸੀ ਜਾ ਰਿਹਾ ਹੈ।

ਸਾਡੀ ਧਰਤੀ ਸੂਰਜ ਦੀਆਂ ਕਿਰਨਾਂ ਤੋਂ ਗਰਮੀ ਪ੍ਰਾਪਤ ਕਰਦੀ ਹੈ। ਇਹ ਕਿਰਨਾਂ ਵਾਯੂਮੰਡਲ ਤੋਂ ਗੁਜਰਦਿਆਂ ਧਰਤੀ ਦੀ ਸਤਹ ਨਾਲ ਟਕਰਾਉਂਦੀਆਂ ਹਨ ਅਤੇ ਫਿਰ ਉਥੋਂ ਹੀ ਧਰਤੀ ਦਾ ਤਾਪਮਾਨ ਵਧਾ ਰਹੀਆਂ ਹਨ। ਪੈਟਰਲ, ਕੋਇਲੇ ਵਰਗੇ ਬਾਲਣ ਦੀ ਵਰਤੋਂ ਕਾਰਬਨ ਡਾਈਔਕਸਾਈਡ ਪੈਦਾ ਕਰਦੀ ਹੈ, ਉਪਰੋਂ ਜੰਗਲਾਂ ਦੀ ਕਟਾਈ ਨੇ ਇਸ ਸਮੱਸਿਆ ਨੂੰ ਹੋਰ ਵਧਾ ਦਿੱਤਾ ਹੈ। ਇੰਜ ਮਨੁੱਖੀ ਜੀਵਨ ਰੱਖਿਅਕ ਅਕਸੀਜਨ ਦੀ ਘਾਟ ਪੈਦਾ ਹੋ ਰਹੀ ਹੈ।

ਧਰਤੀ ਨਾਲ ਮਨੁੱਖ ਨੇ ਜਿਵੇਂ ਖਿਲਵਾੜ ਕਰਨਾ ਸ਼ੁਰੂ ਕੀਤਾ ਹੈ, ਉਸਦੇ ਭੈੜੇ ਸਿੱਟੇ ਨਿਕਲ ਰਹੇ ਹਨ। ਗਰਮੀ ਦੇ ਵਾਧੇ ਨਾਲ ਪੰਛੀਆਂ, ਜਾਨਵਰਾਂ ਦੀਆਂ ਕਈ ਪ੍ਰਜਾਤੀਆਂ ਨਸ਼ਟ ਹੋ ਰਹੀਆਂ ਹਨ। ਖਾਦਾਂ,ਕੀਟਨਾਸ਼ਕਾਂ ਦੀ ਵਧੇਰੇ ਵਰਤੋਂ ਨਾਲ ਧਰਤੀ ਦੀ ਕੁੱਖ ਬੰਜਰ ਹੋ ਰਹੀ ਹੈ ।ਪਾਣੀ ਦਾ ਧਰਤੀ ਦੀ ਕੁੱਖ 'ਚੋਂ ਵੱਧ ਨਿਕਾਸ ਧਰਤੀ ਨੂੰ ਪ੍ਰੇਸ਼ਾਨ ਕਰ ਰਿਹਾ ਹੈ। ਉਪਰੋਂ ਮਨੁੱਖ ਦੁਆਰਾ ਪੈਦਾ ਕੀਤਾ ਗੰਦਾ ਪਾਣੀ ਧਰਤੀ ਦੀ ਦਿੱਖ ਹੀ ਨਹੀਂ ਖਰਾਬ ਕਰ ਰਿਹਾ, ਉਸਦੇ ਪੈਦਾਵਾਰੀ ਤੱਤਾਂ ਨੂੰ ਨਸ਼ਟ ਕਰ ਰਿਹਾ ਹੈ। ਧਰਤੀ ਦਾ ਉਹ ਚੱਕਰ ਜਿਹੜਾ ਉਸਨੇ ਕੁਦਰਤੀ ਤੌਰ 'ਤੇ ਆਪਣੀ ਸੁਰੱਖਿਆ ਲਈ, ਚੰਗੇ ਵਾਤਾਵਰਨ ਲਈ ਸਿਰਜਿਆ ਹੋਇਆ ਹੈ, ਉਹ ਮਨੁੱਖੀ "ਕਾਰਾਗਰੀਆਂ" ਕਾਰਨ ਦੂਸ਼ਿਤ , ਪ੍ਰਦੂਸ਼ਿਤ ਹੋ ਰਿਹਾ ਹੈ। ਕੀ ਇਹ ਧਰਤੀ ਨਾਲ ਅਨਿਆ ਨਹੀਂ?

ਧਰਤੀ ਨਾਲ ਕੀਤੀ ਛੇੜ-ਛਾੜ ਵਧੇਰੇ ਗਰਮੀ ਦਾ ਕਾਰਨ ਬਣਦੀ ਜਾ ਰਹੀ ਹੈ, ਜਿਹੜੀ ਵਾਤਾਵਰਨ 'ਚ ਤਬਦੀਲੀ ਲਿਆ ਰਹੀ ਹੈ, ਬਿਮਾਰੀਆਂ ਦਾ ਫ਼ੈਲਾਅ ਅਤੇ ਮੌਤ ਦੀ ਦਰ ਇਸੇ ਦਾ ਸਿੱਟਾ ਹੈ।

ਮਨੁੱਖੀ ਨਸਲ ਜਿਊਂਦੇ ਰੱਖਣ ਲਈ ਕੁਦਰਤੀ ਸੋਮਿਆਂ ਦੀ ਸੁਰੱਖਿਆ ਬਹੁਤ ਜ਼ਰੂਰੀ ਹੈ। ਵਿਗਿਆਨਕ ਯੁੱਗ 'ਚ ਅੱਗੇ ਵਧਣ ਤੇ ਅਰਾਮਦਾਇਕ ਜੀਵਨ ਜੀਊਣ ਦੀ ਹੋੜ ਨੇ ਜ਼ਿੰਦਗੀ ਜੀਊਣ ਦੇ ਅਰਥ ਹੀ ਬਦਲ ਦਿੱਤੇ ਹਨ।

ਧਰਤੀ ਉਤੇ ਮਨੁੱਖ ਦਾ ਜੀਵਨ ਉਸ ਵੇਲੇ ਅਤਿਅੰਤ ਦੁੱਖਦਾਈ ਹੋ ਜਾਏਗਾ, ਜੇਕਰ ਮਨੁੱਖ ਧਰਤੀ ਦੀ ਕੁੱਖ ਜ਼ਹਿਰਾਂ ਨਾਲ ਭਰ ਦੇਵੇਗਾ। ਇਸ ਸਬੰਧੀ ਮਨੁੱਖ ਨੂੰ ਆਪ ਹੀ ਚੇਤੰਨ ਹੋਣਾ ਪਵੇਗਾ ਕਿ ਉਸਦਾ ਜੀਵਨ "ਖੁਸ਼ਹਾਲ ਧਰਤੀ 'ਤੇ ਹੀ ਖੁਸ਼ਹਾਲ ਹੋ ਸਕਦਾ ਹੈ।

ਵਿਸ਼ਵ 'ਚ ਕਾਰਪੋਰੇਟ ਜਗਤ ਦੀ ਵਧ ਰਹੀ ਪਕੜ ਤੇ ਜਕੜ, ਧਨ ਕਮਾਉਣ ਦੀ ਹਵਸ਼, ਕੁਦਰਤ ਨਾਲ ਖਿਲਵਾੜ ਕਰ ਰਹੀ ਹੈ। ਡਿਕਟੇਟਰਾਨਾ ਸੋਚ ਦੇ ਮਾਲਕ ਹਾਕਮਾਂ ਨਾਲ ਸਾਂਝ ਭਿਆਲੀ ਕਰਕੇ ਇਹ ਲੋਕ ਮਨੁੱਖ ਨੂੰ ਆਧੁਨਿਕ ਯੁੱਗ ਦੇ ਸੁਖਮਈ ਸਾਧਨਾਂ ਦੀ ਝਲਕ ਦਿਖਾਕੇ ਆਪਣੇ ਗੁਲਾਮ ਬਣਾਉਣ 'ਤੇ ਤੁਲੇ ਹੋਏ ਹਨ ਅਤੇ ਧਰਤੀ ਉਤੇ ਕੁਦਰਤ ਦੀ ਗੋਦ ਦਾ ਅਨੰਦ ਉਸ ਤੋਂ ਖੋਹ ਲੈਣਾ ਚਾਹੁੰਦੇ ਹਨ। ਅਰਥਾਤ ਧਰਤੀ ਦੀ ਕੁੱਖ ਵਿੱਚ ਹੀ ਨਵੇਂ ਜੰਮਣ ਵਾਲੇ ਬੱਚੇ ਦਾ ਕਤਲ ਕਰਨ 'ਤੇ ਤੁਲੇ ਹੋਏ ਹਨ।

## ਪਿੰਡ ਦਿਹਾਣਾ ਵਿਖੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦਾ ਜਨਮ ਦਿਨ ਮਨਾਇਆ ਗਿਆ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)-** ਹਲਕਾ ਚੱਬੇਵਾਲ ਦੇ ਪਿੰਡ ਦਿਹਾਣਾ ਵਿੱਚ ਬਾਬਾ ਸਾਹਿਬ ਅੰਬੇਡਕਰ ਜੀ ਦਾ



133ਵਾਂ ਜਨਮ ਦਿਨ ਮਨਾਇਆ ਗਿਆ। ਜਿਸ ਵਿੱਚ ਪਿੰਡ ਵਾਸੀਆਂ ਨੇ ਪੂਰਾ ਸਹਿਯੋਗ ਦਿੱਤਾ। ਜਿਸ ਵਿਚ ਠੇਕੇਦਾਰ ਰਜਿੰਦਰ ਸਿੰਘ ਜਨਰਲ ਸਕੱਤਰ ਪੰਜਾਬ ਇੰਚਾਰਜ ਚੱਬੇਵਾਲ ਅਤੇ ਯਸ਼ ਭੱਟੀ ਪ੍ਰਧਾਨ ਹਲਕਾ ਚੱਬੇਵਾਲ ਤੋਂ ਇਲਾਵਾ ਵੱਖ ਵੱਖ ਬੁਲਾਰਿਆ ਅਮਨਦੀਪ ਸਿੰਘ ਸਿੱਧੂ, ਐਡਵੋਕੇਟ ਨਵਰਾਜ ਸਿੰਘ, ਮਾਸਟਰ ਜਸਵੀਰ ਸਿੰਘ ਅਤੇ ਹੋਰਨਾ ਨੇ ਬਾਬਾ ਸਾਹਿਬ ਅੰਬੇਡਕਰ ਜੀ ਦੇ ਜੀਵਨ ਅਤੇ ਮਿਸ਼ਨ ਤੇ ਵਿਚਾਰ ਰੱਖੇ। ਚੱਬੇਵਾਲ ਟੀਮ 'ਚ ਸਤਪਾਲ ਬੰਗਾ ਵਾਇਸ ਪ੍ਰਧਾਨ, ਪਵਨ ਕੁਮਾਰ ਆਰਗੇਨਾਈਜ਼ਿੰਗ ਸਕੱਤਰ, ਕੁਲਦੀਪ ਬਾੜੀਆ ਬੀ ਵੀ ਐਫ, ਗੁਰਪ੍ਰੀਤ ਸਿੰਘ ਬੀ ਵੀ ਐਫ, ਰਾਜਵਿੰਦਰ ਸਿੰਘ ਸਕੱਤਰ, ਜੈ ਪ੍ਰਕਾਸ਼ ਮੀਡੀਆ ਇੰਚਾਰਜ, ਦੀਪ ਕਲਸੀ, ਕਲਵਿੰਦਰ ਠੱਕਰਵਾਲ, ਗੁਰਦੇਵ ਠੱਕਰਵਾਲ, ਸਾਬੀ ਠੱਕਰਵਾਲ ਆਦਿ ਟੀਮ ਵਜੋਂ ਸ਼ਾਮਿਲ ਹੋਏ। ਸਟੇਜ ਦੀ ਕਾਰਵਾਈ ਸ਼੍ਰੀ ਤਨਵੀਰ ਸਿੰਘ ਨੇ ਕੀਤੀ। ਪ੍ਰਗਤੀ ਕਲਾ ਕੇਂਦਰ ਲਾਂਧੜਾ ਦੀ ਟੀਮ ਨੇ ਨਾਟਕ ਦੇ ਰੂਪ ਦੇ ਵਿੱਚ ਬਾਬਾ ਸਾਹਿਬ ਜੀ ਦੇ ਜੀਵਨ ਬਾਰੇ ਦੱਸਿਆ। ਇਸ ਮੌਕੇ ਸਤਪਾਲ ਸਿੰਘ, ਵਿਜੇ ਕੁਮਾਰ, ਮੋਹਣ ਲਾਲ, ਮਲਕੀਤ ਸਿੰਘ, ਜਗਵੀਰ ਸਿੰਘ, ਗੁਰਮੁਖ ਸਿੰਘ, ਰਵੀ ਕੁਮਾਰ, ਬਲਜਿੰਦਰ ਸਿੰਘ, ਸੋਨੂੰ, ਸੰਦੀਪ ਕੁਮਾਰ ਤੇ ਵੱਡੀ ਗਿਣਤੀ ਵਿੱਚ ਬਹੁਜਨ ਵਰਗ ਦੇ ਲੋਕ ਹਾਜ਼ਰ ਸਨ।

## ਆਜ਼ਾਦੀ ਦੀ ਪਹਿਲੀ ਜੰਗ '.ਗਦਰ' ਦੇ ਇਤਿਹਾਸਕ ਦਿਨ ਮੌਕੇ ਸੀਪੀਆਈ (ਐਮ ਐਲ) ਨਿਊ ਡੈਮੋਕਰੇਸੀ ਵੱਲੋਂ ਕਨਵੈਨਸ਼ਨ ਕਰਨ ਦਾ ਐਲਾਨ

**ਚੰਡੀਗੜ੍ਹ/ਜਲੰਧਰ, (ਦਲਜੀਤ ਕੌਰ)** ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕਰੇਸੀ ਦੀ ਪੰਜਾਬ ਰਾਜ ਕਮੇਟੀ ਵੱਲੋਂ ਆਜ਼ਾਦੀ ਦੀ ਪਹਿਲੀ ਜੰਗ '1857 ਦਾ ਗ਼ਦਰ' ਦੇ ਇਤਿਹਾਸਕ ਦਿਨ ਮੌਕੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ 10 ਮਈ ਨੂੰ ਸੂਬਾ ਪੱਧਰੀ ਕਨਵੈਨਸ਼ਨ ਕੀਤੀ ਜਾਵੇਗੀ। ਜਿਸ ਵਿੱਚ 'ਭਾਜਪਾ ਹਰਾਓ- ਭਾਜਪਾ ਭਜਾਓ', ਦੂਜੀਆਂ ਸੱਤਾਧਾਰੀ ਪਾਰਟੀਆਂ ਨੂੰ ਸਵਾਲ ਕਰੋ ਅਤੇ ਲੁੱਟ ਅਧਾਰਿਤ ਪ੍ਰਬੰਧ ਦਾ ਪਰਦਾਫਾਸ਼ ਕਰੋ ਮੁਹਿੰਮ ਨੂੰ ਤੇਜ਼ ਕਰਨ ਦਾ ਸੱਦਾ ਦਿੱਤਾ ਜਾਵੇਗਾ।



ਪਾਰਟੀ ਦੇ ਸੂਬਾਈ ਆਗੂ ਕਾਮਰੇਡ ਅਜਮੇਰ ਸਿੰਘ ਨੇ ਪ੍ਰੈਸ ਨਾਲ ਇਹ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਮੋਦੀ ਦੀ ਅਗਵਾਈ ਵਿੱਚ ਸਰਕਾਰ ਨੇ ਦੇਸ਼ ਦੇ ਲੋਕਾਂ ਵਿਰੁੱਧ ਫਾਸ਼ੀਵਾਦੀ ਹਮਲਾ ਵਿੱਢਿਆ ਹੋਇਆ ਹੈ। ਦੇਸ਼ ਦੀਆਂ ਘੱਟ ਗਿਣਤੀਆਂ ਖਾਸ ਕਰਕੇ ਮੁਸਲਮਾਨਾਂ ਖਿਲਾਫ਼ ਨਫ਼ਰਤ ਫੈਲਾਈ ਜਾ ਰਹੀ ਹੈ। ਕਦੀ ਘਰ ਵਾਪਸੀ, ਕਦੀ ਗਊ ਹੱਤਿਆ, ਕਦੀ ਗਊ ਮਾਸ ਅਤੇ ਕਦੀ ਲਵ ਜਿਹਾਦ ਦਾ ਬਹਾਨਾ ਬਣਾ ਕੇ ਇਹਨਾਂ ਨੂੰ ਹਮਲਿਆਂ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹਨਾਂ ਚੋਣਾਂ 'ਚ ਮੁਸਲਮਾਨਾਂ ਨੂੰ ਘੁਸਪੈਠੀਏ, ਵੱਧ ਬੱਚੇ ਜੰਮਣ ਵਾਲੇ ਦੱਸਕੇ ਨੀਵੇਂ ਪੱਧਰ ਦਾ ਕੀਤਾ ਜਾ ਰਿਹਾ ਪ੍ਰਚਾਰ ਮੋਦੀ-ਸ਼ਾਹ ਦੀ ਦੀ ਬੁਖਲਾਹਟ ਦਾ ਪ੍ਰਗਟਾਵਾ ਹੈ। ਉਸਤੋਂ ਵੀ ਅੱਗੇ ਜਾ ਕੇ ਵਿਰੋਧੀ ਪਾਰਟੀਆਂ ਦੀ ਜਿੱਤ ਨੂੰ ਮੰਗਲਸੂਤਰ ਉਤਾਰਨ ਅਤੇ ਔਰਤਾਂ ਦਾ ਸੋਨਾ ਮੁਸਲਮਾਨਾਂ ਦੇ ਹਵਾਲੇ ਕਰਕੇ ਹਿੰਦੂ ਭਾਈਚਾਰੇ ਨੂੰ ਡਰਾਇਆ ਜਾ ਰਿਹਾ ਹੈ ਤਾਂ ਜੋ ਵੋਟਾਂ ਦਾ ਧਰੁਵੀਕਰਨ ਕਰਕੇ ਹਰ ਹੀਲੇ ਚੋਣਾਂ ਜਿੱਤਣ ਦਾ ਅਧਾਰ ਬਣੇ।

ਉਨ੍ਹਾਂ ਕਿਹਾ ਕਿ ਆਰ ਐੱਸ ਐੱਸ ਭਾਜਪਾ ਵਲੋਂ ਵਿਰੋਧੀ ਪਾਰਟੀਆਂ ਦੇ ਜਿੱਤ ਜਾਣ 'ਤੇ ਦੇਸ਼ ਵਿੱਚ ਦੰਗੇ ਹੋਣ ਦਾ ਹਊਆ ਖੜਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਰ ਐੱਸ ਐੱਸ ਭਾਜਪਾ ਵਾਲੇ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਸੇਧ ਵਿੱਚ ਲਗਾਤਾਰ ਯਤਨ ਕਰ ਰਹੇ ਹਨ। ਦੇਸ਼ ਵਿੱਚ ਇੱਕ ਵਿਚਾਰਧਾਰਾ, ਇੱਕ ਪਾਰਟੀ, ਇੱਕ ਨੇਤਾ, ਹੋਣ ਦਾ ਪ੍ਰਚਾਰ ਕਰ ਰਹੇ ਹਨ ਜਿਸ ਰਾਹੀਂ ਇੱਕ ਭਾਸ਼ਾ, ਇੱਕ ਧਰਮ, ਇੱਕ ਸੱਭਿਆਚਾਰ ਲਾਗੂ ਕਰਕੇ ਦੇਸ਼ ਦੀ ਵੰਨ-ਸੁਵੰਨਤਾ ਖਤਮ ਕਰਕੇ ਦੇਸ਼ ਦੇ ਮਾਲ ਖਜ਼ਾਨੇ, ਜਲ ਜੰਗਲ ਜ਼ਮੀਨ ਕਾਰਪੋਰੇਟ ਦੇ ਹਵਾਲੇ ਕੀਤੇ ਜਾ ਸਕਣ। ਇਹ ਕਾਰਪੋਰੇਟ ਤੇ ਆਰ।ਐਸ।ਐਸ। ਦਾ ਸਾਂਝਾ ਏਜੰਡਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੇ ਅਸਲੀ ਮੁੱਦੇ ਮਹਿੰਗਾਈ, ਬੇਰੁਜ਼ਗਾਰੀ, ਗਰੀਬੀ, ਸਿਹਤ, ਵਿੱਦਿਆ ਆਦਿ ਚੋਣ ਪ੍ਰਚਾਰ 'ਚੋਂ ਗਾਇਬ ਹਨ। ਵਿਰੋਧੀ ਧਿਰ ਵੀ ਫਾਸ਼ੀਵਾਦ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ। ਇਸ ਕਰਕੇ ਇੱਕ ਗੱਠਜੋੜ ਬਣਾਉਣ ਦੇ ਬਾਵਜੂਦ ਦੇਸ਼ ਦੇ ਬਹੁਤੇ ਹਿੱਸਿਆਂ ਵਿੱਚ ਇੱਕ ਦੂਜੇ ਵਿਰੁੱਧ ਚੋਣ ਲੜ ਕੇ ਸੰਘ ਦੇ ਮੱਦਦਗਾਰ ਸਾਬਤ ਹੋ ਰਹੇ ਹਨ। ਉਨ੍ਹਾਂ ਨੇ 10 ਮਈ ਦੀ ਕਨਵੈਨਸ਼ਨ ਦੀ ਸਫ਼ਲਤਾ ਲਈ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ ਤਾਂ ਜੋ ਲੁੱਟ ਦਾ ਰਾਜ ਖਤਮ ਕਰਕੇ ਮਿਹਨਤੀ ਲੋਕਾਂ ਦੇ ਰਾਜ ਦੀ ਸਥਾਪਤੀ ਲਈ ਜ਼ੋਰਦਾਰ ਆਵਾਜ਼ ਬੁਲੰਦ ਕੀਤੀ ਜਾ ਸਕੇ।

# "ਸੱਤਾ ਦੀਆਂ ਕੁਰਸੀਆਂ ਖਾਤਰ ਇੱਧਰ ਉੱਧਰ ਭੱਜਦੇ ਲੋਕ"

## "ਜਿੱਥੋਂ ਨਾ ਮਿਲੇ ਉੱਥੋਂ ਭੱਜ ਉਹਨੂੰ ਭੰਡਦੇ ਨੇ, ਜਿਹਨੂੰ ਭੰਡਦੇ ਸੀ ਉਹਨੂੰ ਕੁਰਸੀ ਦੀ ਲਾਲਸਾ ਵੱਸ ਮੁੜ ਤੋਂ ਪਾਕ ਪਵਿਤਰ ਬਣਾ ਦਿੰਦੇ ਹਨ"

ਇਸ ਵਿੱਚ ਕੋਈ ਸ਼ੱਕ ਨਹੀਂ ਅਤੇ ਨਾ ਹੀ ਕੋਈ ਦੋ ਰਾਵਾਂ ਹਨ ਕਿ ਅਸੀਂ ਮੱਧ ਵਰਗੀ ਪੰਜਾਬੀ ਲੋਕਾਂ ਨੇੜ! ਪੰਜਾਬ ਵਿੱਚ ਰਹਿੰਦਿਆਂ ਹੋਇਆਂ ਨੇ ਗਰੀਬੀ ਹੋਣ ਕਰਕੇ, ਬੇਰੁਜਗਾਰੀ 'ਤੇ ਰੁਜਗਾਰ ਦੇ ਸਾਧਨਾਂ ਦੀ ਘਾਟ ਕਰਕੇ, ਬੇਇਨਸਾਫੀ ਕਰਕੇ 25, 25-30, 30 ਸਾਲ ਤੱਕ ਵੀ ਇਨਸਾਫ ਨਾ ਮਿਲਣ ਕਰਕੇ, ਜੀਵਨ ਦੀ ਕੋਈ ਵੀ ਸੁਰਖਿਆ ਦੀ ਗਰੰਟੀ ਨਾ ਹੋਣ ਕਰਕੇ, ਟ੍ਰੈਫਿਕ ਨਿਯਮਾਂ ਦੀ ਘਾਟ ਕਾਰਨ ਰੋਜਾਨਾ ਹੀ ਸੈਕੜੇ ਜਾਨਾਂ ਦਾ ਸੜਕਾਂ ਉੱਤੇ ਰੁਲ਼ਣਾ, ਸਰਕਾਰੀ ਦਫਤਰੀ ਢਾਂਚੇ ਵਿੱਚ ਉਪਰੋਂ ਹੇਠ ਤੱਕ ਸਾਰਾ ਹੀ ਦਫਤਰੀ ਤਾਣਾ-ਬਾਣਾ ਭ੍ਰਿਸ਼ਟਾਚਾਰ ਰਿਸ਼ਵਤਖੋਰੀ 'ਚ ਡੁੱਬਿਆ ਹੋਣ ਕਰਕੇ ਅਤੇ ਕਰਜਿਆਂ ਦੀ ਮਾਰ ਨੂੰ ਨਾ ਸਹਿੰਦਿਆਂ ਹੋਇਆਂ ਨੇ ਅਸੀਂ ਬੱਚਿਆਂ ਨੂੰ ਸੁਰਖਿਅਤ ਰੱਖਣ ਲਈ ਵਿਦੇਸ਼ਾਂ ਵੱਲ਼ ਭੇਜਣਾ ਸ਼ੁਰੂ ਕੀਤਾ ਹੈ। ਜਿੱਥੇ ਜਾ ਕੇ ਉਨ੍ਹਾਂ ਵਿੱਚ ਪੜ੍ਹਨ ਦੇ ਨਾਲ ਨਾਲ ਸੱਖਤ ਮਿਹਨਤ ਕਰਨ ਅਤੇ ਕੰਮ ਕਰਨ ਲਈ ਆਤਮ ਵਿਸ਼ਵਾਸ਼ ਵੀ ਵਧਿਆ ਹੈ। ਕੰਮ ਕਰਨ ਨੂੰ ਉਹ ਆਪਣਾ ਮੁਕੱਦਰ ਵੀ ਸਮਝਣ ਲੱਗ ਪਏ ਹਨ। ਜਦ ਕਿ ਪੰਜਾਬ ਵਿੱਚ ਰਹਿੰਦੇ ਬੱਚੇ ਵਿਆਹ ਹੋਣ ਬਾਅਦ ਆਪਣੇ ਬੱਚਿਆਂ ਦੇ ਬਾਪ ਬਨਣ ਤੱਕ ਦੇ ਬਾਵਜੂਦ ਵੀ ਆਪਣੇ ਮਪਿਆਂ 'ਤੇ ਹੀ ਨਿਰਭਰ ਰਹਿੰਦੇ ਹਨ। ਉਨ੍ਹਾਂ ਨੂੰ ਸਾਰੀਆਂ ਸਹੂਲਤਾਂ ਮਾਪੇ ਹੀ ਪ੍ਰਦਾਨ ਕਰਦੇ ਰਹਿੰਦੇ ਹਨ।

ਕੀ ਅਜਾਦੀ ਮਿਲਣ ਦੇ 76 ਸਾਲ ਬੀਤ ਜਾਣ ਬਾਅਦ ਵੀ ਅਸੀਂ ਸਾਰੇ ਹੀ ਰਲ਼ ਮਿਲ਼ ਕੇ ਕੋਈ ਵੀ ਸੁਧਾਰ ਨਹੀਂ ਕਰਵਾ ਸਕਾਂਗੇ? ਕੀ ਆਪਣੇ ਬਾਹਰ ਵੱਲ਼ ਭੱਜ ਰਹੇ ਬੱਚਿਆਂ ਨੂੰ ਇੱਥੇ ਹੀ ਨੌਕਰੀਆਂ ਨਹੀਂ ਦੁਆ ਸਕਾਂਗੇ? ਕੀ ਭ੍ਰਿਸ਼ਟ ਅਤੇ ਕੁਰਪੱਟ ਹੋ ਚੁੱਕੇ ਰਿਸ਼ਵਤਖੋਰੀ ਵਾਲੇ ਸਰਕਾਰੀ ਤਾਣੇ ਬਾਣੇ ਨੂੰ ਸੁਧਾਰ ਨਹੀਂ ਸਕਾਂਗੇ? ਹੁਣ ਪੰਜਾਬੀਓ ਅਜਾਦੀ ਮਿਲਣ ਦੇ ਛਿਆਤਰ ਸਾਲ ਬਾਅਦ ਕਿਸਾਨੀ ਸ਼ੰਘਰਸ਼ ਵਿੱਚ ਇੱਕ ਆਸ ਬੱਝੀ ਸੀ ਕਿ ਹੁਣ ਸਮਾਂ ਆ ਗਿਆ ਹੈ, ਪੰਜਾਬ ਦੀ ਤਕਦੀਰ ਬਦਲਣ ਦਾ, ਅਤੇ ਖੁਸ਼ਹਾਲੀ ਲਿਆਉਣ ਦਾ। ਜਿਸ ਵਾਰੇ ਵੀ ਦਿਲ ਵਿੱਚ ਬਹੁਤ ਵੱਡਾ ਵਹਿਮ ਜਿਹਾ ਪੈਦਾ ਹੋ ਗਿਆ ਸੀ ਕਿ ਹੁਣ ਵਿਦੇਸ਼ਾਂ ਵਾਂਗ ਬਦਲਦੇ ਯੁੱਗ ਦੀ ਕਿਸਮ ਦੀਆਂ ਸਾਰੀਆਂ ਸਹੂਲਤਾਂ ਮਾਣਦਾ ਹੋਇਆ ਸਾਰਾ ਪੰਜਾਬ ਵੀ ਸਿਖਿਆਵਾਨ ਹੋ ਕੇ ਸੂਝਵਾਨ ਬਣ ਗਿਆ ਹੈ।ਪਰ ਕੀ ਪਤਾ ਸੀ ਕਿ ਪਹਿਲਾਂ ਵਾਂਗ ਸਿਆਸੀ ਪਾਰਟੀਆਂ ਦੇ ਲੀਡਰਾਂ ਨੇ ਪਿਛਲੇ ਇਲੈਕਸ਼ਨ ਦੇ ਨੇੜੇ ਆਕੇ ਲੋਕਾਂ ਨਾਲ ਝੂਠੇ ਵਾਅਦੇ ਕਰਕੇ 'ਤੇ ਝੂਠੇ ਲਾਰੇ ਲਾ ਕੇ ਮੁਫਤ ਵਾਲੀਆਂ ਸਹੂਲਤਾਂ ਵੰਡ ਕੇ ਅਤੇ 76 ਸਾਲਾਂ ਵਿੱਚ ਲੋਕਾਂ ਨੂੰ ਸਿਰਫ 'ਤੇ ਸਿਰਫ ਗਲੀਆਂ ਨਾਲੀਆਂ ਦੇ ਵਿਕਾਸ ਵਾਲੇ ਚੱਕਰਵਿਉ ਦੇ ਚੱਕਰ 'ਚ ਪਾ ਕੇ ਇਸ ਵਿਕਾਸ ਦੇ ਨਾਮ ਹੇਠ ਖੁਸ਼ ਕਰਨ ਲਈ ਪੰਜ ਸਾਲਾਂ ਵਿੱਚ ਦਿੱਤੀਆਂ ਜਾਣ ਵਾਲੀਆਂ ਗਰਾਟਾਂ ਨੂੰ ਐਨ੍ਹ ਚੋਣ ਜਾਬਤੇ ਤੋਂ ਕੁੱਝ ਦਿਨ ਪਹਿਲਾਂ ਹੀ ਦੇਣਾ ਕੀ ਅਸਲ ਵਿਕਾਸ ਸੀ?

ਕੀ ਇਹ ਲੋਕਾਂ ਨਾਲ ਕੀਤਾ ਜਾਣ ਵਾਲਾ ਕੋਝਾ ਮਜਾਕ ਨਹੀ ਸੀ ? ਜਿਹੜੀਆਂ ਕਿ ਚੋਣ ਜਾਬਤਾ ਲਗਣ ਕਰਕੇ ਖਰਚੀਆਂ ਵੀ ਨਹੀਂ ਸੀ ਜਾ ਸਕਦੀਆਂ। ਇਹੀ ਵਿਕਾਸ ਗਰਾਟਾਂ ਪੰਜ ਸਾਲ ਦੇ ਪਹਿਲੇ ਸਾਲਾਂ ਦੇ ਸਮੇਂ ਵਿੱਚ ਵੀ ਦਿੱਤੀਆਂ ਜਾ ਸਕਦੀਆਂ ਹੋਣਗੀਆਂ। ਪੰਜ ਸਾਲ ਖਤਮ ਹੋਣ ਵੇਲੇ ਕਿਉਂ ਦਿੱਤੀਆਂ ਜਾ ਰਹੀਆਂ ਸਨ ਇਹ ਗਰਾਟਾਂ? ਬੜੇ ਕਮਾਲ ਦੀ ਗੱਲ ਹੈ ਕਿ ਖਜਾਨਾ ਮੰਤਰੀ ਪੰਜ ਸਾਲ ਖਜਾਨਾ ਖਾਲੀ ਹੋਣ ਦਾ ਬਹਾਨਾ ਲਾ ਕੇ ਢਿਡੋਰਾ ਪਿੱਟੀ ਗਿਆ। ਇਹ ਵਰਤਾਰਾ ਕੋਈ ਇੱਕ ਇੱਕਲੀ ਕਾਗਰਸ ਪਾਰਟੀ ਦਾ ਨਹੀ ਹੈ ਜਾਂ ਇੱਕਲੀ ਅਕਾਲੀ ਪਾਰਟੀ ਦਾ ਵੀ ਨਹੀ ਹੈ ਜਾਂ ਭਾਜਪਾ ਜਾਂ ਆਪ ਜਾਂ ਕੋਈ ਹੋਰ ਵੀ ਹੋਣ ਦਾ ਵੀ ਨਹੀਂ ਹੈ। ਸਗੋਂ ਇਹ ਵਰਤਾਰਾ ਪੰਜਾਬ ਦੇ ਲੋਕਾਂ ਨੂੰ ਭਰਵਾਉਣ ਵਾਲੀਆਂ ਸਾਰੀਆਂ ਹੀ ਸਿਆਸੀ ਪਰਟੀਆਂ ਕਰ ਰਹੀਆਂ ਸਨ ਅਤੇ ਕਰ ਰਹੀਆਂ ਹਨ। ਸਾਡੇ ਭੋਲੇ ਭਾਲੇ ਪੰਜਾਬੀ ਲੋਕ ਇਨ੍ਹਾਂ ਸਾਰਿਆਂ ਦੀਆਂ ਛੱਲੇਦਾਰ ਚੋਪੜਵੀਆਂ ਗੱਲਾਂ ਵਿੱਚ ਫਸ ਕੇ ਛਿਆਤਰ ਸਾਲ ਸਤਾ ਦੀਆਂ ਕੁਰਸੀਆਂ 'ਤੇ ਬਿਠਾ ਕੇ ਆਪ ਇਨ੍ਹਾਂ ਦੀ ਲੁੱਟ ਦਾ ਸ਼ਿਕਾਰ ਹੁੰਦੇ ਰਹੇ 'ਤੇ ਹੋ ਰਹੇ ਹੋ ਅਤੇ ਇਹ ਵੀ ਲਗਦੈ ਹਾਲੇ ਹੋਰ ਸਮਾਂ ਵੀ ਹੁੰਦੇ ਰਹੋਗੇ।

ਪਿੰਡਾਂ ਸ਼ਹਿਰਾਂ ਸਮੇਤ ਉਸ ਸਟੇਟ ਅਤੇ ਦੇਸ਼ ਦਾ ਵਿਕਾਸ ਸੱਤਾ 'ਤੇ ਬੈਠੀਆਂ ਸਿਆਸੀ ਧਿਰਾਂ ਵਲੋਂ ਕਰਵਾਉਣਾ

ਸਿਡਨੀ ਤੋਂ ਮਨਮੋਹਨ ਸਿੰਘ ਖੇਲਾ
+61432548855

ਉਨ੍ਹਾਂ ਦੀ ਨੈਤਿਕ ਜਿਮੇਂਵਾਰੀ ਅਤੇ ਮੁਢਲਾ ਫਰਜ ਹੁੰਦਾ ਹੈ। ਇਹ ਕੋਈ ਜਨਤਾ ਉੱਤੇ ਅਹਿਸਾਨ ਨਹੀਂ ਕਰਦੇ।ਇਹ ਸਤਾ ਦੀਆਂ ਕੁਰਸੀਆਂ ਦਾ ਨਿੱਘ ਮਾਨਣ ਵਾਲੇ ਲੋਕ ਆਪਣੇ ਕੋਲੋਂ ਜਾ ਅਪਣੀ ਜੇਬ ਵਿੱਚੋਂ ਕੁੱਝ ਵੀ ਨਹੀਂ ਕਰਦੇ। ਅਸੀ ਸਾਰੇ ਹੀ ਸਰਕਾਰ ਦੇ ਖਜਾਨੇ ਵਿੱਚ ਜਾਣ ਵਾਲਾ ਟੈਕਸ ਬਹੁਤ ਸਾਰੇ ਰੂਪਾਂ ਵਿੱਚ ਅਸੀਂ ਸਾਰੇ ਹੀ ਉਹ ਟੈਕਸ ਭਰਦੇ ਹਾਂ। ਉਹ ਸਾਰਾ ਪੈਸਾ ਸਾਡਾ ਸਾਰਿਆਂ ਦਾ ਸਾਂਝਾ ਹੈ ਜਿਹੜਾ ਕਿ ਸਾਡੇ ਦੇਸ਼ ਦੇ ਪਿੰਡਾਂ, ਸ਼ਹਿਰਾਂ ਦੇ ਵਿਕਾਸ ਸਮੇਤ ਆਮ ਜਨਤਾ ਦੀਆਂ ਜਰੂਰੀ ਸਹੂਲਤਾਂ ਲਈ ਖਰਚਿਆ ਜਾਣਾ ਹੁੰਦਾ ਹੈ। ਪਰ ਇਹ ਸਤਾ ਮਾਨਣ ਵਾਲੇ ਲੋਕ ਜਿਨ੍ਹਾਂ ਨੂੰ ਸਤਾ ਵੀ ਅਸੀਂ ਲੋਕ ਹੀ ਦਿੰਦੇ ਹਾਂ। ਇਹ ਲੋਕ ਆਪਣੀ ਮਰਜੀ ਨਾਲ ਗਰਾਂਟਾਂ ਅਲਾਟ ਕਰਕੇ ਅਫਸਰਾਂ ਨਾਲ ਉਪਰੋਂ ਹੇਠਾਂ ਤੱਕ ਗੱਢ ਤੁੱਪ ਕਰਕੇ ਆਮ ਜਨਤਾ ਨੂੰ ਮੂਰਖ ਬਣਾ ਕੇ ਅੱਧ ਤੋਂ ਵੀ ਵੱਧ ਇਹ ਲੋਕ ਰ਼ਲ ਮਿਲ ਕੇ ਛਕ ਜਾਂਦੇ ਹਨ।ਜਨਤਾ ਦਾ ਹੀ ਪੈਸਾ ਜਨਤਾ 'ਤੇ ਹੀ ਸਹੀ ਢੰਗ ਨਾਲ ਖਰਚਿਆ ਨਹੀਂ ਜਾ ਰਿਹਾ। ਸਗੋਂ ਉਹ ਜਨਤਾ ਨੂੰ ਅਹਿਸਾਨ ਜਿੱਤਾ ਰਹੇ ਹਨ ਕਿ ਮੈਂ ਤੁਹਾਡੇ ਪਿੰਡ ਸ਼ਹਿਰ ਇਲਾਕੇ ਨੂੰ ਏਡੀ ਵੱਡੀ ਗਰਾਂਟ ਦਿੱਤੀ ਹੈ। ਜਦ ਕਿ ਅਸਲ ਵਿੱਚ ਉਸ ਨੇ ਸਾਨੂੰ 'ਤੇ ਸਾਡੇ ਪਿੰਡ ਨੂੰ ਸਾਡੇ ਸ਼ਹਿਰ ਨੂੰ ਸਾਡੇ ਇਲਾਕੇ ਨੂੰ ਆਪਣੀ ਜੇਬ ਵਿਚੋਂ ਕੁੱਝ ਵੀ ਨਹੀਂ ਦਿੱਤਾ ਹੁੰਦਾ। ਸਗੋਂ ਸਾਡੀ ਜੇਬ ਵਿੱਚੋਂ ਕੱਟ ਹੋਏ ਸਾਡੇ ਟੈਕਸ ਦੇ ਪੈਸੇ ਵਿਚੋਂ ਹੀ ਦਿੱਤਾ ਗਿਆ ਹੁੰਦਾ ਹੈ। ਸਗੋਂ ਉਹ ਤਾਂ ਵਿੱਚੋਂ ਕਮਿਸ਼ਨ ਲੈ ਕੇ ਆਪਣੀ ਜੇਬ ਭਰ ਲੈਂਦੇ ਹਨ।

ਪੰਜਾਬ ਲਈ ਫਿਕਰ ਕਰਦੇ ਲੋਕੋ ਅਤੇ ਬੁੱਧੀਜੀਵੀਓ..! ਪੰਜਾਬੀਆਂ ਦੀ ਹੋ ਰਹੀ ਲੁੱਟ ਨੂੰ ਹੁਣ ਬਹੁਤ ਲੰਬਾ ਸਮਾਂ ਹੋ ਗਿਆ ਹੈ। ਇਹ ਲੁੱਟ ਬੰਦ ਹੋਣ ਦੇ ਕੋਈ ਵੀ ਅਸਾਰ ਵੀ ਨਜਰ ਨਹੀਂ ਆ ਰਹੇ। ਇਹ ਸਾਰੇ ਸਿਆਸੀ ਪਾਰਟੀਆਂ ਦੇ ਲੀਡਰ ਸਾਨੂੰ ਆਪਣੇ ਮਿੱਠੇ ਮਿੱਠੇ ਗੁੰਝਲਦਾਰ ਅਤੇ ਲੱਛੇਦਾਰ ਸ਼ਬਦਾਂ ਦੇ ਜਾਲ਼ਾਂ ਵਿੱਚ ਫਸਾ ਕੇ ਮਗਰ ਲਾ ਕੇ ਭਰਮਾ ਲੈਂਦੇ ਹਨ। ਅਸੀਂ ਵੀ ਬਿਨਾ ਸੋਚੇ ਸਮਝੇ ਇਨ੍ਹਾਂ ਵਲੋਂ ਬੁਣੇ ਹੋਏ ਜਾਲ਼ ਵਿੱਚ ਬਹੁਤ ਛੇਤੀ ਫਸਦੇ ਜਾ ਰਹੇ ਹਾਂ। ਜਦੋਂ ਇਨ੍ਹਾਂ ਨੂੰ ਲਗਦਾ ਹੈ ਕਿ ਮੈਨੂੰ ਕੁਰਸੀ ਨਹੀਂ ਮਿਲਣੀ ਅਥਵਾ ਪਾਰਟੀ ਨੇ ਉਸ ਨੂੰ ਟਿਕਟ ਨਹੀਂ ਦੇਣੀ।

ਇਹ ਲੋਕ ਬਿਨਾ ਕਿਸੇ ਦੀ ਪ੍ਰਵਾਹ ਕੀਤਿਆਂ ਕੁਰਸੀ ਦੇ ਲਾਲਚ ਵੱਸ ਕੁਰਸੀ ਤੱਕ ਪਹੁੰਚਣ ਲਈ ਸਾਰੇ ਅਸੂਲ ਛਿੱਕੇ ਟੰਗ ਕੇ ਦੂਜੀ ਹੋਰ ਸਿਆਸੀ ਪਾਰਟੀ ਵਿੱਚ ਵੱੜ ਕੇ ਜਿਸ ਨੂੰ ਪਹਿਲਾਂ ਬਹੁਤ ਬੁਰਾ ਭਲਾ ਕਹਿੰਦੇ ਸਨ। ਉਸੇ ਦੀਆਂ ਸਿਫਤਾਂ ਦੇ ਪੁਲ਼ ਬੰਨਣ ਲੱਗ ਜਾਂਦੇ ਹਨ। ਜਿਸ ਵਿੱਚੋਂ ਨਿਕਲੇ ਉਸੇ ਨੂੰ ਬੁਰਾ 'ਤੇ ਮਾੜਾ ਕਹਿਣ ਲੱਗ ਜਾਂਦੇ ਹਨ। ਕਈ ਲੋਕਾਂ ਨੇ ਤਾਂ ਕੁਰਸੀ ਦੀ ਭੁੱਖ ਲਈ ਕੋਈ ਵੀ ਪਾਰਟੀ ਨਹੀਂ ਛੱਡੀ ਜਿਸ ਤੋਂ ਟਪੂਸੀ ਨਾ ਮਾਰੀ ਹੋਵੇ। ਇਹ ਲੋਕ ਸਾਡੇ ਕਿਸੇ ਦੇ ਵੀ ਹਿਤੈਸ਼ੀ ਨਹੀਂ ਹਨ ਸਾਡੇ ਲੋਕਾਂ ਨਾਲ ਇਨ੍ਹਾਂ ਦੀ ਕੋਈ ਹਮਦਰਦੀ ਵੀ ਨਹੀਂ ਹੁੰਦੀ। ਇਨ੍ਹਾਂ ਨੂੰ ਸਿਰਫ 'ਤੇ ਸਿਰਫ ਕੁਰਸੀ ਹੀ ਪਿਆਰੀ ਹੁੰਦੀ ਹੈ।

ਕਾਸ਼ ਇਨ੍ਹਾਂ ਲੋਕਾਂ ਨੇ ਗੁਰੁ ਸਹਿਬਾਨਾਂ ਦੇ ਵੇਲੇ ਦੇ ਸਿੱਖਾਂ ਦਾ ਇਤਹਾਸ ਪੜ੍ਹਿਆ ਹੁੰਦਾ ਸ਼ਹੀਦ ਭਾਈ ਸਤੀ ਦਾਸ, ਸ਼ਹੀਦ ਭਾਈ ਮਤੀ ਦਾਸ, ਭਾਈ ਦਿਆਲਾ ਜੀ ਸਮੇਤ ਅਣ-



ਗਿਣਤ ਸ਼ਹੀਦ ਹੋਏ ਸਿੰਘਾਂ ਸਿੰਘਣੀਆਂ ਦਾ ਇਤਹਾਸ ਪੜ੍ਹਿਆ ਹੁੰਦਾ। ਜਿਨ੍ਹਾਂ ਸਿਰੜੀ ਮਾਵਾਂ ਨੇ ਆਪਣੇ ਬੱਚਿਆਂ ਦੇ ਟੋਟੇ ਟੋਟੇ ਕਰਵਾ ਕੇ ਆਪਣੇ ਗ਼ਲਾ ਵਿੱਚ ਪੁਆ ਕੇ ਵੀ ਉਹ ਅਡੋਲ ਰਹੀਆਂ ਸਨ। ਗੁਰੁ ਸਾਹਿਬ ਜੀ ਦੇ ਸ਼ਾਹਿਬਜਾਦਿਆਂ ਨੂੰ ਵੀ ਬਹੁਤ ਤਰ੍ਹਾਂ ਦੇ ਲਾਲਚ ਦਿੱਤੇ ਗਏ ਸਨ। ਉਨ੍ਹਾਂ ਵੀ ਆਪਣਾ ਸਿਦਕ ਕਾਇਮ ਰੱਖਿਆ ਸਾਹਮਣੇ ਖੜ੍ਹੀ ਮੌਤ ਤੋਂ ਵੀ ਘਬਰਾਏ ਨਹੀਂ ਸਨ। ਅਣਗਿਣਤ ਯੋਧਿਆਂ ਨੇ ਰਾਜ ਸਤਾ ਨੂੰ ਸੁਧਾਰਨ ਖਾਤਰ ਕੁਰਸੀਆਂ ਨੂੰ ਠੋਕਰਾਂ ਮਾਰ ਕੇ ਜਾਨਾਂ ਕੁਰਬਾਨ ਕਰਵਾਈਆਂ ਸਨ। ਗੁਰੂ ਨਾਨਕ ਦੇਵ ਪਹਿਲੇ ਪਾਤਸ਼ਾਹਿ ਜੀ ਨੇ ਤਾਂ ਦਿੱਲੀ ਦੇ ਤੱਖਤ 'ਤੇ ਬੈਠੇ ਹੋਏ ਬਾਦਸ਼ਾਹ ਬਾਬਰ ਨੂੰ ਮੂੰਹ 'ਤੇ ਹੀ ਜਾਬਰ ਕਿਹਾ ਸੀ।ਪੰਜਾਬੀਆਂ ਦੀ ਕੌਮ ਦਾ ਪਿਛੋਕੜ ਸਤਾ ਮਾਨਣਾ ਨਹੀਂ ਸੀ ਸਗੋਂ ਆਪਣੇ ਆਪ ਨੂੰ ਕੁਰਬਾਨ ਕਰਾ ਕੇ ਸਤਾ ਕਰਦੇ ਲੋਕਾਂ ਨੂੰ ਲੋਕਾਂ ਦੇ ਹਿੱਤਾਂ ਮੁਤਾਬਕ ਸੁਧਾਰ ਕਰਨ ਯੋਗ ਬਨਾਉਣ ਵਾਲਾ ਰਿਹਾ ਹੈ।

ਸਾਡਾ ਸੱਭ ਦਾ ਗ਼ਲਾ ਭਰ ਕੇ ਅੱਖਾਂ ਨਮ ਹੋ ਜਾਣਗੀਆਂ ਜੇ ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭੇ ਸਮੇਤ ਕੇਨੇਡਾ ਅਮਰੀਕਾ ਦੀ ਧਰਤੀ ਤੋਂ ਵਿੱਢੀ ਗਈ ਗਦਰ ਲਹਿਰ ਦੇ ਗਦਰੀ ਬਾਬਿਆਂ ਸਮੇਤ ਪੰਜਾਬ ਵਿੱਚ ਚੱਲੀ ਬਬਰ ਲਹਿਰ ਦੀ ਗੱਲ ਕਰੀਏ।ਇਸ ਸਮੇਂ ਦੇ ਇਨ੍ਹਾਂ ਯੋਧਿਆਂ ਦੀਆਂ ਜਾਇਦਾਦਾਂ ਜਬਤ ਹੋਈਆਂ, ਕਾਲੇ ਪਾਣੀਆਂ ਦੀਆਂ ਸਜਾਵਾਂ ਹੋਈਆਂ, ਲੰਬੀਆਂ ਜੇਲ੍ਹਾਂ ਕੱਟਣ ਬਾਅਦ ਵੀ ਫਾਂਸੀਆਂ 'ਤੇ ਚੜ੍ਹਾਏ ਗਏ।ਇਨ੍ਹਾਂ ਅਤੇ ਇਨ੍ਹਾਂ ਦੇ ਕਿਸੇ ਵੀ ਵਾਰਿਸ ਵਿੱਚ ਕਿਸੇ ਵੀ ਤਰ੍ਹਾਂ ਦੀ ਸਿਆਸੀ ਭੁੱਖ ਨਹੀਂ ਸੀ।ਜੇ ਉਨ੍ਹਾਂ ਨੂੰ ਭੁੱਖ ਹੁੰਦੀ ਤਾਂ ਉਹ ਅਤੇ ਉਨ੍ਹਾਂ ਦੇ ਵਾਰਿਸਾਂ ਨੇ ਵੀ ਅੱਜ ਸਤਾ ਦੀਆਂ ਕੁਰਸੀਆਂ ਦਾ ਨਿੱਘ ਮਾਣ ਰਹੇ ਹੋਣਾ ਸੀ। ਉਨ੍ਹਾਂ ਦੇਸ਼ ਭਗਤਾਂ ਨੂੰ ਸਿਰਫ ਲੋਕ ਅਤੇ ਲੋਕਾਂ ਦੇ ਅਧਿਕਾਰ ਅਤੇ ਦੇਸ਼ ਅਤੇ ਪੰਜਾਬ ਦੇ ਹਿੱਤ ਜਿਆਦਾ ਪਿਆਰੇ ਸਨ। ਉਹ ਸਤਾ ਨੂੰ ਨਕਾਰਦੇ ਹੋਏ ਲੋਕਾਂ ਦੀਆਂ ਸੁਖ ਸਹੂਲਤਾਂ ਨੂੰ ਜਿਆਦਾ ਪਹਿਲ ਦੇਣ ਵਾਲੇ ਲੋਕ ਸਨ।

ਉਹ ਕੁਰਸੀਆਂ ਲੈਣ ਖਾਤਰ ਇੱਧਰ ਉੱਧਰ ਟਪੂਸੀਆਂ ਨਹੀਂ ਸਨ ਮਾਰਦੇ। ਜਿਵੇਂ ਅੱਜ ਦੇ ਸਿਆਸੀ ਨੇਤਾ ਕੁਰਸੀ ਦੀ ਦੌੜ ਲਈ ਕਪੜਿਆਂ ਦੀ ਤਰ੍ਹਾਂ ਨਿੱਤ ਨਵੀਆਂ ਪਾਰਟੀਆਂ ਬਦਲ ਰਹੇ ਹਨ। ਸਮਝਦਾਰ ਲੋਕੋ ਬੁੱਧੀਜੀਵੀਓ ਉਠੋ 'ਤੇ ਜਾਗੋ ਤੁਹਾਡੇ ਸਾਰਿਆਂ ਵਲੋਂ ਸਰਕਾਰ 'ਤੇ ਦਬਾਓ ਬਣਾਇਆ ਜਾਵੇ ਕਿ ਪਾਰਟੀ ਬਦਲਣ ਵਾਲੇ ਕਿਸੇ ਵੀ ਨੇਤਾ ਅਤੇ ਵਰਕਰ ਨੂੰ ਕੋਈ ਵੀ ਸਿਆਸੀ ਪਾਰਟੀ 10-15 ਸਾਲ ਤੱਕ ਉਸ ਨੂੰ ਕਿਸੇ ਵੀ ਕਿਸਮ ਦਾ ਪਾਰਟੀ ਅਤੇ ਸਰਕਾਰ ਵਿੱਚ ਕੋਈ ਵੀ ਅਹੁਦਾ ਨਾ ਦਿੱਤਾ ਜਾ ਸਕੇ।

ਪੰਜਾਬ ਪੰਜਾਬੀ ਪੰਜਾਬੀਅਤ ਅਤੇ ਪੰਜਾਬੀਆਂ ਦਾ ਸੱਚਮੁਚ ਹੀ ਬਿਨਾ ਕਿਸੇ ਸਿਆਸੀ ਲੋਭ ਲਾਲਚ ਦਾ ਲਾਹਾ ਲੈਣ ਤੋਂ ਦਰਦ ਰੱਖਣ ਵਾਲੇ ਸਮਝਦਾਰ ਲੋਕੋ ਬੁੱਧੀਜੀਵੀਓ ਹੁਣ ਸਮਾਂ ਆ ਗਿਆ ਹੈ ਜਾਗਣ ਦਾ ਜਾਗ ਜਾਵੋ ..! ਤੁਸੀ ਸਾਰੇ ਹੀ ਬਹੁਤ ਗੰਭੀਰਤਾ ਭਰੀ ਤਿਆਰੀ ਨਾਲ ਬਿਨਾ ਅਕਾਵ ਥਕਾਵ ਤੋਂ ਉਨ੍ਹਾਂ ਦਾ ਭਲਾ ਕਰਨ ਲਈ ਸਾਰਿਆਂ ਨੂੰ ਸਮਝਾਓ। ਤੁਸੀ ਸਾਰੇ ਹੀ ਪੰਜਾਬੀ ਇਨ੍ਹਾਂ ਸਾਰੀਆਂ ਹੀ ਸਿਆਸੀ ਪਾਰਟੀਆਂ ਦੀਆਂ ਮੁਫਤ ਵਿੱਚ ਮਿਲਣ ਵਾਲੀਆਂ ਸਹੂਲਤਾਂ ਵਾਰੇ ਲੱਛੇਦਾਰ ਤਕਰੀਰਾਂ ਸੁਣ ਕੇ ਸਵਾਲ ਜਵਾਬ ਕਰੋ। ਉਨ੍ਹਾਂ ਨੂੰ ਕਵੋ ਕਿ ਸਾਨੂੰ ਮੁਫਤ ਵਿੱਚ ਮਿਲਣ ਵਾਲਾ ਕੁਝ ਨਹੀਂ ਚਾਹੀਦਾ। ਜਿਸ ਨਾਲ ਸਾਡੇ ਵਲੋਂ ਸਾਡੇ ਟੈਕਸ ਨਾਲ ਭਰਿਆ ਹੋਇਆ ਖਜਾਨਾ ਖਾਲੀ ਹੋ ਜਾਵੇ।ਜਿਸ ਕਰਕੇ ਅਸੀਂ ਕੇਂਦਰ ਦੇ ਕਰਜੇ ਹੇਠ ਦੱਬ ਜਾਈਏ। ਸਾਨੂੰ ਮੁਫਤ ਵਿੱਚ ਮਿਲਣ ਵਾਲੀ ਬਿਜਲੀ ਨਹੀ ਚਾਹੀਦੀ। ਸਾਨੂੰ ਨਿਰਵਿਘਨ ਲਗਾਤਾਰ ਬਿਜਲੀ ਸਪਲਾਈ ਦੀ ਲੋੜ ਹੈ। ਸਾਨੂੰ ਸਕੂਲਾਂ ਦੀ ਗਿਣਤੀ ਬੇਸ਼ੱਕ ਘੱਟ ਹੋਵੇ ਪਰ ਬੱਚਿਆਂ ਦੀ ਗਿਣਤੀ ਅਤੇ ਵਿਸ਼ਿਆਂ ਦੀ ਗਿਣਤੀ ਮੁਤਾਬਕ ਅਤੇ ਕਲਾਸ ਵਾਈਜ ਅਧਿਆਪਕ ਪੂਰੇ ਹੋਣੇ ਜਰੂਰੀ ਚਾਹੀਦੇ ਹਨ। ਅਧਿਆਪਕਾਂ ਤੋਂ ਸਿਰਫ ਪੜ੍ਹਾਈ ਦਾ ਹੀ ਕੰਮ ਕਰਵਾਇਆ ਜਾਵੇ।

ਮਰਦਮ ਸ਼ੁਮਾਰੀ ਸਮੇਤ ਹੋਰ ਕਈ ਤਰ੍ਹਾਂ ਦੀਆਂ ਡਾਕਾਂ ਇੱਕਠੀਆਂ ਕਰਵਾਉਣੀਆਂ ਸਰਵੇ ਕਰਵਾਉਣੇ ਸੱਭ ਤਰ੍ਹਾਂ ਦੀਆਂ ਫਾਲਤੂ ਵਗਾਰਾਂ ਲੈਣੀਆਂ ਬੰਦ ਕਰਵਾਈਆਂ ਜਾਣ। ਸਿਰਫ 'ਤੇ ਸਿਰਫ ਪੜ੍ਹਾਈ ਕਰਵਾਉਣ ਨੂੰ ਹੀ ਜਰੂਰੀ ਬਣਾਇਆ ਜਾਵੇ।ਫਿਰ ਭਾਵੇਂ ਅਧਿਅਪਕਾਂ ਦੁਆਰਾ ਪੜ੍ਹਾਏ ਬੱਚਿਆਂ ਦੇ ਯੋਗਤਾ ਟੈਸਟ ਹਰ ਤਿੰਨ ਮਹੀਨੇ ਬਾਅਦ ਸਬੰਧਿਤ ਕਮਿਸ਼ਨਰ, ਜਿਲ੍ਹਾ ਅਤੇ ਬਲਾਕ ਪੱਧਰ ਦੇ ਅਫਸਰਾਂ ਤੋਂ ਇਲਾਵਾ ਨੇੜੇ ਦੇ ਹਾਈ 'ਤੇ ਸੀਨੀਅਰ ਸੈਕੰਡਰੀ ਸਕੂਲ ਮੁਖੀਆਂ ਵਲੋਂ ਹਰ ਪ੍ਰਾਇਮਰੀ 'ਤੇ ਮਿਡਲ ਸਕੂਲ ਸਮੇਤ ਹਾਈ ਸਕੂਲਾਂ ਦੀ ਹਰ ਜਮਾਤ ਦੇ ਹਰ ਇੱਕ ਬੱਚੇ ਦਾ ਸਿਖਿਆ ਦਾ ਪੱਧਰ ਚੈੱਕ ਕਰਨ ਲਈ ਵੀ ਭਾਵੇਂ ਕਰਵਾਏ ਜਾਣ। ਕਿਸੇ ਵੀ ਕੌਮ ਦੇ ਨਿਰਮਾਤਾ ਨੂੰ ਕੋਈ ਇਤਰਾਜ ਨਹੀਂ ਹੋਵੇਗਾ। ਪਰ ਸ਼ਰਤ ਇਹ ਕਿ ਗੈਰ ਵਿਦਿਅਕ ਕੰਮ ਅਧਿਅਪਕਾਂ ਤੋਂ ਨਾ ਕਰਵਾਇਆ ਜਾਵੇ। ਇਸ ਸੂਰਤ ਵਿੱਚ ਭਾਵੇਂ ਬੱਚਿਆਂ ਦੇ ਵਿਦਿਅਕ ਟੈਸਟ ਦਾ ਸਾਰਾ ਵੇਰਵਾ ਸਕੂਲ ਦੀ ਵਿਜਟ ਬੁਕ ਅਤੇ ਲੌਗ ਬੁਕ ਵਿੱਚ ਵੀ ਦਰਜ ਕਰਨ ਦਾ ਕਿਸੀ ਨੂੰ ਕੋਈ ਵੀ ਇਤਰਾਜ ਨਹੀਂ ਹੋਵੇਗਾ।ਇਸ ਨਾਲ ਤਾਂ ਸਗੋਂ ਪੰਜਾਬ ਦੇ ਵਿਦਿਆ ਵਿਭਾਗ ਦਾ ਥੱਲੇ ਡਿੱਗ ਰਿਹਾ ਵਿਦਿਆ ਦਾ ਮਿਆਰ ਹੋਰ ਵੀ ਉੱਚਾ ਹੋ ਸਕੇਗਾ।

ਇਸ ਤੋਂ ਇਲਾਵਾ ਹਰ ਇੱਕ ਲਈ ਵੱਧੀਆ ਸਿਹਤ ਸਹੂਲਤਾਂ ਮਿਲਣੀਆਂ ਜਰੂਰੀ ਬਣਾਇਆ ਜਾਵੇ। ਸਰਕਾਰੀ ਦਫਤਰਾਂ ਵਿੱਚ ਬੈਠੇ ਅਫਸਰਾਂ ਸਮੇਤ ਕਰਮਚਾਰੀਆਂ ਨੂੰ ਭ੍ਰਿਸ਼ਟਾਚਾਰ ਅਤੇ ਰਿਸ਼ਵਤ ਖੋਰੀ ਕਰਨ 'ਤੇ ਨੌਕਰੀਓ ਬਾਹਰ ਕੀਤਾ ਜਾਵੇ। ਸਾਡੇ ਪੜ੍ਹੇ ਲਿਖੇ ਬੱਚਿਆਂ ਨੂੰ ਰੁਜਗਾਰ ਦਿੱਤੇ ਜਾਣ ਦੀ ਪੂਰੀ ਗਰੰਟੀ ਦਿੱਤੀ ਜਾਵੇ।ਕਿਸਾਨਾਂ ਦੀ ਹਰ ਫਸਲ ਦੇ ਘੱਟੋ-ਘੱਟ ਸਮਰਥਨ ਮੁੱਲ ਅਨੁਸਾਰ ਖਰੀਦ ਦੀ ਪੂਰੀ ਗਰੰਟੀ ਦਾ ਵਿਕਲਪ ਹੋਵੇ।ਮਜਦੂਰਾਂ ਦੀ ਮਜਦੂਰੀ ਦੇ ਦਿਹਾੜੀ ਰੇਟ ਪੱਕੇ ਫਿਕਸ ਹੋਣੇ ਚਾਹੀਦੇ ਹਨ। ਕੁਦਰਤੀ ਆਫਤਾ ਦੁਆਰਾ ਫਸਲਾਂ ਦੇ ਹੋਏ ਨੁਕਸਾਨ ਤੋਂ ਇਲਾਵਾ ਮਜਦੂਰਾਂ ਦੇ ਹੋਏ ਨੁਕਸਾਨ ਦੀ ਭਰਪਾਈ ਲਈ ਫਸਲੀ ਬੀਮਾਂ ਸਕੀਮਾਂ ਲਾਗੂ ਕੀਤੀਆਂ ਜਾਣ। ਇਸ ਸੱਭ ਕੁੱਝ ਲਈ ਕਿਸੇ ਵੀ ਸਿਆਸੀ ਪਾਰਟੀ ਨੇ ਕੁੱਝ ਨਹੀ ਕਰਨਾ।

ਉਨ੍ਹਾਂ ਤਾਂ ਸਾਨੂੰ ਭਰਮਾ ਕੇ ਮੂਰਖ ਬਣਾ ਕੇ ਸਤਾ ਖਾਤਰ ਇੱਕ ਸਿਆਸੀ ਪਾਰਟੀ ਤੋਂ ਦੂਜੀ ਸਿਆਸੀ ਪਾਰਟੀ ਵਿੱਚ ਵੜਨ ਲਈ ਇਧਰ ਉਧਰ ਟਪੂਸੀਆਂ ਮਾਰ ਸਤਾ ਵਾਲੀਆਂ ਕੁਰਸੀਆਂ ਹੀ ਹੱਥਿਆਉਣੀਆਂ ਹਨ। ਇਸ ਸੱਭ ਕੁੱਝ ਨੂੰ ਬੰਦ ਕਰਵਾਉਣ ਲਈ ਸਾਨੂੰ ਆਪ ਹਿੰਮਤ ਕਰਕੇ ਸਾਰੇ ਲੋਕਾਂ ਨੂੰ ਸੱਭ ਕੁੱਝ ਦਸਣਾ ਪਏਗਾ।ਹੁਣ ਮੌਕਾ ਆ ਗਿਆ ਹੈ ਕਿ ਉਹ ਸਾਨੂੰ ਸਾਰਿਆਂ ਨੂੰ ਸਮਝਣ ਦਾ। ਹੁਣ ਸਮਝਣਾ ਨਾ ਸਮਝਣਾ ਸਾਡੀ ਤੁਹਾਡੀ ਸਾਰਿਆਂ ਦੀ ਮਰਜੀ ਹੈ।ਬਾਅਦ ਵਿੱਚ ਪਛਤਾਵਾ ਕਰਕੇ ਕਿਸੇ 'ਤੇ ਗਿਲਾ ਵੀ ਨਾ ਕਰਿਓ।


# ਪੁਸਤਕ ਸਮੀਖਿਆ

**ਭੂੰਡੀ ਉਡ ਗਈ**
**ਰਿਵਿਊਕਾਰ: ਬਲਜਿੰਦਰ ਮਾਨ 98150 18947**
**ਕਵੀ: ਜੋਗੇ ਭੰਗਲ**
**ਪ੍ਰਕਾਸ਼ਕ: ਲੋਕ ਗੀਤ ਪ੍ਰਕਾਸ਼ਨ ਮੋਹਾਲੀ,**
**ਪੰਨੇ: 44, ਮੁੱਲ: 100 ਰੁਪਏ**

ਜੋਗੇ ਭੰਗਲ ਸਾਹਿਤ ਜਗਤ ਵਿੱਚ ਪਿਛਲੇ ਤਿੰਨ ਚਾਰ ਦਹਾਕਿਆਂ ਤੋਂ ਸਰਗਰਮ ਭੂਮਿਕਾ ਅਦਾ ਕਰ ਰਿਹਾ ਹੈ। ਕਵਿਤਾ ਕਹਾਣੀ ਇਹ ਇਕਾਂਗੀ ਸਮੇਤ ਸਾਹਿਤ ਦੀਆਂ ਕਈ ਹੋਰ ਸਿਨਫਾਂ ਤੇ ਉਸ ਨੇ ਬੜਾ ਸ਼ਾਨਦਾਰ ਕਾਰਜ ਕੀਤਾ ਹੈ। ਹੁਣ ਤੱਕ ਉਸਦੀਆਂ ਇੱਕ ਦਰਜਨ ਦੇ ਕਰੀਬ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਸਾਹਿਤਕ ਖੇਤਰ ਵਿੱਚ ਉਹ ਇੱਕ ਵਿਲੱਖਣ ਥਾਂ ਰੱਖਦਾ ਹੈ। ਹਥਲੀ ਪੁਸਤਕ 'ਭੂੰਡੀ ਉਡ ਗਈ' ਨਾਲ ਉਸਨੇ ਬਾਲ ਸਾਹਿਤ ਦੇ ਖੇਤਰ ਵਿੱਚ ਵੀ ਦਾਖਲਾ ਲੈ ਲਿਆ ਹੈ। ਉਹ ਕੁਝ ਸਾਲ ਪਹਿਲਾਂ ਨਿੱਕੀਆਂ ਕਰੂੰਬਲਾਂ ਬਾਲ ਰਸਾਲੇ ਵਿੱਚ ਆਪਣੀਆਂ ਕਾਵਿ ਕਹਾਣੀਆਂ ਪ੍ਰਕਾਸ਼ਿਤ ਕਰਵਾਉਂਦਾ ਰਿਹਾ। ਪਰ ਪੁਸਤਕ ਰੂਪ ਵਿੱਚ ਬਹੁਤ ਦੇਰ ਬਾਅਦ ਹਾਜ਼ਰ ਹੋਏ ਹਨ। ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਉਹੀ ਬਾਲ ਪੁਸਤਕ ਬੱਚਿਆਂ ਨੂੰ ਆਕਰਸ਼ਿਤ ਕਰਦੀ ਹੈ ਜਿਸ ਵਿੱਚ ਉਹਨਾਂ ਦੇ ਹਾਣ ਦੀਆਂ ਅਤੇ ਉਹਨਾਂ ਦੇ ਆਲੇ ਦੁਆਲੇ ਬਾਰੇ ਗੱਲਾਂ ਕੀਤੀਆਂ ਗਈਆਂ ਹੋਣ। ਕਵਿਤਾ ਦੀ ਖਾਸੀਅਤ ਇਹ ਹੋਵੇ ਕਿ ਉਹ ਛੰਦ ਬੰਦ ਹੋਵੇ। ਲੈਵਬੰਦ ਕਵਿਤਾ ਨੂੰ ਪੜ੍ਹਦੇ ਪੜ੍ਹਦੇ ਬੱਚੇ ਗੁਣ ਗਣਾਉਣ ਲੱਗ ਪੈਂਦੇ ਹਨ। ਅਜਿਹੇ ਗੁਣਾਂ ਨਾਲ ਭਰਪੂਰ ਇਹ 18 ਕਾਵਿ ਕਹਾਣੀਆਂ ਦਾ ਸੰਗ੍ਰਹਿ ਹੈ।

ਜੋਗੇ ਭੰਗਲ ਨੇ ਇਸ ਕਾਵਿ ਕਹਾਣੀ ਸੰਗ੍ਰਹਿ ਵਿੱਚ ਜਿੱਥੇ ਦੇਸ਼ ਵਿਦੇਸ਼ ਦੇ ਬੱਚਿਆਂ ਨੂੰ ਆਪਣੇ ਕਲਾਵੇ ਵਿੱਚ ਲੈਣ ਦਾ ਯਤਨ ਕੀਤਾ ਹੈ ਉੱਥੇ ਬਾਲ ਮਾਨਸਿਕਤਾ ਦੀਆਂ ਡੂੰਘੀਆਂ ਪਰਤਾਂ ਵੀ ਫਰੋਲੀਆਂ ਹਨ। ਪੋਤੇ ਨਾਲ ਆਪਣੇ ਪਿਆਰ ਨੂੰ ਪਹਿਲੀ ਕਹਾਣੀ ਭੂੰਡੀ ਉਡ ਗਈ ਵਿੱਚ ਪੇਸ਼ ਕੀਤਾ ਗਿਆ ਹੈ। ਇਹ ਤਾਂ ਅਸੀਂ ਸਭ ਜਾਣਦੇ ਹਾਂ ਕਿ ਬਾਬੇ ਤੇ ਪੋਤੇ ਦਾ ਸਬੰਧ ਸਭ ਤੋਂ ਗੂੜਾ ਹੁੰਦਾ ਹੈ। ਤੇ ਫਿਰ ਵਿਛੋੜੇ ਦਾ ਦਰਦ ਵੀ ਅਵੱਲਾ ਹੀ ਹੋਣਾ ਹੈ। ਕੁਝ ਹੋਰ ਕਾਵਿ ਕਹਾਣੀਆਂ ਵਿੱਚ ਬਚਪਨ ਦੀਆਂ ਖੇਡਾਂ ਅਤੇ ਬਚਪਨ ਦੀਆਂ ਯਾਦਾਂ ਨੂੰ ਬੜੇ ਹੀ ਰੌਚਕ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਪੰਜਾਬ ਵਿੱਚ ਵਸਦੇ ਪਰਵਾਸੀਆਂ ਕਾਰਨ ਪੰਜਾਬ ਵਿਚ ਆ ਰਹੇ ਭਾਸ਼ਾਈ, ਸੱਭਿਆਚਾਰਕ, ਆਰਥਿਕ ਅਤੇ ਰਾਜਸੀ ਪਰਿਵਰਤਨਾਂ ਤੇ ਚਿੰਤਾ ਜ਼ਾਹਰ ਕੀਤੀ ਗਈ ਹੈ। ਪੰਜਾਬ ਵਿਚ ਵਸ ਰਹੇ ਇਕ ਨਵੇਨ ਦੇਸ ਦੀ ਬਾਤ 'ਨਵਾਂ ਦੇਸ਼ ਕੋਈ ਵਸਣ ਲੱਗਾ' ਵਿੱਚ ਕੀਤੀ ਗਈ ਹੈ। ਇਹ ਕਵਿਤਾਵਾਂ ਸਾਡੇ ਬਾਲ ਜੀਵਨ ਦੇ ਨਾਲ ਨਾਲ ਆਮ ਜਨ ਜੀਵਨ ਨੂੰ ਵੀ ਪੇਸ਼ ਕਰਦੀਆਂ ਹਨ। ਸਮਾਜ ਵਿੱਚ ਆ ਰਹੇ ਪਰਿਵਰਤਨਾ ਅਤੇ ਬੱਚਿਆਂ ਦੁਆਰਾ ਮਾਰੀਆਂ ਜਾ ਰਹੀਆਂ ਨਵੀਆਂ ਉਡਾਰੀਆਂ ਦਾ ਜ਼ਿਕਰ ਬੜਾ ਪ੍ਰੇਰਨਾਦਾਇਕ ਹੈ।

'ਮੈਂ ਦਰਿਆ ਹਾਂ' ਨਾਮੀ ਕਵਿਤਾ ਸਾਨੂੰ ਜਲ ਸੰਕਟ ਅਤੇ ਇਸ ਦੀ ਦੁਰਵਰਤੋਂ ਪ੍ਰਤੀ ਸੁਚੇਤ ਕਰਦੀ ਹੈ। ਬੱਚਿਆਂ ਦੀ ਸੋਚ ਨੂੰ ਨਰੋਆ ਅਤੇ ਵਹਿਮਾਂ ਭਰਮਾਂ ਦਾ ਤਿਆਗ ਕਰਨ ਦਾ ਸੁਨੇਹਾ ਵੀ ਇਹਨਾਂ ਕਹਾਣੀਆਂ ਵਿੱਚੋਂ ਮਿਲਦਾ ਹੈ। ਪਰਿਵਾਰ ਵਿੱਚ ਬੱਚਿਆਂ ਦੀਆਂ ਕਿਲਕਾਰੀਆਂ ਪਰਿਵਾਰਿਕ ਮਾਹੌਲ ਨੂੰ ਚਾਰ ਚੰਨ ਲਾਉਂਦੀਆਂ ਹਨ। ਦਾਦਾ ਦਾਦੀ ਆਪਣੇ ਪੋਤੇ ਪੋਤੀਆਂ ਨਾਲ ਖੇਡਦੇ ਸੰਤੁਸ਼ਟੀ ਪ੍ਰਾਪਤ ਕਰਦੇ ਹਨ। ਇਹਨਾਂ ਕਾਵਿ ਕਹਾਣੀਆਂ ਰਾਹੀਂ ਜਿੱਥੇ ਸਾਨੂੰ ਪੁਰਾਤਨ ਸਮੇਂ ਦੇ ਪਸ਼ੂ ਪੰਛੀਆਂ ਅਤੇ ਲੋਕ ਵਰਤਾਰਿਆਂ ਬਾਰੇ ਜਾਣਕਾਰੀ ਮਿਲਦੀ ਹੈ ਉੱਥੇ ਆਧੁਨਿਕ ਜੀਵਨ ਵਿਚ ਆਈਆਂ ਤਬਦੀਲੀਆਂ ਦੇ ਵੀ ਦਰਸ਼ਨ ਹੁੰਦੇ ਹਨ। ਜੋਗੇ ਭੰਗਲ ਦੀ ਬਾਲ ਸਾਹਿਤ ਦੀ ਪਹਿਲੀ ਪੁਸਤਕ ਹੋਣ ਕਰਕੇ ਕੁਝ ਥਾਵਾਂ ਤੇ ਭਾਰੇ ਸ਼ਬਦਾਂ ਦਾ ਪ੍ਰਯੋਗ ਰੜਕਦਾ ਹੈ। ਇਥੋਂ ਤੱਕ ਕਿ ਅੰਗਰੇਜ਼ੀ ਦੇ ਵਰਤੇ ਗਏ ਸ਼ਬਦ ਵੀ ਪੰਜਾਬੀ ਭਾਸ਼ਾ ਦੇ ਠੁੱਕ ਨੂੰ ਢਾਹ ਲਾਉਂਦੇ ਹਨ। ਫਿਰ ਵੀ ਇਹ ਕਹਾਣੀਆਂ ਬੱਚਿਆਂ ਅਤੇ ਵੱਡਿਆਂ ਲਈ ਰਾਹ ਦਸੇਰੇ ਦਾ ਕੰਮ ਕਰਦੀਆਂ ਹਨ। ਮੈਨੂੰ ਉਮੀਦ ਹੈ ਕਿ ਜੋਗੇ ਭੰਗਲ ਅਗਲੀ ਪੁਸਤਕ ਵਿੱਚ ਹੋਰ ਵੀ ਰੌਚਕ ਅਤੇ ਸਮੇਂ ਦੀਆਂ ਹਾਣੀ ਕਹਾਣੀਆਂ ਲੈ ਕੇ ਪੇਸ਼ ਹੋਣਗੇ।



# ਜਰਖੜ ਵਿਖੇ ਓਲੰਪੀਅਨ ਪ੍ਰਿਥੀਪਾਲ ਹਾਕੀ ਫੈਸਟੀਵਲ ਦਾ ਦੂਜਾ ਦਿਨ

## ਚਚਰਾੜੀ, ਜਰਖੜ ਹਾਕੀ ਅਕੈਡਮੀ, ਏਕ ਨੂਰ ਅਕੈਡਮੀ ਤਹਿੰਗ ਵੱਲੋਂ ਜੇਤੂ ਸ਼ੁਰੂਆਤ





**ਲੁਧਿਆਣਾ–** ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਪਿੰਡ ਜਰਖੜ ਵੱਲੋਂ ਕਰਵਾਏ ਜਾ ਰਹੇ 14ਵੇਂ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ ਦੂਜੇ ਦਿਨ ਅੱਜ ਜਿੱਥੇ ਜੂਨੀਅਰ ਵਰਗ ਵਿੱਚ ਚਚਰਾੜੀ , ਜਰਖੜ ਹਾਕੀ ਅਕੈਡਮੀ ਵੱਲੋਂ ਆਪਣੀ ਜੇਤੂ ਸ਼ੁਰੂਆਤ ਕੀਤੀ ਗਈ ਉੱਥੇ ਸੀਨੀਅਰ ਵਰਗ ਵਿੱਚ ਏਕ ਨੂਰ ਅਕੈਡਮੀ ਤੇ ਜਰਖੜ ਹਾਕੀ ਅਕੈਡਮੀ ਨੇ ਵੀ ਆਪਣੇ ਪਹਿਲੇ ਮੈਚ ਵਿੱਚ ਜੇਤੂ ਮੋਰਚਾ ਫਤਿਹ ਕੀਤਾ।

ਮਾਤਾ ਸਾਹਿਬ ਕੌਰ ਖੇਡ ਕੰਪਲੈਕਸ ਜਰਖੜ ਵਿਖੇ ਫਲੱਡ ਲਾਈਟਾਂ ਦੀ ਰੋਸ਼ਨੀ ਵਿੱਚ ਖੇਡੇ ਜਾ ਰਹੇ ਰਾਜ ਪਧਰੀ ਓਲੰਪੀਅਨ ਪ੍ਰਿੰਥੀਪਲ ਹਾਕੀ ਫੈਸਟੀਵਲ ਦੇ ਦੂਜੇ ਦਿਨ ਗੁਰੂ ਤੇਗ ਬਹਾਦਰ ਅਕੈਡਮੀ ਚਚਰਾੜੀ ਨੇ ਘਵੱਦੀ ਸਕੂਲ ਨੂੰ 6-2 ਗੋਲਾਂ ਨਾਲ ਹਰਾਇਆ। ਚਚਰਾੜੀ ਦਾ ਪ੍ਰਭਜੋਤ ਸਿੰਘ ਹੀਰੋ ਆਫ ਦਾ ਮੈਚ ਬਣਿਆ ਜਦ ਕਿ ਦੂਸਰੇ ਜੂਨੀਅਰ ਵਰਗ ਦੇ ਮੈਚ ਵਿੱਚ ਜਰਖੜ ਹਾਕੀ ਅਕੈਡਮੀ ਨੇ ਏਕ ਨੂਰ ਅਕੈਡਮੀ ਨੂੰ 3-0 ਨਾਲ ਹਰਾਇਆ ਜਰਖੜ ਹਾਕੀ ਅਕੈਡਮੀ ਦਾ ਗੋਲਕੀਪਰ ਦਿਲਪ੍ਰੀਤ ਸਿੰਘ ਹੀਰੋ ਆਫ ਦਾ ਮੈਚ ਬਣਿਆ। ਸੀਨੀਅਰ ਵਰਗ ਦੇ ਵਿੱਚ ਬਹੁਤ ਹੀ ਫਸਵੇਂ ਅਤੇ ਸੰਘਰਸ਼ ਪੂਰਨ ਮੁਕਾਬਲੇ ਵਿੱਚ ਜਰਖੜ ਹਾਕੀ ਅਕੈਡਮੀ ਨੇ ਡਾਕਟਰ ਕੁਲਦੀਪ ਸਿੰਘ ਕਲੱਬ ਮੋਗਾ ਨੂੰ 3-2 ਨਾਲ ਮਾਤ ਦਿੱਤੀ । ਜਰਖੜ ਹਾਕੀ ਅਕੈਡਮੀ ਦਾ ਰੋਬਿਨ ਕੁਮਾਰ ਹੀਰੋ ਆਫ ਦਾ ਮੈਚ ਬਣਿਆ। ਆਖਰੀ ਲੀਗ ਮੈਚ ਵਿੱਚ ਸੀਨੀਅਰ ਵਰਗ ਵਿੱਚ ਏਕ ਨੂਰ ਅਕੈਡਮੀ ਤੇਹਿੰਗ ਨੇ ਸਟਿਕ ਸਟਾਰ ਬੇਕਰ-ਜਫੀਲਡ ਕੈਲੀਫੋਰਨੀਆ ਨੂੰ ਵੱਡਾ ਉਲਟ ਫੇਰ ਕਰਦੇ ਆਂ 6-5 ਨਾਲ ਹਰਾਇਆ । ਏਕ ਨੂਰ ਅਕੈਡਮੀ ਦਾ ਪ੍ਰਿੰਸ ਹੀਰੋ ਆਫ ਦਾ ਮੈਚ ਬਣਿਆ।

ਅੱਜ ਦੇ ਮੈਚਾਂ ਦੌਰਾਨ ਸਰਦਾਰ ਰਘਵੀਰ ਸਿੰਘ ਖਾਨਪੁਰ ਅਮਰੀਕਾ , ਹਰਦੀਪ ਸਿੰਘ ਸੈਣੀ ਰੇਲਵੇ ਅਤੇ ਉੱਘੇ ਸਮਾਜ ਸੇਵੀ ਹਰਨੇਕ ਸਿੰਘ ਭੱਪ ਨੇ ਮੁੱਖ ਮਹਿਮਾਨ ਵਜੋਂ ਖਿਡਾਰੀਆਂ ਦੇ ਨਾਲ ਜਾਣ ਪਹਿਚਾਣ ਕੀਤੀ। ਇਸ ਮੌਕੇ ਪਰਮਜੀਤ ਸਿੰਘ ਨੀਟੂ, ਕੁਲਦੀਪ ਸਿੰਘ ਘਵੱਦੀ, ਗੁਰਸਤਿੰਦਰ ਸਿੰਘ ਪ੍ਰਗਟ, ਪਰਮ ਗਰੇਵਾਲ ਗਿੱਲ , ਸ਼ਿੰਗਾਰਾ ਸਿੰਘ ਜਰਖੜ, ਤਜਿੰਦਰ ਸਿੰਘ ਜਰਖੜ, ਸੰਦੀਪ ਸਿੰਘ ਪੰਧੇਰ, ਸਾਬੀ ਜਰਖੜ, ਗੁਰਵਿੰਦਰ ਸਿੰਘ ਕਿਲਾ ਰਾਇਪੁਰ, ਰੁਪਿੰਦਰ ਸਿੰਘ ਗਿੱਲ ਸਮਰਾਲਾ ਬਾਬਾ ਰੁਲਦਾ ਸਿੰਘ ਸਾਇਆਂ ਕਲਾਂ ਅਤੇ ਇਲਾਕੇ ਦੀਆਂ ਹੋਰ ਉੱਘੀਆਂ ਸ਼ਖਸੀਅਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਆਏ ਮਹਿਮਾਨਾਂ ਨੂੰ ਜੀ ਆਇਆ ਆਖਦਿਆ ਦੱਸਿਆ ਕਿ ਹੁਣ ਇਸ ਹਾਕੀ ਫੈਸਟੀਵਲ ਦੇ ਅਗਲੇ ਗੇੜ ਦੇ ਮੁਕਾਬਲੇ 11 ਅਤੇ 12 ਮਈ ਨੂੰ ਖੇਡੇ ਜਾਣਗੇ।

# 14ਵਾਂ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ 2024 ਦਾ ਹੋਇਆ ਸਾਨਾਮੱਤਾ ਆਗਾਜ



**ਲੁਧਿਆਣਾ–** ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਪਿੰਡ ਜਰਖੜ ਵੱਲੋਂ ਕਰਵਾਏ ਜਾ ਰਹੇ ਜਰਖੜ ਖੇਡਾਂ ਦੀ ਕੜੀ ਦੇ ਹਿੱਸੇ ਵਜੋਂ 14ਵਾਂ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਟੂਰਨਾਮੈਂਟ ਦਾ ਬੀਤੀ ਰਾਤ ਜਰਖੜ ਖੇਡ ਸਟੇਡੀਅਮ ਵਿਖੇ ਸਾਨਾਮੱਤਾ ਆਗਾਜ ਹੋਇਆ। ਇਸ ਫੈਸਟੀਵਲ ਵਿੱਚ ਸੀਨੀਅਰ ਅਤੇ ਸਬ ਜੂਨੀਅਰ ਵਰਗ ਦੀਆਂ 16 ਟੀਮਾਂ ਹਿੱਸਾ ਲੈ ਰਹੀਆਂ ਹਨ।

ਟੂਰਨਾਮੈਂਟ ਦਾ ਉਦਘਾਟਨ ਉੱਘੇ ਸਨਤਕਾਰ ਸ੍ਰੀ ਸੰਜੂ ਧੀਰ ਅਤੇ ਜੜਖੜ ਖੇਡਾਂ ਦੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ ਨੇ ਕੀਤਾ। ਇਸ ਮੌਕੇ ਆਏ ਮਹਿਮਾਨਾਂ ਨੇ ਗਵਾਰੇ ਉਡਾ ਕੇ ਟੂਰਨਾਮੈਂਟ ਦੀ ਸ਼ੁਰੂਆਤ ਕੀਤੀ । ਇਸ ਮੌਕੇ ਸ੍ਰੀ ਸੰਜੂ ਧੀਰ ਨੇ ਜਰਖੜ ਹਾਕੀ ਅਕੈਡਮੀ ਨੂੰ 2 ਲੱਖ ਰੁਪਏ ਦੇ ਵਿੱਤੀ ਸਹਾਇਤਾ ਅਤੇ ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰਾ ਨੇ 50 ਹਜਾਰ ਰੁਪਏ ਦੀ ਕਣਕ ਲੈ ਕੇ ਦਿੱਤੀ। ਇਸ ਮੌਕੇ ਰਾਜਸੀ ਨੇਤਾ ਦੀਪੂ ਘਈ, ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰਾ, ਪਰਮਜੀਤ ਸਿੰਘ ਨੀਟੂ, ਪ੍ਰੋਫੈਸਰ ਰਜਿੰਦਰ ਸਿੰਘ ਖਾਲਸਾ ਕਾਲਜ, ਹਰਦੀਪ ਸਿੰਘ ਸੈਣੀ ਰੇਲਵੇ, ਮਨਜਿੰਦਰ ਸਿੰਘ ਇਆਲੀ ਠਾਕਰ ਜੀਤ ਸਿੰਘ ਦਾਦ, ਸ਼ਿੰਗਾਰਾ ਸਿੰਘ ਜਰਖੜ ਤਜਿੰਦਰ ਸਿੰਘ ਜਰਖੜ, ਗੁਰ ਸਤਿੰਦਰ ਸਿੰਘ ਪਰਗਟ, ਸਿੰਘ ਜਰਖੜ, ਗੁਰਵਿੰਦਰ ਸਿੰਘ ਕਿਲਾ ਰਾਇਪੁਰ, ਮਨਦੀਪ ਸਿੰਘ ਜਰਖੜ ਆਦਿ ਇਲਾਕੇ ਦੀਆਂ ਹੋਰ




ਪੰਮਾ ਗਰੇਵਾਲ, ਸਾਬੀ ਜਰਖੜ ਬਲਾਕ ਪ੍ਰਧਾਨ ਆਪ, ਅਜੀਤ ਸਿੰਘ ਲਾਂਦੀਆਂ, ਸਤਵਿੰਦਰ ਸਿੰਘ ਬੱਗਾ ਬਿੱਟੂ, ਕੁਲਦੀਪ ਸਿੰਘ ਘਵੱਦੀ ਪ੍ਰਧਾਨ ਸਪੋਰਟਸ ਹਲਕਾ ਗਿੱਲ ਆਮ ਆਦਮੀ ਪਾਰਟੀ, ਰਜਿੰਦਰ ਸਿੰਘ ਜਰਖੜ, ਜਗਦੇਵ ਸ਼ਖਸੀਅਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਅੱਜ ਖੇਡੇ ਗਏ ਮੈਚਾਂ ਵਿੱਚ ਸੀਨੀਅਰ ਵਰਗ ਵਿੱਚ ਐਚਟੀਸੀ ਰਾਮਪੁਰ ਨੇ ਯੰਗ ਕਲੱਬ ਓਟਾਲਾ ਨੂੰ 8-3 ਗੋਲਾਂ ਨਾਲ ਹਰਾਇਆ। ਰਾਮਪੁਰ ਦਾ ਗੋਲਕੀਪਰ ਕਿਰਨਦੀਪ ਸਿੰਘ "ਹੀਰੋ ਆਫ ਦਾ ਮੈਚ" ਬਣਿਆ। ਦੂਜੇ ਮੈਚ ਵਿੱਚ ਸਪੋਰਟ ਸੈਂਟਰ ਕਿਲਾ ਰਾਇਪਰ ਨੇ ਅਮਰਗੜ੍ਹ ਨਾਲ ਨਿਰਧਾਰਤ ਸਮੇਂ ਤੱਕ 5-5 ਗੋਲਾਂ ਦੀ ਬਰਾਬਰੀ ਤੋਂ ਬਾਅਦ ਪਨੈਲਟੀ ਸਊਟ ਆਊਟ ਵਿੱਚ 4-3 ਨਾਲ ਮੈਚ ਜਿੱਤਿਆ ਕਿਲਾ ਰਾਏਪੁਰ ਦਾ ਗੋਲਕੀਪਰ ਅਟਲ ਦੇਵ ਚਾਹਲ ਨੇ ਹੀਰੋ ਆਫ ਦਾ ਮੈਚ ਦਾ ਐਵਾਰਡ ਜਿੱਤਿਆ ਜੂਨੀਅਰ ਵਰਗ ਵਿੱਚ ਰਾਮਪੁਰ ਸੈਂਟਰ ਨੇ ਭਵਾਨੀਗੜ੍ਹ ਨੂੰ 6-3 ਗੋਲਾਂ ਨਾਲ ਹਰਾਇਆ। ਰਾਮਪੁਰ ਦੇ ਗੁਰਕੀਰਤ ਸਿੰਘ ਨੂੰ ਹੀਰੋ ਆਫ ਦਾ ਮੈਚ ਵਜੋਂ ਸਨਮਾਨਿਆ ਜਦ ਕਿ ਦੂਸਰੇ ਮੈਚ ਵਿੱਚ ਰਾਮਪੁਰ ਛੰਨਾ ਮਲੇਰਕੋਟਲਾ ਨੇ ਕਿਲਾ ਰਾਇਪੁਰ ਹਾਕੀ ਸੈਂਟਰ ਨੂੰ 5-3 ਨਾਲ਼ ਹਰਾ ਕੇ ਪਹਿਲੀ ਜਿੱਤ ਹਾਸਿਲ ਕੀਤੀ ਰਾਮਪੁਰ ਦਾ ਰਣਵੀਰ ਸਿੰਘ ਸਿੰਘ ਹੀਰੋ ਆਫ ਦਾ ਮੈਚ ਬਣਿਆ।

ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਲੀਗ ਦੇ ਮੈਚ ਹਰ ਸਨਿਚਰਵਾਰ ਅਤੇ ਐਤਵਾਰ ਨੂੰ ਸ਼ਾਮ 5 ਵਜੇ ਤੋਂ ਰਾਤ 9 ਵਜੇ ਤੱਕ ਖੇਡੇ ਖੇਡੇ ਜਾਇਆ ਕਰਨਗੇ, ਜਦਕਿ ਇਸ ਲੀਗ ਦਾ ਫਾਈਨਲ ਮੁਕਾਬਲਾ 9 ਜੂਨ ਨੂੰ ਖੇਡਿਆ ਜਾਵੇਗਾ।

# ਜਗਰੂਪ ਸਿੰਘ ਜਰਖੜ ਨੂੰ ਆਮ ਆਦਮੀ ਪਾਰਟੀ ਦੇ ਸਟੇਟ ਵਾਈਸ ਪ੍ਰੈਜੀਡੈਂਟ ਬਣਨ ਤੇ ਮੁਬਾਰਕਾਂ

**ਲੁਧਿਆਣਾ (ਜਸਪਾਲ ਕੁਮਾਰ ਆਜਾਦ)–** ਆਮ ਆਦਮੀ ਪਾਰਟੀ ਪੰਜਾਬ ਵੱਲੋਂ ਉੱਘੇ ਖੇਡ ਪ੍ਰਮੋਟਰ, ਖੇਡ ਲੇਖਕ ਅਤੇ ਪਾਰਟੀ ਨਾਲ ਲੰਬੇ ਸਮੇਂ ਤੋਂ ਜੁੜੇ ਪਾਰਟੀ ਪ੍ਰਤੀ ਸਮਰਪਿਤ ਆਗੂ ਜਗਰੂਪ ਸਿੰਘ ਜਰਖੜ ਨੂੰ ਸਟੇਟ ਵਾਈਸ ਪ੍ਰੈਜੀਡੈਂਟ ਸਪੋਰਟਸ ਵਿੰਗ ਬਣਾਉਣ ਤੇ ਪਾਰਟੀ ਦੇ ਕੌਮੀ ਜਨਰਲ ਸਕੱਤਰ ਸੰਦੀਪ ਪਾਠਕ, ਸਟੇਟ ਪ੍ਰਧਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਵਰਕਿੰਗ ਸਟੇਟ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ, ਹਲਕਾ ਗਿੱਲ ਦੇ ਵਿਧਾਇਕ ਜੀਵਨ ਸਿੰਘ ਸੰਗੋਵਾਲ, ਅਮਨਦੀਪ ਸਿੰਘ ਮੋਹੀ ਚੇਅਰਮੈਨ ਮਾਰਕਫੈਡ ਅਤੇ ਹੋਰ ਸੀਨੀਅਰ ਸੀਨੀਅਰ ਆਗੂਆਂ ਦਾ ਧੰਨਵਾਦ ਕਰਦਿਆਂ ਸਪੋਰਟਸ ਵਿੰਗ ਦੇ ਸਟੇਟ ਪ੍ਰਧਾਨ ਓਲੰਪੀਅਨ ਸੁਰਿੰਦਰ ਸਿੰਘ ਸੋਢੀ,



ਵਿਧਾਇਕ ਅਤੇ ਲੋਕ ਸਭਾ ਦੇ ਕੈਂਡੀਡੇਟ ਅਸ਼ੋਕ ਪ੍ਰੋਸਰ ਪੱਪੀ ਸ਼ਾਹਪੁਰੀਆ, ਵਿਧਾਇਕ ਗੁਰਪ੍ਰੀਤ ਸਿੰਘ ਗੋਗੀ ਵਿਧਾਇਕ ਦਲਜੀਤ ਸਿੰਘ ਭੋਲਾ, ਵਿਧਾਇਕ ਜਗਤਾਰ ਸਿੰਘ ਦਿਆਲਪੁਰ ਸਮਰਾਲਾ ਵਿਧਾਇਕ ਕੁਲਵੰਤ ਸਿੰਘ ਸਿੱਧੂ, ਵਿਧਾਇਕ ਰਜਿੰਦਰ ਪਾਲ ਕੌਰ ਛੀਨਾਂ, ਵਿਧਾਇਕ ਮਦਨ ਲਾਲ ਬੱਗਾ, ਜਿਲਾ ਲੁਧਿਆਣਾ ਦੇ ਖੇਡ ਵਿੰਗ ਦੇ ਪ੍ਰਧਾਨ ਸੋਨੀਆ ਅਲੱਗ, ਧਰਮਿੰਦਰ ਸਿੰਘ ਕੋਆਰਡੀਨੇਟਰ ਵਿਧਾਨ ਸਭਾ ਆਤਮ ਨਗਰ, ਕਮਲ ਨੇਗੀ, ਗੁਰਪ੍ਰੀਤ ਸਿੰਘ ਸੁਰਿੰਦਰ ਸਿੰਘ ਸ਼ਿੰਦਾ ਲਹਿਰਾ ਹੋਰ ਆਗੂਆਂ ਨੇ ਜਗਰੂਪ ਸਿੰਘ ਜਰਖੜ ਨੂੰ ਮੁਬਾਰਕਬਾਦ ਦਿੰਦਿਆਂ ਭਵਿੱਖ ਵਿਚ ਕਾਮਯਾਬੀ ਦੀਆਂ ਸ਼ੁਭ ਕਾਮਨਾਵਾਂ ਦਿੱਤੀਆਂ। ਉਹਨਾਂ ਆਖਿਆ ਕਿ ਜਗਰੂਪ ਸਿੰਘ ਜਰਖੜ ਦੀ ਸਮੂਲੀਅਤ ਨਾਲ ਆਮ ਆਦਮੀ ਪਾਰਟੀ ਦਾ ਖੇਡ ਵਿੰਗ ਹੋਰ ਵੱਡੇ ਪੱਧਰ ਤੇ ਮਜਬੂਤ ਹੋਵੇਗਾ।

ਇਸ ਮੌਕੇ ਪਾਰਟੀ ਦੇ ਹੋਰ ਨਵੇਂ ਬਣੇ ਅਹੁਦੇਦਾਰ ਪ੍ਰਦੀਪ ਅੱਪੂ ਨੂੰ ਸਟੇਟ ਸਕੱਤਰ ਸਪੋਰਟਸ ਵਿੰਗ, ਕੁਲਦੀਪ ਸਿੰਘ ਗਿੱਲ ਘਵੱਦੀ ਨੂੰ ਹਲਕਾ ਗਿੱਲ ਸਪੋਰਟਸ ਵਿੰਗ ਦਾ ਪ੍ਰਧਾਨ ਬਨਣ ਤੇ ਵੀ ਮੁਬਾਰਕਬਾਦ ਦਿੱਤੀ।


# ਨਰਪਾਲ ਸਿੰਘ ਸ਼ੇਰਗਿੱਲ ਦਾ 'ਸਿੱਖ ਸੰਸਾਰ-2024' ਦੁਨੀਆ ਦੀ ਪਰਕਰਮਾ

ਨਰਪਾਲ ਸਿੰਘ ਸ਼ੇਰਗਿੱਲ ਪਿਛਲੇ 58 ਸਾਲਾਂ ਤੋਂ ਸਿੱਖ ਵਿਚਾਰਧਾਰਾ 'ਤੇ ਪਹਿਰਾ ਦਿੰਦਾ ਹੋਇਆ ਲਗਾਤਾਰ ਸੰਸਾਰ ਦੇ ਗੁਰਦੁਆਰਾ ਸਾਹਿਬਾਨ ਦੀ ਪਰਕਰਮਾ ਕਰਦਾ ਆ ਰਿਹਾ ਹੈ। ਉਹ ਸਿੱਖ ਜਗਤ ਦੀ ਸੋਚ ਦਾ ਮੁੱਦਈ ਬਣਕੇ ਸਮੁੱਚੇ ਸੰਸਾਰ ਵਿੱਚ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਵਿੱਚ ਯਤਨਸ਼ੀਲ ਹੈ। ਜਿਸ ਦੇਸ਼ ਵਿੱਚ ਵੀ ਪੰਜਾਬੀ/ਸਿੱਖ ਵਸ ਰਹੇ ਹਨ, ਨਰਪਾਲ ਸਿੰਘ ਸ਼ੇਰਗਿੱਲ ਸਿੱਖ ਧਰਮ ਦਾ ਪੈਰੋਕਾਰ ਹੋਣ ਕਰਕੇ ਉਥੇ ਪਹੁੰਚਕੇ ਪੰਜਾਬੀਆਂ/ਸਿੱਖਾਂ ਨੂੰ ਭਵਿਖ ਵਿੱਚ ਆਉਣ ਵਾਲੀਆਂ ਸਮੱਸਿਆਵਾਂ ਅਤੇ ਪ੍ਰਸਥਿਤੀਆਂ ਬਾਰੇ ਸੁਚੇਤ ਰਹਿਣ ਲਈ ਆਗਾਹ ਕਰਦਾ ਹੈ। ਸਿੱਖ ਹਿੱਤਾਂ ਦਾ ਪਹਿਰੇਦਾਰ ਹੋਣ ਕਰਕੇ ਹਮੇਸ਼ਾ ਸਿੱਖੀ ਵਿਚਾਰਧਾਰਾ ਨੂੰ ਸੰਸਾਰ ਵਿੱਚ ਵਸਦੇ ਇਕੱਲੇ ਸਿੱਖ ਜਗਤ ਨੂੰ ਹੀ ਨਹੀਂ ਸਗੋਂ ਸੰਸਾਰ ਦੇ ਹਰ ਵਿਅਕਤੀ ਨੂੰ ਭਾਵੇਂ ਉਹ ਕਿਸੇ ਵੀ ਸਮੁਦਾਇ ਨਾਲ ਸੰਬੰਧਤ ਹੋਵੇ ਉਸਨੂੰ ਸਿੱਖ ਵਿਚਾਰਧਾਰਾ ਨਾਲ ਜੋੜਨ ਲਈ ਤੱਤਪਰ ਰਹਿੰਦਾ ਹੈ। ਸਿੱਖ ਸੰਕਲਪ ਦੀ ਪਹਿਰੇਦਾਰੀ ਦੀਆਂ ਯੋਜਨਾਵਾਂ ਉਸ ਦੇ ਮਨ ਦੇ ਚਿਤਰਪੱਟ ਵਿੱਚ ਉਸਲਵੱਟੇ ਲੈਂਦੀਆਂ ਰਹਿੰਦੀਆਂ ਹਨ। ਸਮਰੱਥ ਅਤੇ ਸੂਝਵਾਨ ਅੰਤਰਰਾਸ਼ਟਰੀ ਪੱਤਰਕਾਰ ਹੋਣ ਕਰਕੇ ਸਿੱਖੀ ਸੋਚ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਦੀਆਂ ਹਰਕਤਾਂ ਦੀ ਉਸ ਨੂੰ ਪਹਿਲਾਂ ਹੀ ਸੂਹ ਮਿਲ ਜਾਂਦੀ ਹੈ, ਜਿਸ ਕਰਕੇ ਉਹ ਹਮੇਸ਼ਾ ਅਜਿਹੀਆਂ ਸਥਿਤੀਆਂ ਨਾਲ ਨਿਪਟਣ ਲਈ ਚੇਤੰਨ ਅਤੇ ਉਦਮਸ਼ੀਲ ਰਹਿੰਦਾ ਹੈ। ਵਰਤਮਾਨ ਪ੍ਰਸਿਥਿਤੀਆਂ ਤੋਂ ਉਸ ਨੂੰ ਭਵਿਖ ਦੀਆਂ ਵੰਗਾਰਾਂ ਦੀ ਅਗਾਊਂ ਜਾਣਕਾਰੀ ਮਹਿਸੂਸ ਹੋ ਜਾਂਦੀ ਹੈ। ਫਿਰ ਉਹ ਟਿਕ ਕੇ ਨਹੀਂ ਬਹਿ ਸਕਦਾ ਤੇ ਸੰਸਾਰ ਦੀ ਪਰਕਰਮਾ ਕਰਨ ਲਈ ਤਤਪਰ ਹੋ ਜਾਂਦਾ ਹੈ। ਇਕੱਲਾ ਇਕੱਹਿਰਾ ਵਿਅਕਤੀ ਹੀ ਉਹ ਸਿੱਖੀ ਦਾ ਹੋਕਾ ਦੇਣ ਲਈ ਸਰਗਰਮ ਰਹਿੰਦਾ ਹੋਇਆ ਆਪਣਾ ਝੋਲਾ ਚੁੱਕਕੇ ਦੇਸ਼ ਵਿਦੇਸ਼ ਦੀ ਪਰਕਰਮਾ ਕਰਨ ਲਈ ਜਹਾਜੇ ਜਾ ਚੜ੍ਹਦਾ ਹੈ। ਉਸ ਦਾ ਪਤਾ ਹੀ ਨਹੀਂ ਲੱਗਦਾ ਕਿ ਉਹ ਕਿਹੜੇ ਦੇਸ਼ ਦੇ ਕਿਸ ਸ਼ਹਿਰ ਵਿੱਚ ਸਿੱਖੀ ਦੀ ਅਲਖ ਜਗਾਈ ਬੈਠਾ ਹੁੰਦਾ ਹੈ। ਸਵੇਰੇ ਬਰੇਕ ਫਾਸਟ ਕਿਤੇ ਦਪਹਿਰੇ ਕਿਤੇ ਅਤੇ ਸ਼ਾਮ ਨੂੰ ਕਿਸੇ ਹੋਰ ਠਿਕਾਣੇ 'ਤੇ ਵਿਚਾਰ ਚਰਚਾ ਕਰ ਰਿਹਾ ਹੁੰਦਾ ਹੈ। ਉਸ ਨੂੰ ਕਈ ਵਾਰ ਕਿਹਾ ਕਿ ਸਿੱਖ ਧਰਮ ਦੀ ਹੋਂਦ ਤੋਂ ਲੋਕ ਅਵੇਸਲੇ ਹੋਏ ਬੈਠੇ ਹਨ, ਆਪੋ ਆਪਣੇ ਕੰਮਾਂ ਕਾਰਾਂ ਵਿੱਚ ਰੁੱਝੇ ਰਹਿੰਦੇ ਹਨ, ਤੁਸੀਂ ਮਸਤ ਰਹੋ। ਅੱਗੋਂ ਉਸ ਦਾ ਜਵਾਬ ਹੁੰਦਾ ਹੈ, ਮੈਂ ਆਪਣਾ ਯੋਗਦਾ ਪਾਉਂਦਾ ਰਹਾਂਗਾ ਅੱਗੇ ਲੋਕਾਂ ਦੀ ਮਰਜ਼ੀ ਹੈ, ਜਿਤਨੀ ਦੇਰ ਵਾਗਿਰੂ ਨੇ ਸਮਰੱਥਾ ਦਿੱਤੀ, ਉਤਨੀ ਦੇਰ ਮੈਂ ਸਿੱਖ ਧਰਮ ਦਾ ਪ੍ਰਚਾਰਕ ਬਣਕੇ ਵਿਚਰਦਾ ਰਹਾਂਗਾ।

ਉਹ ਆਪਣੇ ਕੰਮ ਦੀ ਸਿੱਖ ਸੰਸਥਾਵਾਂ ਨਾਲ ਤੁਲਨਾ ਨਹੀਂ ਕਰਦਾ ਪ੍ਰੰਤੂ ਉਸ ਦਾ ਕੰਮ ਸਿੱਖ ਸੰਸਥਾਵਾਂ ਦੇ ਅਮਲੇ ਫੈਲੇ ਨਾਲੋਂ ਕਿਤੇ ਵਧੇਰੇ ਹੈ। ਹਾਂ ਉਸ ਨੂੰ ਇਸ ਗੱਲ ਦਾ ਦੁੱਖ ਜ਼ਰੂਰ ਹੈ ਕਿ ਸਿੱਖ ਸੰਸਥਾਵਾਂ ਆਪਣੀ ਜ਼ਿੰਮੇਵਾਰੀ ਨਿਭਾਉਣ ਵਿੱਚ ਅਸਫਲ ਜ਼ਰੂਰ ਹੋ ਰਹੀਆਂ ਹਨ। ਸਿੱਖ ਲੀਡਰਸ਼ਿਪ ਦੀ ਆਪਣੇ ਧਰਮ ਪ੍ਰਤੀ ਵਰਤੀ ਜਾ ਰਹੀ ਲਾਪ੍ਰਵਾਹੀ ਉਸ ਨੂੰ ਚਿੰਤਾ ਵਿੱਚ ਡੋਬ ਦਿੰਦੀ ਹੈ। ਸਿੱਖੀ ਦੀ ਪ੍ਰਫੁਲਤਾ ਦੇ ਸੁਨਹਿਰੇ ਭਵਿਖ ਦੇ ਸਪਨੇ ਸਿਰਜਕੇ ਉਹ ਜਿਥੇ ਵੀ ਕਿਤੇ ਉਸ ਨੂੰ ਸਿੱਖੀ ਦੀ ਜੋਤ ਜਗਦੀ ਨਜ਼ਰ ਆਉਂਦੀ ਹੈ, ਉਹ ਤੁਰੰਤ ਉਥੇ ਪਹੁੰਚਕੇ ਆਪਣਾ ਯੋਗਦਾਨ ਪਾਉਣ ਦੀ ਕੋਸ਼ਿਸ਼ ਕਰਦਾ ਹੈ। ਇਸ ਲਈ ਉਹ ਪੰਜਾਬੀ/ਸਿੱਖ ਸਭਿਆਚਾਰ, ਵਿਰਾਸਤ ਅਤੇ ਧਰਮ ਦੀਆਂ ਧਰੋਹਰਾਂ ਦੀ ਜਾਣਕਾਰੀ ਦੇਣ ਦੀ ਕੋਸ਼ਿਸ਼ ਵਿੱਚ ਜੁਟਿਆ ਰਹਿੰਦਾ ਹੈ। ਉਸ ਦਾ ਮੁੱਖ ਮੰਤਵ ਸਿੱਖ ਧਰਮ ਦੀ ਵਿਚਾਰਧਾਰਾ ਦੀ ਮਹਿਕ ਨੂੰ ਸੰਸਾਰ ਵਿੱਚ ਫੈਲਾਉਣਾ ਹੈ। ਸਿੱਖ ਵਿਚਾਰਧਾਰਾ ਦੀ ਪ੍ਰਫੁੱਲਤਾ




ਲਈ ਬਹੁਤ ਸਾਰੀਆਂ ਸਿੱਖ ਸੰਸਥਾਵਾਂ ਅਤੇ ਕੁਝ ਵਿਅਕਤੀ ਨਿੱਜੀ ਤੌਰ 'ਤੇ ਉਪਰਾਲੇ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ, ਨਰਪਾਲ ਸਿੰਘ ਸ਼ੇਰਗਿੱਲ ਉਨ੍ਹਾਂ ਵਿੱਚ ਮੋਢੀ ਦੇ ਰੂਪ ਵਿੱਚ ਸ਼ਾਮਲ ਹੈ, ਜਿਨ੍ਹਾਂ ਦੇ ਸਦਕਾ ਸਮੁੱਚੇ ਸੰਸਾਰ ਵਿੱਚ ਸਿੱਖੀ ਦਾ ਬੋਲ ਬਾਲਾ ਹੋ ਰਿਹਾ ਹੈ। ਨਰਪਾਲ ਸਿੰਘ ਸ਼ੇਰਗਿੱਲ ਦਾ ਸਿੱਖੀ ਸੋਚ ਨੂੰ ਸੰਗਠਤ ਰੂਪ ਵਿੱਚ ਉਦਮ ਕਰਕੇ ਨਿਵੇਕਲੇ ਢੰਗ ਨਾਲ ਇਤਿਹਾਸ ਦਾ ਹਿੱਸਾ ਬਣਾਉਣ ਦਾ ਉਪਰਾਲਾ ਸ਼ਲਾਘਾਯੋਗ ਹੈ। ਉਸ ਇਕੱਲੇ ਇਕੱਹਿਰੇ ਵਿਅਕਤੀ ਦਾ ਯੋਗਦਾਨ ਉਨ੍ਹਾਂ ਸੰਸਥਾਵਾਂ ਨਾਲੋਂ ਵੱਖਰਾ ਅਤੇ ਵਧੇਰੇ ਸਾਰਥਿਕ ਹੈ। ਵਰਤਮਾਨ ਇੰਟਰਨੈਟ ਅਤੇ ਸ਼ੋਸ਼ਲ ਮੀਡੀਆ ਦੇ ਯੁਗ ਵਿੱਚ ਨਰਪਾਲ ਸਿੰਘ ਸ਼ੇਰਗਿੱਲ ਦਾ ਪ੍ਰਿੰਟ ਮੀਡੀਆ ਰਾਹੀਂ ਯੋਗਦਾਨ ਹੋਰ ਵੀ ਮਹੱਤਵਪੂਰਨ ਬਣ ਜਾਂਦਾ ਹੈ ਕਿਉਂਕਿ ਪ੍ਰਿੰਟ ਹੋਈ ਚੀਜ਼ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀ ਹੈ। ਸਿੱਖ ਜਗਤ ਭਾਵੇਂ ਕਈ ਖੇਤਰਾਂ ਵਿੱਚ ਸੰਸਾਰ ਵਿੱਚ ਨਾਮਣਾ ਖੱਟ ਰਿਹਾ ਹੈ ਪ੍ਰੰਤੂ ਅਜੇ ਤੱਕ ਵੀ ਸਮੁੱਚੇ ਸੰਸਾਰ ਦੇ ਲੋਕਾਂ ਨੂੰ ਸਿੱਖੀ ਵਿਚਾਰਧਾਰਾ ਤੋਂ ਜਾਣੂ ਕਰਵਾਉਣ ਵਿੱਚ ਅਸਫਲ ਰਿਹਾ ਹੈ, ਜਿਸ ਕਰਕੇ ਸਿੱਖਾਂ ਨਾਲ ਪ੍ਰਵਾਸ ਵਿੱਚ ਨਸਲੀ ਵਿਤਕਰੇ ਵਰਗੀਆਂ ਘਟਨਾਵਾਂ ਹੋ ਰਹੀਆਂ ਹਨ। ਇਸ ਲਈ ਵਰਤਮਾਨ ਸਮੇਂ ਵਿੱਚ ਸਿੱਖ ਜਗਤ ਦੀ ਮੁੱਢਲੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਸਿੱਖ ਧਰਮ ਦੀ ਵਿਚਾਰਧਾਰਾ ਦੀਆਂ ਪ੍ਰਮੁੱਖ ਵਿਸ਼ੇਸ਼ਤਾਈਆਂ ਬਾਰੇ ਸਾਰੇ ਸੰਸਾਰ ਨੂੰ ਜਾਣੂੰ ਕਰਵਾਉਣ। ਵੈਸੇ ਤਾਂ ਨਰਪਾਲ ਸਿੰਘ ਸ਼ੇਰਗਿੱਲ ਇਸ ਪਾਸੇ ਪਿਛਲੇ 58 ਸਾਲਾਂ ਤੋਂ ਕੰਮ ਕਰ ਰਿਹਾ ਹੈ ਪ੍ਰੰਤੂ ਉਸ ਦਾ 'ਸਿੱਖ ਸੰਸਾਰ-2024' ਇਸ ਮੰਤਵ ਲਈ ਨਿਵੇਕਲਾ ਉਦਮ ਹੈ। ਉਸ ਨੇ ਆਪਣੀ ਅੰਗਰੇਜ਼ੀ ਵਿੱਚ ਪ੍ਰਕਾਸ਼ਤ ਕੀਤੀ ਇਸ ਪੁਸਤਕ ਵਿੱਚ ਸਿੱਖ ਧਰਮ ਦੀ ਸਥਾਪਨਾ ਤੋਂ ਲੈ ਕੇ ਸ੍ਰੀ




ਹਰਿਮੰਦਰ ਸਾਹਿਬ, ਪੰਜਾਂ ਤਖ਼ਤਾਂ, ਦਸ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਸੰਖੇਪ ਵਿੱਚ ਜਾਣਕਾਰੀ ਦਿੱਤੀ ਹੈ। ਸ਼ੋਸ਼ਲ ਮੀਡੀਆ ਕਰਕੇ ਅੱਜ ਕਲ੍ਹ ਲੋਕ ਬਹੁਤੀਆਂ ਲੰਬੀਆਂ ਚੌੜੀਆਂ ਪੁਸਤਕਾਂ ਪੜ੍ਹਨ ਵਿੱਚ ਦਿਲਚਸਪੀ ਨਹੀਂ ਰੱਖਦੇ, ਇਸ ਲਈ ਨਰਪਾਲ ਸਿੰਘ ਸ਼ੇਰਗਿੱਲ ਨੇ 'ਸਿੱਖ ਸੰਸਾਰ-2024' ਵਿੱਚ ਸੰਖੇਪ ਪ੍ਰੰਤੂ ਬਹੁਤ ਹੀ ਸਾਰਥਿਕ ਜਾਣਕਾਰੀ ਮੁਹੱਈਆ ਕਰਵਾਈ ਹੈ ਤਾਂ ਜੋ ਸੰਸਾਰ ਦੇ ਲੋਕ ਸਿੱਖ ਧਰਮ ਦੀਆਂ ਹੋਰ ਧਰਮਾਂ ਨਾਲੋਂ ਵਿਲੱਖਣਤਾਵਾਂ ਬਾਰੇ ਜਾਣੂੰ ਹੋ ਸਕਣ। ''ਇੰਟਰਨੈਸ਼ਨਲ ਡਾਇਰੈਕਟਰੀ ਆਫ਼ ਗੁਰਦੁਆਰਜ਼ ਐਂਡ ਸਿੱਖ ਆਰਗਨਾਈਜੇਸ਼ਨਜ਼ 2024'' ਪੁਸਤਕ ਦੇ ਦਿਲਕਸ਼ ਮੁੱਖ ਕਵਰ ਉਪਰ ਸ੍ਰੀ ਹਰਿਮੰਦਰ ਸਾਹਿਬ ਦੀ ਰੰਗਦਾਰ ਤਸਵੀਰ ਪ੍ਰਕਾਸ਼ਤ ਕੀਤੀ ਗਈ ਹੈ। ਪੁਸਤਕ ਦੀ ਵਿਸ਼ੇਸ਼ਤਾ ਇਹ ਵੀ ਹੈ ਕਿ ਇਸ ਦੀ ਕੋਈ ਭੂਮਿਕਾ ਨਹੀਂ ਲਿਖੀ ਗਈ ਸਗੋਂ ਸਿੱਧਾ ਹੀ ਪੁਸਤਕ ਦੇ ਪਹਿਲੇ ਪੰਨੇ 'ਤੇ ਦਸ ਗੁਰੂ ਸਾਹਿਬਾਨ ਦੀਆਂ ਰੰਗਦਾਰ ਤਸਵੀਰਾਂ ਅਤੇ ਨਾਲ ਹੀ ਸਿੱਖ ਧਰਮ ਦੇ ਸ਼ੁਰੂ ਹੋਣ ਦਾ ਸਮਾਂ ਅਤੇ ਵਿਸ਼ੇਸ਼ ਜਾਣਕਾਰੀ ਦਿੱਤੀ ਗਈ ਹੈ। ਉਸ ਤੋਂ ਬਾਅਦ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਕਰਕੇ ਦਸ ਗੁਰੂ ਸਾਹਿਬਾਨ ਬਾਰੇ ਜਾਣਕਾਰੀ ਦਿੱਤੀ ਗਈ ਹੈ। ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਜਾਣਕਾਰੀ ਦੇ ਕੇ ਉਸ ਨੂੰ ਗੁਰੂ ਦੇ ਤੌਰ 'ਤੇ ਮੰਨਣ ਲਈ ਕਿਹਾ ਗਿਆ ਹੈ। ਅਗਲੇ ਭਾਗ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੀ ਰੰਗਦਾਰ ਤਸਵੀਰ ਦੇ ਨਾਲ ਪੂਰੀ ਜਾਣਕਾਰੀ ਦਿੱਤੀ ਗਈ ਹੈ ਕਿ ਕਦੋਂ ਉਸਾਰਿਆ ਗਿਆ ਅਤੇ ਇਸ ਦੀ ਉਸਾਰੀ ਵਿੱਚ ਕਿਸਦਾ ਕੀ ਯੋਗਦਾਨ ਸੀ? ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤਸਾਜ਼ੀ ਦੀ ਮਹੱਤਤਾ ਬਾਰੇ ਵੀ ਦੱਸਿਆ ਗਿਆ ਹੈ।


ਉਜਾਗਰ ਸਿੰਘ
91-94178 13072

ਇਸ ਤੋਂ ਬਾਅਦ ਸਿੱਖ ਧਰਮ ਦੇ ਪੰਜਾਂ ਤਖ਼ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਰੰਗਦਾਰ ਤਸਵੀਰ, ਇਸ ਦੀ ਸਥਾਪਨਾ ਦਾ ਮੰਤਵ ਅਤੇ ਭਗਤੀ ਤੇ ਸ਼ਕਤੀ ਦੇ ਸਿੰਬਲ ਦੇ ਤੌਰ 'ਤੇ ਦਰਸਾਇਆ ਗਿਆ ਹੈ, ਤਖ਼ਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ ਬਠਿੰਡਾ), ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਸ੍ਰੀ ਆਨੰਦਪੁਰ ਸਾਹਿਬ), ਤਖ਼ਤ ਸ੍ਰੀ ਹਰਿਮੰਦਰ ਹੀ (ਸ੍ਰੀ ਪਟਨਾ ਸਾਹਿਬ) ਅਤੇ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਹ ਪੁਸਤਕ ਅੰਗਰੇਜ਼ੀ ਵਿੱਚ ਇਸ ਕਰਕੇ ਪ੍ਰਕਾਸ਼ਤ ਕਰਵਾਈ ਹੈ ਤਾਂ ਸੰਸਰ ਵਿੱਚ ਲੋਕਾਂ ਨੂੰ ਸਿੱਖ ਧਰਮ ਬਾਰੇ ਜਾਣਕਾਰੀ ਦਿੱਤੀ ਜਾ ਸਕੇ। ਪੁਸਤਕ ਦਾ ਨਾਮ ਅੰਗਰੇਜ਼ੀ ਵਿੱਚ 'ਇੰਟਰਨੈਸ਼ਨਲ ਡਾਇਰੈਕਟਰੀ ਆਫ਼ ਗੁਰਦਵਾਰਾਜ ਐਂਡ ਸਿੱਖ ਆਰਗੇਨਾਈਜੇਸ਼ਨਜ਼ 2024 ਰੱਖਿਆ ਗਿਆ ਹੈ। ਇਸ ਪੁਸਤਕ ਨੂੰ ਨਰਪਾਲ ਸਿੰਘ ਸ਼ੇਰਗਿੱਲ 'ਸਿੱਖ ਸੰਸਾਰ-2024' ਇਸ ਲਈ ਕਹਿੰਦਾ ਹੈ ਕਿਉਂਕਿ ਇਸ ਪੁਸਤਕ ਵਿੱਚ ਸਿੱਖ ਧਰੋਹਰਾਂ ਅਤੇ ਸੰਸਾਰ ਦੇ ਮਹੱਤਵਪੂਰਨ ਗੁਰੂ ਘਰਾਂ ਦੀ ਜਾਣਕਾਰੀ ਦਿੱਤੀ ਗਈ ਹੈ। ਸੰਸਾਰ ਦੇ 43 ਦੇਸ਼ਾਂ ਅਤੇ ਭਾਰਤ ਦੇ 2238 ਮਹੱਤਵ ਪੂਰਨ ਗੁਰਦੁਆਰਾ ਸਾਹਿਬਾਨ ਦੇ ਅਲਫਾਬੈਟਿਕਲੀ ਨਾਮ, ਪਤੇ, ਟੈਲੀਫ਼ੋਨ ਅਤੇ ਈ।ਮੇਲ ਐਡਰੈਸ ਦਿੱਤੇ ਗਏ ਹਨ। ਇਨ੍ਹਾਂ ਵਿੱਚ 580 ਗੁਰਦੁਆਰਾ ਸਾਹਿਬ ਸੰਸਾਰ ਦੇ 43 ਦੇਸ਼ਾਂ, ਭਾਰਤ ਦੇ ਪੰਜਾਬ ਨੂੰ ਛੱਡ ਕੇ ਬਾਕੀ ਸੂਬਿਆਂ ਵਿੱਚ 1378 ਗੁਰੂ ਘਰ ਸਥਾਪਤ ਹਨ। ਪੰਜਾਬ ਤੇ ਚੰਡੀਗੜ੍ਹ ਦੇ 290 ਗੁਰੂ ਘਰਾਂ ਦੇ ਬਾਰੇ ਵੀ ਦੱਸਿਆ ਗਿਆ ਹੈ।

ਪੰਜਾਬ ਦੇ ਬਾਕੀ ਗੁਰੂ ਘਰਾਂ ਬਾਰੇ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ। ਨਰਪਾਲ ਸਿੰਘ ਸ਼ੇਰਗਿੱਲ ਨੇ 'ਸਿੱਖ ਸੰਸਾਰ-2024' ਇੱਕ ਅਜਿਹਾ ਦਸਤਾਵੇਜ ਬਣਾ ਦਿੱਤਾ ਹੈ, ਜਿਸ ਤੋਂ ਸੰਸਾਰ ਦੇ ਗੁਰੂ ਘਰਾਂ ਦੀ ਸੰਪੂਰਨ ਜਾਣਕਾਰੀ ਉਪਲਭਧ ਹੋਵੇਗੀ। ਵਾਹਿਗੁਰੂ ਉਸ ਨੂੰ ਲੰਬੀ ਤੇ ਸਿਹਤਮੰਦ ਉਮਰ ਬਖ਼ਸ਼ੇ ਤਾਂ ਜੋ ਉਹ ਸਿੱਖ ਵਿਚਾਰਧਾਰਾ ਨੂੰ ਸਮੁੱਚੇ ਸੰਸਾਰ ਵਿੱਚ ਪਹੁੰਚਾਉਣ ਦੇ ਕਾਰਜ ਵਿੱਚ ਸਫਲਤਾ ਪ੍ਰਾਪਤ ਕਰ ਸਕੇ।

# ਪੰਜਾਬ ਦੇ ਸਰੋਕਾਰਾਂ ਨੂੰ ਆਵਾਜ਼ ਦੇਣ ਲਈ 'ਪੰਜਾਬ ਜਮਹੂਰੀ ਮੰਚ' ਦੀ ਸਥਾਪਨਾ

## ਡਾ. ਲਖਵਿੰਦਰ ਸਿੰਘ ਜੌਹਲ ਬਣੇ ਪ੍ਰਧਾਨ ਅਤੇ ਸਤਨਾਮ ਸਿੰਘ ਮਾਣਕ ਬਣੇ ਜਨਰਲ ਸਕੱਤਰ

**ਫਗਵਾੜਾ-** ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਸਰੋਕਾਰਾਂ ਲਈ ਲੋੜੀਂਦਾ ਬਿਰਤਾਂਤ ਸਿਰਜਣ ਅਤੇ ਦੇਸ਼ ਵਿਚ ਜਮਹੂਰੀਅਤ, ਧਰਮ ਨਿਰਪੇਖਤਾ ਤੇ ਸੰਘੀ ਢਾਂਚੇ ਦੀ ਮਜ਼ਬੂਤੀ ਲਈ ਆਵਾਜ਼ ਬੁਲੰਦ ਕਰਨ ਵਾਸਤੇ ਪੰਜਾਬ ਦੇ ਕੁਝ ਚੋਣਵੇਂ ਪੱਤਰਕਾਰਾਂ, ਲੇਖਕਾਂ ਤੇ ਬੁੱਧੀਜੀਵੀਆਂ ਵਲੋਂ 'ਪੰਜਾਬ ਜਮਹੂਰੀ ਮੰਚ' ਨਾਂਅ ਦਾ ਫੋਰਮ ਬਣਾਉਣ ਦਾ ਫ਼ੈਸਲਾ ਕੀਤਾ ਗਿਆ ਹੈ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੀਨੀਅਰ ਪੱਤਰਕਾਰ ਸਤਨਾਮ ਸਿੰਘ ਮਾਣਕ ਨੇ ਪ੍ਰੈੱਸ ਨੂੰ ਦੱਸਿਆ ਕਿ ਪਿਛਲੇ ਕਾਫ਼ੀ ਸਮੇਂ ਤੋਂ ਵੱਖ-ਵੱਖ ਬੁੱਧੀਜੀਵੀਆਂ, ਲੇਖਕਾਂ ਤੇ ਪੱਤਰਕਾਰਾਂ ਵਲੋਂ ਆਪਸੀ ਵਿਚਾਰ-ਵਟਾਂਦਰੇ ਦੌਰਾਨ ਇਹ ਮੰਗ ਉਠਾਈ ਜਾ ਰਹੀ ਸੀ ਕਿ ਪੰਜਾਬ ਦੇ ਭੱਖਦੇ ਮਸਲਿਆਂ ਸੰਬੰਧੀ ਅਕਾਦਮਿਕ ਪੱਧਰ ਦੀ ਚਰਚਾ ਲਈ ਅਤੇ ਦੇਸ਼ ਵਿਚ ਜਮਹੂਰੀਅਤ ਦੀ ਮਜ਼ਬੂਤੀ ਲਈ ਪੰਜਾਬ ਦੇ ਬੁੱਧੀਜੀਵੀਆਂ ਦਾ



ਇਕ ਆਪਣਾ ਮੰਚ ਹੋਣਾ ਚਾਹੀਦਾ ਹੈ, ਜਿਸ ਦੇ ਮਾਧਿਅਮ ਰਾਹੀਂ ਉਹ ਆਪਣੀ ਰਾਇ ਖੁੱਲ੍ਹ ਕੇ ਪੇਸ਼ ਕਰ ਸਕਣ ਅਤੇ ਆਪਸੀ ਵਿਚਾਰ-ਚਰਚਾ ਰਾਹੀਂ ਅਜੋਕੇ ਸਮੇਂ ਵਿਚ ਗੁੰਝਲਦਾਰ ਮਸਲਿਆਂ ਨੂੰ ਖੁਦ ਸਮਝਣ ਤੇ ਸਮਝਾਉਣ ਦਾ ਕੰਮ ਕਰ ਸਕਣ। ਇਸ ਨੂੰ ਮੁੱਖ ਰੱਖਦਿਆਂ 'ਪੰਜਾਬ ਜਮਹੂਰੀ ਮੰਚ' ਦੀ ਸਥਾਪਨਾ ਕੀਤੀ ਗਈ ਹੈ, ਜਿਸ ਦੇ ਅਹੁਦੇਦਾਰਾਂ ਦੇ ਵਿਚ ਪ੍ਰਧਾਨ - ਡਾ. ਲਖਵਿੰਦਰ ਸਿੰਘ ਜੌਹਲ, ਜਨਰਲ ਸਕੱਤਰ - ਸਤਨਾਮ ਸਿੰਘ ਮਾਣਕ, ਸਕੱਤਰ ਦੁਆਬਾ ਜ਼ੋਨ - ਗੁਰਮੀਤ ਸਿੰਘ ਪਲਾਹੀ, ਸਕੱਤਰ ਮਾਲਵਾ ਜ਼ੋਨ - ਗੁਰਚਰਨ ਸਿੰਘ ਨੂਰਪੁਰ, ਸਕੱਤਰ ਮਾਝਾ ਜ਼ੋਨ - ਰਾਜਿੰਦਰ ਸਿੰਘ ਰੂਬੀ, ਸਕੱਤਰ ਚੰਡੀਗੜ੍ਹ ਜ਼ੋਨ - ਦੀਪਕ ਸ਼ਰਮਾ ਚਨਾਰਥਲ ਇਸ ਮੰਚ ਦੀ ਇਕ ਸਲਾਹਕਾਰ ਕੌਂਸਲ ਵੀ ਹੋਵੇਗੀ ਜਿਸ ਵਿਚ ਉੱਘੇ ਅਰਥ ਸ਼ਾਸਤਰੀ, ਸਮਾਜ ਸ਼ਾਸਤਰੀ ਅਤੇ ਪ੍ਰਸ਼ਾਸਨਿਕ ਮਾਹਿਰਾਂ ਨੂੰ ਸ਼ਾਮਿਲ ਕੀਤਾ ਜਾਵੇਗਾ।

# ਹੰਦੋਵਾਲ ਦੇ ਸੈਂਕੜੇ ਨੌਜਵਾਨਾਂ ਨੇ ਝਾੜੂ ਛੱਡ ਕੇ ਕਮਲ ਦਾ ਲੜ ਫੜਿਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਭਾਜਪਾ ਆਗੂਆਂ ਨੇ ਵਿਸ਼ਾਲ ਰੈਲੀ ਨੂੰ ਸੰਬੋਧਨ ਕਰਦਿਆਂ ਕਾਂਗਰਸ ਅਤੇ 'ਆਪ' ਦੀਆਂ ਨਾਕਾਮੀਆਂ ਅਤੇ ਮੋਦੀ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਈਆਂ। ਹੁਸ਼ਿਆਰਪੁਰ ਵਿਧਾਨ ਸਭਾ ਹਲਕਾ ਚੱਬੇਵਾਲ ਦੇ ਪਿੰਡ ਹੰਦੋਵਾਲ ਕਲਾਂ ਦੇ ਆਮ ਆਦਮੀ ਪਾਰਟੀ ਦੇ ਯੂਥ ਵਿੰਗ ਦੇ ਆਗੂ ਜਸਪ੍ਰੀਤ ਜੱਸਾ ਨੇ ਆਪਣੇ ਸੈਂਕੜੇ ਨੌਜਵਾਨ ਸਾਥੀਆਂ ਸਮੇਤ 'ਆਪ' ਦਾ ਝਾੜੂ ਛੱਡ ਕੇ ਭਾਜਪਾ ਦਾ ਪੱਲਾ ਫੜਨ ਦਾ ਐਲਾਨ ਕੀਤਾ ਹੈ। ਉਨ੍ਹਾਂ ਨੂੰ ਸ੍ਰੀਮਤੀ ਅਨੀਤਾ ਸੋਮ ਪ੍ਰਕਾਸ਼, ਕੇਂਦਰੀ ਰਾਜ ਮੰਤਰੀ ਸ੍ਰੀ ਸੋਮ ਪ੍ਰਕਾਸ਼, ਸਾਬਕਾ ਕੈਬਨਿਟ ਮੰਤਰੀ ਤੀਕਸ਼ਣ ਸੂਦ, ਲੋਕ ਸਭਾ ਇੰਚਾਰਜ ਪਰਵੀਨ ਬਾਂਸਲ ਅਤੇ ਵਿਧਾਨ ਸਭਾ ਕਨਵੀਨਰ ਡਾਕਟਰ ਦਿਲਬਾਗ ਰਾਏ ਨੇ ਭਾਜਪਾ ਦੇ ਮਫਲਰ ਪਾ ਕੇ ਭਾਜਪਾ 'ਚ ਸ਼ਾਮਿਲ ਕੀਤਾ। ਇਸ ਮੌਕੇ ਚੱਬੇਵਾਲ ਮੰਡਲ ਪ੍ਰਧਾਨ ਮੰਗਤ ਰਾਮ, ਪਸਾਰ ਅਧਿਕਾਰੀ ਵਿਜੇ ਭਾਟੀਆ, ਜ਼ਿਲ੍ਹਾ ਸਕੱਤਰ ਧੀਰਜ ਐਰੀ, ਕਿਸਾਨ ਮੋਰਚਾ ਦੇ ਪ੍ਰਧਾਨ ਅਵਤਾਰ ਸਿੰਘ ਡਾਂਡੀਆ ਤੇ ਯਸ਼ਪਾਲ ਸ਼ਰਮਾ ਵੀ ਹਾਜ਼ਰ ਸਨ। ਵਿਸ਼ਾਲ ਚੋਣ ਪ੍ਰਚਾਰ ਰੈਲੀ ਵਿੱਚ ਹਾਜ਼ਰ ਨੌਜਵਾਨਾਂ ਨੇ ਭਾਰਤੀ ਜਨਤਾ ਪਾਰਟੀ ਦੇ ਨਾਅਰੇ ਲਾਏ ਅਤੇ ਵਾਅਦਾ ਕੀਤਾ ਕਿ ਉਹ ਨਰਿੰਦਰ ਮੋਦੀ ਦੀ ਸਰਕਾਰ ਬਣਾਉਣ ਵਿੱਚ ਸ੍ਰੀਮਤੀ ਅਨੀਤਾ ਸੋਮ ਪ੍ਰਕਾਸ਼ ਦੀ ਮਦਦ ਕਰਨਗੇ।



# ਖੇਡਾਂ ਦੇ ਖੇਤਰ ਵਿੱਚ ਪੰਜਾਬ ਮੁੜ ਚਮਕੇਗਾ, ਨਵੀਂ ਖੇਡ ਨੀਤੀ ਨੇ ਨੁਹਾਰ ਬਦਲੀ: ਮੀਤ ਹੇਅਰ

**ਕਾਹਨੇਕੇ (ਬਰਨਾਲਾ), (ਦਲਜੀਤ ਕੌਰ)** ਸੰਗਰੂਰ ਤੋਂ ਆਮ ਆਦਮੀ ਪਾਰਟੀ ਦੇ ਲੋਕ ਸਭਾ ਉਮੀਦਵਾਰ ਅਤੇ ਪੰਜਾਬ ਦੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਖੇਡਾਂ ਦੇ ਖੇਤਰ ਵਿੱਚ ਪੰਜਾਬ ਦੀ ਗੁਆਚੀ ਸ਼ਾਨ ਨੂੰ ਮੁੜ ਬਹਾਲ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਨੇ ਨਵੀਂ ਖੇਡ ਨੀਤੀ



ਬਣਾਈ ਜਿਸ ਦੇ ਚੰਗੇ ਨਤੀਜੇ ਸਾਹਮਣੇ ਆਉਣ ਲੱਗ ਗਏ ਹਨ। ਏਸ਼ੀਅਨ ਗੇਮਜ਼ ਵਿੱਚ ਪੰਜਾਬ ਦੇ ਖਿਡਾਰੀਆਂ ਨੇ 20 ਮੈਡਲ ਜਿੱਤ ਕੇ 72 ਸਾਲ ਦੇ ਸਾਰੇ ਰਿਕਾਰਡ ਤੋੜੇ। ਮੀਤ ਹੇਅਰ ਅੱਜ ਭਦੌੜ ਹਲਕੇ ਦੇ ਪਿੰਡਾਂ ਵਿੱਚ ਚੋਣ ਰੈਲੀਆਂ ਨੂੰ ਸੰਬੋਧਨ ਕਰ ਰਹੇ ਸਨ। ਉਹ ਜਦੋਂ ਕਾਹਨੇਕੇ ਪਿੰਡ ਪੁੱਜੇ ਤਾਂ ਉਥੇ ਉਨ੍ਹਾਂ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਇਸ ਪਿੰਡ ਦਾ ਅਕਸ਼ਦੀਪ ਸਿੰਘ ਪੈਰਿਸ ਓਲੰਪਿਕ ਖੇਡਾਂ ਲਈ ਕੁਆਲੀਫਾਈ ਹੋਇਆ ਹੈ ਜੋ ਕਿ ਬਰਨਾਲਾ ਜ਼ਿਲੇ ਦਾ ਪਹਿਲਾ ਓਲੰਪੀਅਨ ਬਣੇਗਾ। ਉਨ੍ਹਾਂ ਕਿਹਾ ਕਿ ਜਦੋਂ ਅਕਸ਼ਦੀਪ ਸਿੰਘ ਨੇ ਪੈਦਲ ਤੋਰ ਵਿੱਚ ਓਲੰਪਿਕਸ ਲਈ ਕੁਆਲੀਫਾਈ ਕੀਤਾ ਤਾਂ ਉਸ ਵੇਲੇ ਕੋਈ ਖੇਡ ਨੀਤੀ ਨਹੀਂ ਮੌਜੂਦ ਸੀ ਪਰ ਫੇਰ ਵੀ ਉਨ੍ਹਾਂ ਖੇਡ ਵਿਭਾਗ ਵੱਲੋਂ ਉਸ ਨੂੰ 5 ਲੱਖ ਰੁਪਏ ਨਾਲ ਸਨਮਾਨਤ ਕੀਤਾ। ਐਮ.ਐਲ.ਏ. ਲਾਭ ਸਿੰਘ ਉਗੋਕੇ ਨੇ ਮੀਤ ਹੇਅਰ ਦਾ ਇਸ ਗੱਲੋਂ ਧੰਨਵਾਦ ਕੀਤਾ ਕਿ ਨਵੀਂ ਖੇਡ ਨੀਤੀ ਨਾਲ ਹੁਣ ਪਿੰਡ-ਪਿੰਡ ਵਿੱਚ ਖੇਡ ਨਰਸਰੀਆਂ ਬਣਨ ਲੱਗ ਗਈਆਂ ਹਨ ਅਤੇ ਨੌਜਵਾਨਾਂ ਨੂੰ ਪਿੰਡਾਂ ਵਿੱਚ ਖੇਡ ਸਹੂਲਤਾਂ ਮਿਲਣ ਦਾ ਰਾਹ ਪੱਧਰਾ ਹੋ ਗਿਆ।

# ਪੰਜਾਬ ਦੀਆਂ ਸਿਹਤ ਸੇਵਾਵਾਂ ਦਾ ਏਜੰਡਾ ਕੀ ਹੋਵੇ?

ਸਿਹਤ ਹਰ ਮਨੁੱਖ ਦਾ ਬੁਨਿਆਦੀ ਅਧਿਕਾਰ ਹੈ। ਸਿਹਤਮੰਦ ਸਨਮਾਨਜਨਕ ਜ਼ਿੰਦਗੀ ਜਿਊਣਾ ਉਸ ਦਾ ਸੰਵਿਧਾਨਕ ਹੱਕ ਹੈ ਅਤੇ ਇਸ ਨੂੰ ਯਕੀਨੀ ਬਣਾਉਣਾ ਸਰਕਾਰ ਦਾ ਸੰਵਿਧਾਨਕ ਫ਼ਰਜ਼ ਹੈ। ਸਰੀਰਕ ਮਾਨਸਿਕ ਅਤੇ ਸਮਾਜਿਕ ਤੌਰ ਤੇ ਤੰਦਰੁਸਤ ਵਿਅਕਤੀ ਨੂੰ ਹੀ ਸਿਹਤਮੰਦ ਕਿਹਾ ਜਾ ਸਕਦਾ ਹੈ। ਸਿਰਫ ਬੀਮਾਰੀਆਂ ਤੋਂ ਮੁਕਤੀ ਹੀ ਇਕੱਲੀ ਸਿਹਤ ਨਹੀਂ ਹੁੰਦੀ।

ਇਕ ਸਿਹਤਮੰਦ ਵਿਅਕਤੀ ਲਈ ਪੌਸ਼ਟਿਕ ਭੋਜਨ ਸਾਫ ਹਵਾ ਪੀਣਯੋਗ ਸਾਫ਼ ਪਾਣੀ ਅਤੇ ਰਹਿਣ ਯੋਗ ਸਾਫ ਸੁਥਰਾ ਵਾਤਾਵਰਣ ਜ਼ਰੂਰੀ ਹਨ। ਘੱਟੋ ਘੱਟ ਜ਼ਰੂਰੀ ਪੌਸ਼ਟਿਕ ਭੋਜਨ ਹਾਸਲ ਕਰਨ ਲਈ ਮਨੁੱਖ ਕੋਲ ਗੁਜ਼ਾਰੇ ਲਾਇਕ ਰੁਜ਼ਗਾਰ ਹੋਣਾ ਵੀ ਜ਼ਰੂਰੀ ਹੈ। ਭੁੱਖਮਰੀ ਗ਼ਰੀਬੀ ਬੇਰੁਜ਼ਗਾਰੀ ਕੁਪੋਸ਼ਣ ਤੇ ਵਾਤਾਵਰਨ ਪ੍ਰਦੂਸ਼ਣ ਸਿਹਤ ਲਈ ਤਬਾਹਕੁਨ ਹਨ। ਮੁਨਾਫ਼ੇ ਲਈ ਕੀਤੀ ਜਾਂਦੀ ਪੈਦਾਵਾਰ ਤੇ ਕਮਰਸ਼ੀਅਲ ਫ਼ਸਲਾਂ ਜਿਨ੍ਹਾਂ ਵਿੱਚ ਜੈਨੇਟੀਕਲੀ ਮੋਡੀਫਾਈਡ ਫੂਡ ਵੀ ਆਉਂਦਾ ਹੈ ਉਹ ਸਿਹਤ ਲਈ ਬੇਹੱਦ ਹਾਨੀਕਾਰਕ ਹਨ। ਬਿਮਾਰੀਆਂ ਦੀ ਰੋਕਥਾਮ ਅਤੇ ਇਲਾਜ ਲਈ ਯੋਗ ਬੁਨਿਆਦੀ ਢਾਂਚਾ ਸਿਹਤ ਸਹੂਲਤਾਂ ਤੇ ਯੋਗ ਡਾਕਟਰੀ ਤੇ ਪੈਰਾਮੈਡੀਕਲ ਅਮਲੇ ਦੀ ਲੋੜ ਹੈ।

ਆਬਾਦੀ ਦੇ ਅਨੁਪਾਤ ਮੁਤਾਬਕ ਇੱਕ ਹਜ਼ਾਰ ਦੀ ਆਬਾਦੀ ਪਿੱਛੇ ਇਕ ਡਾਕਟਰ ਤੇ ਉਹਦੇ ਨਾਲ ਸਹਿਯੋਗੀ ਅਮਲਾ ਹੋਣਾ ਬਹੁਤ ਜ਼ਰੂਰੀ ਹੈ। ਸਾਡੇ ਇੱਥੇ ਗਿਆਰਾਂ ਹਜ਼ਾਰ ਦੀ ਆਬਾਦੀ ਪਿੱਛੇ ਇਕ ਡਾਕਟਰ ਹੈ ਤੇ ਉਨ੍ਹਾਂ ਚੋਂ ਬਹੁਤੇ ਪ੍ਰਾਈਵੇਟ ਖੇਤਰ ਵਿਚ ਅਤੇ ਸ਼ਹਿਰਾਂ ਵਿੱਚ ਕੰਮ ਕਰਦੇ ਹਨ।

ਪਬਲਿਕ ਖੇਤਰ ਵਿਚ ਡਾਕਟਰਾਂ ਦੀ ਭਾਰੀ ਘਾਟ ਹੈ। ਸਿਹਤ ਸਹੂਲਤਾਂ ਨੂੰ ਮੁਨਾਫਾ ਕਮਾਉਣ ਵਾਲੀ ਜਿਣਸ ਬਣਾ ਦੇਣਾ ਇਕ ਅਪਰਾਧ ਹੈ ਜੋ ਕਿ ਮੌਜੂਦਾ ਪ੍ਰਬੰਧ ਕਰ ਰਿਹਾ ਹੈ ਸਰਕਾਰਾਂ ਵੀ ਸ਼ਾਮਲ ਹਨ। ਲੋਕ ਪੱਖੀ ਅਤੇ ਯੋਗ ਡਾਕਟਰ ਪੈਦਾ ਕਰਨ ਲਈ ਇਹ ਜ਼ਰੂਰੀ ਹੈ ਕਿ ਸਮਾਜ ਦੇ ਉਨ੍ਹਾਂ ਖੇਤਰਾਂ ਦੀ ਮੈਡੀਕਲ ਕਾਲਜਾਂ ਚ ਪਹੁੰਚ ਹੋਵੇ ਜੋ ਕਿ ਲੋਕਾਂ ਦੇ ਦਰਦ ਨੂੰ ਸਮਝਦੇ ਹਨ। ਇਸ ਲਈ ਜ਼ਰੂਰੀ ਹੈ ਕਿ ਮੈਡੀਕਲ ਕਾਲਜਾਂ ਵਿਚ ਦਿੱਤੀ ਜਾਂਦੀ ਸਿੱਖਿਆ ਦਾ ਪੱਧਰ ਉੱਚਾ ਹੋਵੇ ਅਤੇ ਉੱਥੇ ਲਈਆਂ ਜਾਂਦੀਆਂ ਬੇਤਹਾਸ਼ਾ ਫ਼ੀਸਾਂ ਬੰਦ ਕੀਤੀਆਂ ਜਾਣ। ਮੈਡੀਕਲ ਕਾਲਜ ਨੂੰ ਕੰਟਰੋਲ ਕਰਨ ਵਾਲੀ ਪ੍ਰਣਾਲੀ ਮੈਡੀਕਲ ਕੌਂਸਲ ਆਫ ਇੰਡੀਆ ਨੂੰ ਭੰਗ ਕਰ ਦਿੱਤਾ ਗਿਆ ਹੈ ਜੋ ਕਿ ਨਿਹਾਇਤ ਗੈਰ ਜਮਹੂਰੀ ਕਦਮ ਹੈ।

ਮੈਡੀਕਲ ਕੌਂਸਲ ਆਫ ਇੰਡੀਆ ਡਾਕਟਰਾਂ ਵੱਲੋਂ ਚੁਣੀ ਜਾਂਦੀ ਇੱਕ ਜਮਹੂਰੀ ਸੰਸਥਾ ਸੀ ਅਤੇ ਇਹ ਮੈਡੀਕਲ ਕਾਲਜਾਂ ਦੀ ਗੁਣਵੱਤਾ ਨੂੰ ਚੈੱਕ ਕਰਦੀ ਸੀ ਅਤੇ ਡਾਕਟਰਾਂ ਦੀ ਰਜਿਸਟ੍ਰੇਸ਼ਨ ਕਰਦੀ ਸੀ,ਇਸ ਨਾਲੋਂ ਪ੍ਰੈਕਟਿਸ ਕਰ ਸਕਦੇ ਸਨ ਪਰ ਹੁਣ ਮੈਡੀਕਲ ਕੌਂਸਲ ਆਫ ਇੰਡੀਆ ਤੋੜ ਕੇ ਮੈਡੀਕਲ ਕਮਿਸ਼ਨ ਬਣਾ ਦਿੱਤਾ ਗਿਆ ਹੈ ਜਿਸ ਨੇ ਹਰੇਕ ਡਾਕਟਰ ਨੂੰ ਐਮਬੀਬੀਐਸ ਦੇ ਕੋਰਸ ਪਾਸ ਕਰਨ ਤੋਂ ਵਾਅਦ ਇੱਕ ਅੰਜ਼ਾਮ ਦੇਣਾ ਪਵੇਗਾ, ਦਰਅਸਲ ਉਸ ਇਮਤਿਹਾਨ ਨੂੰ ਪਾਸ ਕਰਨ ਪਿੱਛੋਂ ਹੀ ਉਹ ਆਪਣੇ ਕਿੱਤੇ ਦੀ ਪ੍ਰੈਕਟਿਸ ਕਰ ਸਕੇਗਾ। ਮੈਡੀਕਲ ਕਾਲਜਾਂ ਦੀ ਗੁਣਵੱਤਾ ਚੈੱਕ ਕਰਨ ਦਾ ਅਮਲ ਹੁਣ ਨਹੀਂ ਹੋਵੇਗਾ। ਮੈਡੀਕਲ ਕਮਿਸ਼ਨ ਵਿੱਚ ਬਹੁਤੇ ਸਰਕਾਰ ਦੇ ਬੰਦੇ ਹੋਣਗੇ। ਮੈਡੀਕਲ ਖੇਤਰ ਵਿੱਚੋਂ ਡਾਕਟਰਾਂ ਵੱਲੋਂ ਚੁਣਿਆ ਨੁਮਾਇੰਦਾ ਉਥੇ ਕੋਈ ਨਹੀਂ ਹੋਵੇਗਾ ਸਾਰੇ ਹੀ ਨਾਮਜ਼ਦ ਮੈਂਬਰ ਹੋਣਗੇ।

ਮੌਜੂਦਾ ਕੇਂਦਰ ਤੇ ਰਾਜ ਸਰਕਾਰਾਂ ਦੇ ਪ੍ਰਬੰਧਕੀ ਢਾਂਚੇ ਨੇ ਸਿਹਤ ਨੂੰ ਲੋਕਾਂ ਦੀ ਲੋੜ ਦੀ ਬਜਾਏ ਵਿਕਣ ਯੋਗ ਵਸਤੂ ਬਣਾਉਣ ਲਈ ਕਾਰਪੋਰੇਸ਼ਨਾਂ ਬਣਾ ਦਿੱਤੀਆਂ ਹਨ। ਹਸਪਤਾਲਾਂ ਦੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਕਰ ਕੇ ਉਨ੍ਹਾਂ ਨੂੰ ਲੋੜਾਂ ਮੁਤਾਬਕ ਢਾਲਣ ਦੀ ਬਜਾਏ ਉਨ੍ਹਾਂ ਨੂੰ ਜਾਂ ਤਾਂ ਵੇਚਿਆ ਜਾ ਰਿਹਾ ਹੈ ਜੇ ਠੇਕੇ ਤੇ ਦਿੱਤਾ ਜਾ ਰਿਹਾ ਹੈ। ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਭਾਵ ਜਨਤਕ ਨਿੱਜੀ ਭਾਈਵਾਲੀ ਦਾ (ਪੀ ਪੀ ਪੀ ਮਾਡਲ) ਲਿਆ ਕੇ ਲੋਕਾਂ ਤੋਂ ਉਨ੍ਹਾਂ ਦਾ ਅਧਿਕਾਰ ਖੋਹਿਆ ਜਾ ਰਿਹਾ ਹੈ।

ਸਰਕਾਰਾਂ ਨੇ ਲੋਕਾਂ ਨੂੰ ਜਨਤਕ ਖੇਤਰ ਰਾਹੀਂ ਮੁਫ਼ਤ ਸਿਹਤ ਸਹੂਲਤਾਂ ਮੁਹੱਈਆ ਕਰਾਉਣ ਅਤੇ ਬੀਮਾਰੀਆਂ ਦੀ ਰੋਕਥਾਮ ਕਰਨ ਦੇ ਫਰਜ਼ ਤੋਂ ਆਪਣਾ ਪੱਲਾ ਝਾੜ ਲਿਆ ਹੈ। ਇਨ੍ਹਾਂ ਨੇ 1996 ਵਿੱਚ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਬਣਾ ਕੇ ਲੈਬਾਰਟਰੀ ਟੈਸਟਾਂ ਅਤੇ ਹੋਰ ਸਹੂਲਤਾਂ ਦੇ ਰੇਟ ਤੈਅ ਕਰ ਦਿੱਤੇ।

ਹਸਪਤਾਲਾਂ ਨੂੰ ਆਪਣੇ ਖਰਚੇ ਆਪ ਕੱਢਣ ਲਈ ਮਜਬੂਰ ਕੀਤਾ ਜਾਣ ਲੱਗਿਆ ਅਤੇ ਹਸਪਤਾਲਾਂ ਦੇ ਬੁਨਿਆਦੀ ਇਮਾਰਤਾਂ ਆਦਿ ਦੇ ਢਾਂਚੇ ਦੀ ਮੁਰੰਮਤ ਲਈ ਵੀ ਇਨ੍ਹਾਂ ਹੀ ਰੇਟਾਂ ਰਾਂਹੀ ਇਕੱਠੇ ਕੀਤੇ ਪੈਸੇ ਦੀ ਵਰਤੋਂ ਕਰਨ ਦੀ ਪਾਲਿਸੀ ਲੈ ਆਂਦੀ।

ਪੰਜਾਬ ਦੀ ਜ਼ਿਆਦਾਤਰ ਆਬਾਦੀ ਪਿੰਡਾਂ ਵਿੱਚ ਰਹਿੰਦੀ ਹੈ ਪਿੰਡਾਂ ਦੇ ਸਬ ਸੈਂਟਰਾਂ ਪ੍ਰਾਇਮਰੀ ਹੈਲਥ ਸੈਂਟਰਾਂ ਕਮਿਊਨਿਟੀ ਹੈਲਥ ਸੈਂਟਰਾਂ ਚ ਹੌਲੀ ਹੌਲੀ ਸਟਾਫ ਦੀ ਭਰਤੀ ਕਰਨੀ ਬੰਦ ਕਰ ਦਿੱਤੀ ਅਤੇ ਡਾਕਟਰ ਨੂੰ ਜ਼ਿਆਦਾਤਰ ਸ਼ਹਿਰਾਂ ਵਿਚ ਹੀ ਲੈ ਆਂਦਾ।

ਰੈਗੂਲਰ ਸਿਹਤ ਅਮਲਾ ਪੈਰਾਮੈਡੀਕਲ ਸਟਾਫ ਸਫਾਈ ਕਰਮਚਾਰੀ ਅਤੇ ਡਾਕਟਰਾਂ ਦੀ ਭਰਤੀ ਠੇਕਾ ਤੇ ਅਧਾਰਤ ਕੀਤੀ ਜਾਣ ਲੱਗੀ ਹੈ। ਮਹਿੰਗਾਈ ਦੇ ਹਿਸਾਬ ਨਾਲ ਉਨ੍ਹਾਂ ਦੀਆਂ ਤਨਖਾਹਾਂ ਨੂੰ ਵਧਾਉਣ ਦੀ ਬਜਾਏ ਉਨ੍ਹਾਂ ਤੇ ਕੱਟ ਲਾ ਦਿੱਤਾ ਗਿਆ ਹੈ।

ਸਿਵਲ ਹਸਪਤਾਲਾਂ ਦੀਆਂ ਲੈਬਾਰਟਰੀਆਂ ਨੂੰ ਨਿੱਜੀ ਵਪਾਰੀਆਂ ਕੋਲ ਸੌਂਪਣ ਦੀ ਪਾਲਿਸੀ ਲੈ ਆਂਦੀ ਹੈ ਜਿਸ ਵਿੱਚੋਂ ਆਪਣੀ ਮਨਮਰਜ਼ੀ ਦੇ ਰੇਟ ਲਿਆ ਕਰਨਗੇ। ਡਾਕਟਰਾਂ ਨੂੰ ਮਿਲਦੇ ਐੱਨਪੀਏਜ਼ ਨੂੰ ਘਟਾ ਦਿੱਤਾ ਗਿਆ ਹੈ ਅਤੇ ਇਸ ਨੂੰ ਹੋਣਾ ਬੁਨਿਆਦੀ ਤਨਖਾਹ ਦਾ ਹਿੱਸਾ ਨਹੀਂ ਗਿਣਿਆ ਜਾਇਆ ਕਰੇਗਾ। ਕਰੋਨਾ ਦੀ ਦੂਜੀ ਲਹਿਰ ਦੀ ਮਹਾਂਮਾਰੀ ਦੌਰਾਨ ਡਾਕਟਰਾਂ ਤੇ ਸਿਹਤ ਅਮਲੇ ਨੇ ਜੀਅ ਮਾਰ ਕੇ ਆਪਣੀਆਂ ਜਾਨਾਂ ਖਤਰੇ ਚ ਪਾ ਕੇ ਕੰਮ ਕੀਤਾ ਪਰ ਉਸ ਤੇ ਇਨਾਮ ਵਜੋਂ ਉਨ੍ਹਾਂ ਦੀਆਂ ਤਨਖਾਹਾਂ ਘਟਾ ਦਿੱਤੀਆਂ ਗਈਆਂ।

ਕੋਰੋਨਰ ਦੀ ਮਹਾਂਮਾਰੀ ਦੌਰਾਨ ਲੋਕਾਂ ਦਾ ਇਲਾਜ ਸਰਕਾਰ ਵੱਲੋਂ ਆਪਣੇ ਖਰਚੇ ਤੇ ਕਰਨ ਦੀ ਬਜਾਏ ਉਨ੍ਹਾਂ ਨੂੰ ਲਾਵਾਰਿਸ ਛੱਡ ਦਿੱਤਾ ਗਿਆ ਅਤੇ ਨਿਜੀ ਖੇਤਰ ਦੇ ਮੁਨਾਫ਼ਾਖੋਰਾਂ ਵਲੋਂ ਉਸਾਰੇ ਹਸਪਤਾਲਾਂ ਵਿੱਚ ਜਾਣ ਲਈ ਉਨ੍ਹਾਂ ਨੂੰ ਮਜਬੂਰ ਕੀਤਾ ਗਿਆ ਜਿੱਥੇ ਵੱਡੀ ਪੱਧਰ ਤੇ ਉਨ੍ਹਾਂ ਤੋਂ ਲੱਖਾਂ ਵਿੱਚ ਫੀਸਾਂ ਲਈਆਂ ਗਈਆਂ ਵੈਂਟੀਲੇਟਰਾਂ ਦੇ ਖਰਚੇ ਪਾਏ ਗਏ ਅਤੇ ਮੌਤਾਂ ਬਹੁਤ ਹੋਈਆਂ। ਪਬਲਿਕ ਅਤੇ ਨਿੱਜੀ ਖੇਤਰ ਦੇ ਹਸਪਤਾਲਾਂ ਵਿੱਚ ਵੀ ਆਕਸੀਜਨ ਦੀ ਭਾਰੀ ਕਮੀ ਕਰ ਕੇ ਕਾਫ਼ੀ ਗਿਣਤੀ ਵਿੱਚ ਲੋਕ ਮੌਤ ਦਾ ਸ਼ਿਕਾਰ ਹੋਏ ਅਤੇ ਇਸ ਦੀ ਕਾਰਗੁਜ਼ਾਰੀ ਵੀ ਹੋਈ।

ਕਰੋਨਾ ਦੀ ਮਹਾਮਾਰੀ ਦੌਰਾਨ ਵਰਤੇ ਜਾਣ ਵਾਲੇ ਟੀਕੇ ਰੈਮੀਸਵਰ ਤਰੇਂਹਠ ਸੌ ਰੁਪਏ ਦੀ ਬਜਾਏ ਪਨਤਾਲੀ ਹਜਾਰ ਰੁਪਏ ਦਾ ਬਲੈਕ ਵਿੱਚ ਵਿਕਿਆ। ਕਰੋਨਾ ਦੀ ਸਰਕਾਰੀ



ਕਿਟਾਂ ਦੀ ਭਾਰੀ ਥੁੜ੍ਹ ਪਾਈ ਗਈ। ਕਰੋਨਾ ਦੇ ਇਲਾਜ ਵਿਚ ਹੋਏ ਖਰਚਿਆਂ ਨਾਲ ਘਰਾਂ ਦੀ ਆਰਥਕ ਵਿਵਸਥਾ ਵਿਗੜ ਗਈ ਅਤੇ ਉਹ ਕੰਗਾਲ ਹੋ ਗਏ।

ਕੋਰੋਨਾ ਕਾਰਨ ਹੋਈਆਂ ਮੌਤਾਂ ਦੀ ਗਿਣਤੀ ਦਾ ਸਹੀ ਅੰਕੜਾ ਵੀ ਸਰਕਾਰ ਵੱਲੋਂ ਨਹੀਂ ਦਿੱਤਾ ਜਾ ਰਿਹਾ ਗੈਰ ਸਰਕਾਰੀ ਸਰੋਤਾਂ ਮੁਤਾਬਕ ਮੌਤਾਂ ਵੱਧ ਹੋਈਆਂ ਹਨ ਜਦ ਕਿ ਸਰਕਾਰੀ ਅੰਕੜੇ ਘੱਟ ਦਰਸਾ ਰਹੇ ਹਨ। ਇੰਤਹਾ ਤਾਂ ਇੱਥੋਂ ਤੱਕ ਹੈ ਕਿ ਕਰੁਣਾ ਦੀ ਮਹਾਮਾਰੀ ਦੌਰਾਨ ਸਿਹਤ ਸਹੂਲਤਾਂ ਨੂੰ ਤਰਸ ਰਹੇ ਲੋਕਾਂ ਤੇ ਤਰਸ ਵੀ ਨਹੀਂ ਕੀਤਾ ਗਿਆ ਬਲਕਿ ਨਿੱਜੀਕਰਨ ਦੀ ਪਹੁੰਚ ਨੂੰ ਸਰਕਾਰ ਨੇ ਜਾਰੀ ਰੱਖਿਆ। ਨਵੀਆਂ ਆਰਥਿਕ ਨੀਤੀਆਂ ਦੇ ਤਹਿਤ ਕਾਰਪੋਰੇਟਾਂ ਦੇ ਹਵਾਲੇ ਜਿਥੇ ਬਾਕੀ ਖੇਤਰਾਂ ਨੂੰ ਕੀਤਾ ਜਾ ਰਿਹਾ ਹੈ ਸਿਹਤ ਖੇਤਰ ਵੀ ਇਸ ਦੀ ਮਾਰ ਤੋਂ ਬਚਿਆ ਹੋਇਆ ਨਹੀਂ ਹੈ। ਫਾਈਵ ਸਟਾਰ ਹੋਟਲ ਨੁਮਾ ਹਸਪਤਾਲਾਂ ਦੀ ਉਸਾਰੀ ਮੁਨਾਫ਼ਾਖੋਰਾਂ ਵੱਲੋਂ ਉਦੋਂ ਕੀਤੀ ਗਈ ਹੈ ਜਦੋਂ ਸਰਕਾਰ ਨੇ ਖ਼ੁਦ ਆਪਣੇ ਹੀ ਹਸਪਤਾਲਾਂ ਨੂੰ ਉਜਾੜ ਦਿੱਤਾ। ਹੈਰਾਨੀ ਦੀ ਗੱਲ ਹੈ ਕਿ ਸਰਕਾਰ ਵੱਲੋਂ ਨਿੱਜੀ ਹਸਪਤਾਲਾਂ ਨੂੰ ਬਿਸਤਰਿਆਂ ਤੇ ਖਰਚੇ ਤੈਅ ਕਰਨ ਵੇਲੇ ਖੁੱਲ੍ਹੀ ਵਰਤੀ ਗਈ ਅਤੇ ਕਰਕੇ ਭਾਰੀ ਤੈਅ ਕੀਤੇ ਗਏ। ਪੀਐਮ ਕੇਆਰ ਫੰਡ ਵਿੱਚੋਂ ਆਏ ਪੱਚੀ-ਤੀਹ ਦੇ ਕਰੀਬ ਵੈਂਟੀਲੇਟਰ ਬਠਿੰਡਾ ਜ਼ਿਲ੍ਹੇ ਨੇ ਨਿਜੀ ਹਸਪਤਾਲਾਂ ਨੂੰ ਦੇ ਦਿੱਤੇ, ਜਿਨ੍ਹਾਂ ਨੂੰ ਵਰਤ ਕੇ ਉਨ੍ਹਾਂ ਨੇ ਕਰੋੜਾਂ ਰੁਪਏ ਦਾ ਮੁਨਾਫ਼ਾ ਕਮਾਇਆ ਅਤੇ ਨਵੇਂ ਹਸਪਤਾਲਾਂ ਹੋਰ ਉਸਾਰ ਲਏ।

ਮਾਹਾਵਾਰੀ ਜਦੋਂ ਐਲਾਨ ਦਿੱਤੀ ਜਾਂਦੀ ਹੈ ਤਾਂ ਉਸ ਅਧੀਨ ਮੌਤ ਦਾ ਸ਼ਿਕਾਰ ਹੋਏ ਲੋਕਾਂ ਨੂੰ ਮੁਆਵਜ਼ਾ ਦੇਣਾ ਵੀ ਲਾਗੂ ਹੋ ਜਾਂਦਾ ਹੈ ਪਰ ਸਰਕਾਰ ਨੇ ਤਾਂ ਮੌਤਾਂ ਦੀ ਗਿਣਤੀ ਦੱਸਣ ਤੋਂ ਵੀ ਲੋਕ ਸਭਾ ਵਿੱਚ ਇਨਕਾਰ ਕਰ ਦਿੱਤਾ ਹੈ। ਪਬਲਿਕ ਖੇਤਰ ਦੇ ਮੁਲਾਜ਼ਮਾਂ ਨੂੰ ਕੋਰੋਨਾ ਦੌਰਾਨ ਹੋਏ ਖਰਚੇ ਦੀ ਪੂਰਤੀ ਦੇ ਬਿੱਲ ਵੀ ਪਾਸ ਕਰਨ ਤੋਂ ਸੂਬਾ ਸਰਕਾਰ ਨੇ ਨਾਂਹ ਕਰ ਦਿੱਤੀ ਹੈ।

ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਸਿਹਤ ਅਤੇ ਸਿੱਖਿਆ ਦੋ ਬੁਨਿਆਦੀ ਲੋੜਾਂ ਨੂੰ ਕਿਸੇ ਵੀ ਪਾਰਟੀ ਨੇ ਆਪਣੇ ਚੋਣ ਏਜੰਡੇ ਤੇ ਅਜੇ ਤੱਕ ਨਹੀਂ ਲਿਆਂਦਾ ਹੈ। ਲੋਕਾਂ ਨੂੰ ਮੁਫ਼ਤ ਬਿਜਲੀ ਦੇਣ ਦੇ ਲਾਰੇ ਲਾ ਕੇ ਮਾਹੌਲ ਹੋਰ ਪਾਸੇ ਘੁਮਾਇਆ ਜਾ ਰਿਹਾ ਹੈ।

ਛੇਵੇਂ ਤਨਖਾਹ ਕਮਿਸ਼ਨ ਦੀ ਰਿਪੋਰਟ ਪਿੱਛੋਂ ਸਰਕਾਰ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਨੇ ਜਿੱਥੇ ਬਾਕੀ ਮੁਲਾਜ਼ਮਾਂ ਦਾ ਹੱਕ ਮਾਰਿਆ ਹੈ ਉੱਥੇ ਸਿਹਤ ਖੇਤਰ ਵੀ ਇਸ ਦੀ ਮਾਰ ਤੋਂ ਬਚਿਆ ਨਹੀਂ ਹੈ ਬਲਕਿ ਸਾਰੇ ਮੁਲਾਜ਼ਮ ਸੰਘਰਸ਼ ਦੇ ਰਾਹ ਪਏ ਹੋਏ ਹਨ।

ਜਿੱਥੋਂ ਤਕ ਦਵਾਈਆਂ ਦਾ ਸੁਆਲ ਹੈ ਮਹਿੰਗੇ ਰੇਟਾਂ ਤੇ ਮਰੀਜ਼ਾਂ ਨੂੰ ਦਵਾਈਆਂ ਲੈਣ ਵਿੱਚ ਬੇਹੱਦ ਨੁਕਸਾਨ ਹੋ ਰਿਹਾ ਹੈ ਕਿਉਂਕਿ ਸਰਕਾਰੀ ਕੰਟਰੋਲ ਵਾਲੇ ਦਵਾਈਆਂ ਦੇ ਕਾਰਖਾਨੇ ਸਰਕਾਰ ਨੇ ਖ਼ੁਦ ਹੀ ਬੰਦ ਕਰ ਦਿੱਤੇ ਹਨ ਹੁਣ ਬਹੁਕੌਮੀ ਕੰਪਨੀਆਂ ਦੀਆਂ ਏਜੰਸੀਆਂ ਖੁੱਲ੍ਹੇਆਮ ਆਪਣੇ ਰੇਟਾਂ ਨੂੰ ਵਧਾ ਕੇ ਕਰੋੜਾਂ ਦਾ ਮੁਨਾਫਾ ਕਮਾ ਰਹੀਆਂ ਹਨ। ਕਈ ਜਾਨ ਬਚਾਊ ਦਵਾਈਆਂ ਅਜਿਹੀਆਂ ਹਨ ਜੋ ਪਹਿਲਾਂ ਸਰਕਾਰੀ ਕੰਟਰੋਲ ਰੇਟ ਦੀ ਸੂਚੀ ਵਿਚ ਸਨ ਤੇ ਕੰਟਰੋਲ ਰੇਟ ਤੇ ਮਿਲਦੀਆਂ ਸਨ ਪਰ ਉਨ੍ਹਾਂ ਨੂੰ ਸੂਚੀ ਤੋਂ ਬਾਹਰ ਕਰ ਦਿੱਤਾ ਗਿਆ ਹੈ।

ਸਮਾਜ ਵਿੱਚ ਵਿਆਪਕ ਪੱਧਰ ਤੇ ਸਿਆਸੀ ਸ਼ਹਿ ਹੇਠ ਫੈਲੀ ਨਸ਼ਾਖੋਰੀ ਨੂੰ ਲਗਾਮ ਦੇਣ ਲਈ ਨਸ਼ਾ ਛੁਡਾਊ ਕੇਂਦਰਾਂ ਦਾ ਵਿਸਥਾਰ ਕਰਕੇ ਪੀੜਤ ਲੋਕਾਂ ਦਾ ਵਿਗਿਆਨਕ ਢੰਗ ਨਾਲ ਇਲਾਜ ਕਰਨ ਲਈ ਲੋੜੀਂਦੀ ਵਿਵਸਥਾ ਤਹਿਤ ਡਾਕਟਰਾਂ ਸਮੇਤ ਸਾਰੇ ਅਮਲੇ ਨਿਯੁਕਤੀ, ਕੌਂਸਲਰ ਮੁਹੱਈਆ ਕਰਾਏ ਜਾਣ। ਦਵਾਈਆਂ ਮੁਫ਼ਤ ਦਿੱਤੀਆਂ ਜਾਣ ਅਤੇ ਉਨ੍ਹਾਂ ਦੇ ਮੁੜ ਵਸੇਬੇ ਦਾ ਪ੍ਰਬੰਧ ਕਰਨ ਲਈ ਵੱਖਰਾ ਬਜਟ ਰੱਖਿਆ ਜਾਵੇ। ਟੈਟਨਸ ਅਤੇ ਰੇਬੀਜ਼ ਦੇ ਪੀੜਤ ਲੋਕਾਂ ਦਾ ਇਲਾਜ ਕਰਨ ਲਈ ਵੱਖਰੇ ਵਿੰਗ ਉਸਾਰੇ ਜਾਣ।

ਜੇਹਲਾਂ ਅੰਦਰਲੇ ਬਿਮਾਰ ਕੈਦੀਆਂ ਦੇ ਇਲਾਜ ਲਈ ਸਾਡੇ ਇਥੇ ਕੋਈ ਬਹੁਤਾ ਪ੍ਰਬੰਧ ਨਹੀਂ ਹੈ। ਉੱਥੇ ਰੋਗੀ ਇਲਾਜ ਖੁਣੋਂ ਮੌਤ ਦਾ ਸ਼ਿਕਾਰ ਹੁੰਦੇ ਰਹਿੰਦੇ ਹਨ ਜਾਂ ਫਿਰ ਜ਼ਿੰਦਗੀ ਭਰ ਲਈ ਭਿਆਨਕ ਬੀਮਾਰੀਆਂ ਦਾ ਸ਼ਿਕਾਰ ਹੋ ਕੇ ਅਪਾਹਜ ਹੋ ਜਾਂਦੇ ਹਨ। ਕੈਦੀਆਂ ਦੇ ਇਲਾਜ ਲਈ ਜੇਲ੍ਹ ਦੇ ਅੰਦਰ ਵੀ ਮਾਡਰਨ ਹਸਪਤਾਲ ਉਸਾਰੇ ਜਾਣ। ਇਸ ਵਿੱਚ ਹਰ 8 ਘੰਟਿਆਂ ਪਿਛੋਂ ਡਾਕਟਰ ਦੀ ਡਿਊਟੀ ਬਦਲੀ ਜਾਵੇ ਤੇ ਉੱਥੇ ਓ ਪੀ ਡੀ ਵਿਚ ਹਰ ਕਿਸਮ ਦੀ ਗੁਣਵੱਤਾ ਭਰਪੂਰ ਦਵਾਈ ਦਿੱਤੀ ਜਾਵੇ। ਆਪ੍ਰੇਸ਼ਨ ਥੀਏਟਰ ਹੋਵੇ। ਐਕਸਰੇ ਈ ਸੀ ਜੀ, ਲੈਬ ਟੈਸਟ ਕਰਨ ਦਾ ਪ੍ਰਬੰਧ ਹੋਵੇ। ਮਰੀਜ਼ਾਂ ਨੂੰ ਦਾਖਲ ਕਰਨ ਲਈ ਵੱਖਰੇ ਵਾਰਡ ਉਸਾਰੇ ਜਾਣ।

ਤਪਦਿਕ ਦੇ ਰੋਗੀਆਂ ਦੇ ਇਲਾਜ ਲਈ ਸਾਫ ਸੁਥਰੇ ਹਵਾਦਾਰ ਵਾਤਾਵਰਣ ਵਿੱਚ ਵੱਖਰੇ ਵਾਰਡ ਉਸਾਰੇ ਜਾਣ ਜਿਥੇ ਪੂਰੀਆਂ ਸਹੂਲਤਾਂ ਮੁਹਈਆ ਹੋਣ।

ਉਪਰੋਕਤ ਵੇਰਵੇ ਤੋਂ ਕੁੱਝ ਮੰਗਾਂ ਉੱਭਰਕੇ ਸਾਹਮਣੇ ਨਿਕਲਦੀਆਂ ਹਨ ਜਿਵੇਂ ਕਿ

--ਲੋਕਾਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਉਹ ਦੀ ਰੋਗ-ਪ੍ਰਤੀਰੋਧਕ ਸਮਰੱਥਾ ਵਧਾਉਣ ਤੇ ਬਣਾਈ ਰੱਖਣ ਲਈ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਪੌਸ਼ਟਿਕ ਖੁਰਾਕ ਮੁਹੱਈਆ ਕਰਾਈ ਜਾਵੇ। ਜੈਨੇਟੀਕਲੀ ਮੋਡੀਫਾਈਡ ਵਸਤਾਂ ਦੀ ਪੈਦਾਇਸ਼ ਬੰਦ ਕਰਕੇ ਆਰਗੈਨਿਕ ਖੇਤੀ ਨੂੰ ਉਤਸ਼ਾਹਿਤ ਕੀਤਾ ਜਾਵੇ।

--ਸਾਫ਼ ਪਾਣੀ ਹਵਾ ਤੇ ਸੁਰੱਖਿਅਤ (ਪ੍ਰਦੂਸ਼ਣ ਰਹਿਤ ਵਾਤਾਵਰਨ) ਦਾ ਪ੍ਰਬੰਧ ਕੀਤਾ ਜਾਵੇ।

--ਲੋਕਾਂ ਦੇ ਜੀਵਨ ਦੀ ਰਾਖੀ ਲਈ ਘੱਟੋ ਘੱਟ ਵੇਤਨ ਵਾਲਾ ਰੁਜ਼ਗਾਰ ਮੁਹੱਈਆ ਕਰਾਇਆ ਜਾਵੇ ਅਤੇ ਉਹਨਾਂ ਨੂੰ ਭੁੱਖਮਰੀ ਗ਼ਰੀਬੀ ਤੋਂ ਬਚਾ ਕੇ ਰਖਿਆ ਜਾਵੇ।

--ਵਾਤਾਵਰਨ ਤੇ ਪਾਣੀ ਦੇ ਪ੍ਰਦੂਸ਼ਣ ਨਾਲ ਹੋਣ ਵਾਲੀਆਂ ਬਿਮਾਰੀਆਂ ਅਤੇ ਹੋਰ ਛੂਤ ਛਾਤ ਦੀਆਂ ਬਿਮਾਰੀਆਂ ਤੋਂ ਬਚਾਅ ਲਈ ਹਰ ਮੌਸਮ ਵਿੱਚ ਲੋੜੀਂਦੇ ਕਦਮ ਚੁੱਕੇ ਜਾਣ ਤੇ ਇਸ ਲਈ ਟੀਮਾਂ ਪੱਕੇ ਤੌਰ ਤੇ ਬਣਾਈਆਂ ਜਾਣ।

--ਇੱਕ ਹਜਾਰ ਦੀ ਆਬਾਦੀ ਪਿੱਛੇ ਇਕ ਡਾਕਟਰ ਦੀ ਪੱਕੀ ਨਿਯੁਕਤੀ ਉਸ ਨੂੰ ਲੋੜੀਂਦੇ ਸਿਹਤ ਅਮਲੇ ਸਮੇਤ ਕੀਤੀ ਜਾਵੇ।

--ਪਿੰਡਾਂ ਦੀ ਹਰੇਕ ਦਸ ਹਜ਼ਾਰ ਦੀ ਆਬਾਦੀ ਪਿੱਛੇ ਇਕ ਸਬ ਸੈਂਟਰ ਹੋਵੇ ਜਿੱਥੇ ਮੁਢਲੀਆਂ ਸਿਹਤ ਸਹੂਲਤਾਂ ਹੋਣ ਤੇ ਸਿਹਤ ਅਮਲੇ ਦੀ ਪੱਕੀ ਨਿਯੁਕਤੀ ਕੀਤੀ ਜਾਵੇ।

-- ਪੰਜਾਹ ਹਜ਼ਾਰ ਦੀ ਆਬਾਦੀ ਪਿੱਛੇ ਇਕ ਕਮਿਊਨਿਟੀ ਹੈਲਥ ਸੈਂਟਰ ਸਥਾਪਤ ਕੀਤਾ ਜਾ ਕੇ ਜਿੱਥੇ ਟਰੋਮਾ ਸੈਂਟਰ ਹੋਵੇ,ਆਪ੍ਰੇਸ਼ਨ ਥੀਏਟਰ ਲੈਬਾਰਟਰੀ ਬਲੱਡ ਬੈਂਕ ਐਕਸਰੇ ਜੱਚਾ ਬੱਚਾ ਵਾਰਡ ਤੇ ਹੋਰ ਪੱਚੀ ਬੈਡ ਮੁਹੱਈਆ ਕੀਤੇ ਜਾਣ।

--ਇੱਕ ਲੱਖ ਦੀ ਪੇਂਡੂ ਆਬਾਦੀ ਪਿੱਛੇ ਇਕ ਪ੍ਰਾਇਮਰੀ ਹੈਲਥ ਸੈਂਟਰ ਹੋਵੇ ਜਿੱਥੇ ਘੱਟੋ ਘੱਟ ਤੀਹ ਬਿਸਤਰਿਆਂ ਦਾ ਇੰਤਜ਼ਾਮ ਹੋਵੇ ਹਰੇਕ ਸਪੈਸ਼ਲਿਟੀ ਦਾ ਇੱਕ ਡਾਕਟਰ ਨਿਯੁਕਤ ਹੋਵੇ। ਜੱਚਾ-ਬੱਚਾ ਮਾਹਰ,ਹੱਡੀਆਂ ਦੇ ਮਾਹਰ, ਆਪ੍ਰੇਸ਼ਨਾਂ ਦੇ ਮਾਹਿਰ, ਮੈਡੀਸਨ ਦੇ ਮਾਹਿਰ, ਅੱਖਾਂ, ਨੱਕ ਕੰਨ ਗਲੇ ਦੇ ਮਾਹਰ ਤੇ ਬੱਚਿਆਂ ਦੇ ਮਾਹਰ ਦੀ ਨਿਯੁਕਤੀ ਹੋਵੇ।

--ਡਾਕਟਰਾਂ ਨਰਸਾਂ ਪੈਰਾ ਮੈਡੀਕਲ ਸਟਾਫ ਸਫਾਈ ਕਰਮਚਾਰੀਆਂ ਆਦਿ ਅਮਲੇ ਤੇ ਰਿਹਾਇਸ਼ੀ ਕੁਆਰਟਰ ਹਸਪਤਾਲ ਦੀ ਵਿੱਚ ਹੋਣ ਤੇ ਐਮਰਜੈਂਸੀ ਅਟੈਂਡ ਹੋਵੇ।

--ਜ਼ਿਲ੍ਹਾ ਪੱਧਰ ਤੇ ਘੱਟੋ ਘੱਟ ਪੰਜ ਸੌ ਬਿਸਤਰਿਆਂ ਦਾ ਇੱਕ ਹਸਪਤਾਲ ਜਿਸ ਵਿਚ ਹਰ ਸਪੈਸ਼ਲਿਟੀ ਦਾ ਇੱਕ ਵਿਭਾਗ ਹੋਵੇ। ਐਮਰਜੈਂਸੀ ਵਿਭਾਗ ਵੱਖਰਾ ਅਪਣਾਇਆ ਜਾਵੇ। ਲੈਬਾਰਟਰੀ, ਐਕਸਰੇ, ਸੀਟੀ ਸਕੈਨ,ਐਮ ਆਰ ਆਈ ਤੇ ਹੋਰ ਡਾਇਗਨਾਸਟਿਕ ਸਹੂਲਤਾਂ ਮੁਹੱਈਆ ਹੋਣ। ਬਲੱਡ ਬੈਂਕ ਤੇ ਉੱਚ ਪੱਧਰੇ ਅਧੁਨਿਕ ਓਪਰੇਸ਼ਨ ਥੀਏਟਰ ਬਣਾਏ ਜਾਣ।

--ਸਿਹਤ ਖੇਤਰ ਦਾ ਬਜਟ ਸਮੁੱਚੇ ਬਜਟ ਫਾ ਘੱਟੋ ਘੱਟ ਪੰਦਰਾਂ ਫੀਸਦੀ ਰਾਖਵਾਂ ਰੱਖਿਆ ਜਾਵੇ। ਜਿਸ ਦੇ ਫੰਡ ਕਿਸੇ ਹੋਰ ਪਾਸੇ ਨਾ ਵਰਤੇ ਜਾਣ।

--ਛੂਤਛਾਤ ਦੀਆਂ ਬਿਮਾਰੀਆਂ ਦੀ ਰੋਕਥਾਮ ਲਈ ਸਾਰਾ ਸਾਲ ਵਿਸ਼ੇਸ਼ ਮੁਹਿੰਮ ਚਲਾਉਣ ਲਈ ਵੱਖਰੀਆਂ ਟੀਮਾਂ ਬਣਾਈਆਂ ਜਾਣ ਅਤੇ ਮਹਿਕਮੇ ਸਥਾਪਤ ਕੀਤੇ ਜਾਣ।



ਡਾ ਅਜੀਤਪਾਲ ਸਿੰਘ (ਐਮ ਡੀ)

91-98156-29301

--ਕਰੋਨਾ ਵਰਗੀਆਂ ਬਿਮਾਰੀਆਂ ਦੀ ਮਹਾਂਮਾਰੀ ਦੇ ਆਉਣ ਤੋਂ ਪਹਿਲਾਂ ਬਚਾਅ ਦੇ ਸਾਰੇ ਪ੍ਰਬੰਧ ਅਤੇ ਬਿਮਾਰੀ ਨਾਲ ਨਜਿੱਠਣ ਲਈ ਘੱਟੋ ਘੱਟ ਲੋੜੀਂਦਾ ਮੁਢਲਾ ਢਾਂਚਾ ਪਹਿਲਾਂ ਉਸਾਰਿਆ ਜਾਵੇ

--ਮਹਾਂਮਾਰੀ ਆਉਣ ਤੇ ਸਾਰੇ ਪ੍ਰਭਾਵਤ ਲੋਕਾਂ ਦਾ ਇਲਾਜ ਸਰਕਾਰ ਆਪਣੇ ਖਰਚੇ ਤੇ ਕਰੇ ਅਤੇ ਉਸ ਬਿਮਾਰੀ ਨਾਲ ਹੋਣ ਵਾਲੇ ਹਰਜਾਨੇ ਦੀ ਪੂਰਤੀ ਵੀ ਸਰਕਾਰ ਆਪਣੇ ਬਜਟ ਵਿੱਚੋਂ ਕਰੇ।

-- ਮਹਾਂਮਾਰੀ ਦੇ ਅਰਸੇ ਦੌਰਾਨ ਸਰਕਾਰ ਸਾਰੇ ਨਿਜੀ ਹਸਪਤਾਲਾਂ ਨੂੰ ਆਪਣੇ ਅਧੀਨ ਕੰਟਰੋਲ ਵਿੱਚ ਲਵੇ ਅਤੇ ਮਰੀਜਾਂ ਦਾ ਉੱਥੇ ਇਲਾਜ ਆਪਣੀ ਦੇਖ ਰੇਖ ਵਿਚ ਕੀਤਾ ਜਾਵੇ। ਡਾਕਟਰਾਂ ਤੇ ਹੋਰ ਨਿੱਜੀ ਅਮਲੇ ਨੂੰ ਵਲੰਟੀਅਰਾਂ ਵਜੋਂ ਉੱਥੇ ਕੰਮ ਕਰਨਾ ਜ਼ਰੂਰੀ ਹੋਵੇ ਅਤੇ ਇਲਾਜ ਦਾ ਕੋਈ ਖਰਚਾ ਮਰੀਜਾਂ ਤੋਂ ਨਾ ਲਿਆ ਜਾਵੇ।

-- ਦਵਾਈਆਂ ਤੇ ਹਸਪਤਾਲਾਂ ਚ ਵਰਤਿਆ ਜਾਣ ਵਾਲਾ ਹੋਰ ਮੁੱਢਲਾ ਸਾਜ਼ੋ ਸਾਮਾਨ ਬਣਾਉਣ ਦੇ ਕਾਰਖਾਨੇ ਸਰਕਾਰ ਜਨਤਕ ਖੇਤਰ ਵਿੱਚ ਸਥਾਪਤ ਕਰੇ ਅਤੇ ਦਵਾਈਆਂ ਦੇ ਰੇਟ ਪਹਿਲਾਂ ਫਿਕਸ ਕੀਤੀ ਜਾਣ।

-- ਜਨਤਕ ਖੇਤਰ ਦੇ ਅਦਾਰਿਆਂ ਨੂੰ ਸਸਤੇ ਰੇਟਾਂ ਤੇ ਕੌਡੀਆਂ ਦੇ ਭਾਅ ਮੁਨਾਫਾਖੋਰਾਂ ਨੂੰ ਵੇਚਣਾ ਬੰਦ ਕੀਤਾ ਜਾਵੇ

-- ਕੱਚੇ ਅਤੇ ਠੇਕੇ ਤੇ ਕੰਮ ਕਰਦੇ ਮੁਲਾਜ਼ਮਾਂ ਨੂੰ ਪੱਕੀ ਤਨਖਾਹ ਤੇ ਨਿਯੁਕਤ ਕੀਤਾ ਜਾਵੇ।

-- ਸੂਬੇ ਦੇ ਹਰੇਕ ਜ਼ਿਲ੍ਹੇ ਵਿਚ ਏਮਜ਼ ਹਸਪਤਾਲ ਦਿੱਲੀ ਦੀ ਤਰਜ਼ ਤੇ ਹਸਪਤਾਲ ਉਸਾਰਿਆ ਤੇ ਚਲਾਇਆ ਜਾਵੇ।

-- ਭੰਗ ਕੀਤੀ ਕਿ ਮੈਡੀਕਲ ਕੌਂਸਲ ਆਫ ਇੰਡੀਆ ਨੂੰ ਮੁੜ ਬਹਾਲ ਕੀਤਾ ਜਾਵੇ।

-- ਮੈਡੀਕਲ ਕਾਲਜਾਂ ਵਿਚ ਡਾਕਟਰੀ ਦੀ ਪੜ੍ਹਾਈ ਨਾਂ ਮਾਤਰ ਫੀਸਾਂ ਨਾਲ ਕਰਵਾਈ ਜਾਵੇ ਤਾਂ ਕਿ ਆਬਾਦੀ ਦੇ ਹੇਠਲੇ ਤੇ ਗ਼ਰੀਬ ਹਿੱਸਿਆਂ ਵਿਚੋਂ ਡਾਕਟਰ ਬਣ ਸਕਣ ਤੇ ਉਹ ਲੋਕਾਂ ਦੀ ਸੇਵਾ ਬਿਹਤਰ ਕਰ ਸਕਣ।

-- ਡਾਕਟਰੀ ਖੇਤਰ ਵਿੱਚ ਨਿੱਜੀਕਰਨ ਤੇ ਪੂਰੀ ਤਰ੍ਹਾਂ ਲਗਾਮ ਕਸੀ ਜਾਵੇ ਅਤੇ ਨਿੱਜੀ ਖੇਤਰ ਵਿੱਚ ਕੰਮ ਕਰਦੇ ਹਸਪਤਾਲਾਂ ਨੂੰ ਆਪਣੇ ਕੰਟਰੋਲ ਵਿਚ ਰੱਖਿਆ ਜਾਵੇ।

-- ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਨੂੰ ਭੰਗ ਕਰ ਕੇ ਸਾਰਾ ਪ੍ਰਬੰਧ ਸਰਕਾਰ ਪਹਿਲਾਂ ਦੀ ਤਰ੍ਹਾਂ ਆਪਣੇ ਹੱਥ ਵਿੱਚ ਲੈ ਕੇ ਚਲਾਵੇ ਤੇ ਬਜਟ ਵਿੱਚੋਂ ਖਰਚ ਕਰੇ।

-- ਸਨਅਤੀ ਅਤੇ ਖੇਤੀ ਕਾਮਿਆਂ ਲਈ ਈਐਸਈ ਡਿਸਪੈਂਸਰੀਆਂ ਅਤੇ ਹਸਪਤਾਲਾਂ ਨੂੰ ਮਜ਼ਬੂਤ ਕੀਤਾ ਜਾਵੇ ਅਤੇ ਇਹਨਾਂ ਦੀ ਗਿਣਤੀ ਵਧਾਈ ਜਾਵੇ।

-- ਸਰਕਾਰੀ ਤੇ ਪ੍ਰਾਈਵੇਟ ਅਦਾਰਿਆਂ ਵਿੱਚ ਕੰਮ ਕਰਦੇ ਮੁਲਾਜ਼ਮਾਂ ਲਈ ਕੈਸ਼ਲੈੱਸ ਸਿਹਤ ਸਹੂਲਤ ਮੁਹੱਈਆ ਕਰਵਾਈ ਜਾਵੇ।

--ਹਰ ਜ਼ਿਲ੍ਹਾ ਪੱਧਰ ਤੇ ਔਰਤਾਂ ਤੇ ਬੱਚਿਆਂ ਦੇ ਵੱਖਰੇ ਹਸਪਤਾਲ ਹੋਣ ਜਿਥੇ ਘੱਟੋ ਘੱਟ ਦੋ ਸੌ ਬਿਸਤਰਿਆਂ ਦਾ ਇੰਤਜਾਮ ਹੋਵੇ।

--ਬਜ਼ੁਰਗਾਂ ਦੀਆਂ ਬਿਮਾਰੀਆਂ ਤੇ ਚੈੱਕਅੱਪ ਲਈ ਹਰ ਹਸਪਤਾਲ ਵਿੱਚ ਵੱਖਰਾ ਪ੍ਰਬੰਧ ਕੀਤਾ ਜਾਵੇ।

--ਕੈਂਸਰ ਵਰਗੀ ਨਾਮੁਰਾਦ ਤੇ ਜਾਨਲੇਵਾ ਬੀਮਾਰੀ ਤੋਂ ਲੋਕਾਂ ਨੂੰ ਬਚਾਉਣ ਅਤੇ ਉਸ ਦਾ ਇਲਾਜ ਕਰਨ ਲਈ ਵੀ ਹਰ ਜ਼ਿਲ੍ਹਾ ਪੱਧਰ ਤੇ ਹਸਪਤਾਲ ਹੋਣ, ਜਿੱਥੇ ਇਲਾਜ ਬਿਲਕੁਲ ਮੁਫਤ ਹੋਵੇ।

--ਕੋਰੋਨਾ ਵਰਗੀ ਖ਼ਤਰਨਾਕ ਲਾਗ ਦੀ ਬੀਮਾਰੀ ਤੋਂ ਬਚਾਅ ਲਈ ਕੀਤੀ ਜਾਂਦੀ ਮੁਫਤ ਵੈਕਸੀਨੇਸ਼ਨ ਦੀ ਗੁਣਵੰਤਾ, ਲਗਾਤਾਰਤਾ ਤੇ ਲੋੜੀਂਦੀ ਰਫਤਾਰ ਨੂੰ ਯਕੀਨੀ ਬਣਾਇਆ ਜਾਵੇ ਅਤੇ ਲੋਕਾਂ ਵਿੱਚ ਪਾਏ ਜਾਂਦੇ ਡਰ ਨੂੰ ਦੂਰ ਕਰਨ ਲਈ ਉਨ੍ਹਾਂ ਦੀ ਲੋੜੀਂਦੀ ਸ਼ੰਕਾ ਨਵਿਰਤੀ ਕੀਤੀ ਜਾਵੇ।

--ਕਰੋਨਾ ਦੀ ਮਹਾਂਮਾਰੀ ਨਾਲ ਨਜਿੱਠਣ ਲਈ ਆਕਸੀਜਨ ਅਤੇ ਵੈਂਟੀਲੇਟਰ ਸਾਰੇ ਹਸਪਤਾਲਾਂ ਚ ਮੁਹਈਆ ਕਰਵਾਏ ਜਾਣੇ ਚਾਹੀਦੇ ਹਨ।


--ਸਿਹਤ ਖੇਤਰ ਵਿਚ ਡਾਕਟਰਾਂ ਤੇ ਹੋਰ ਅਮਲੇ ਦੀ ਚੋਣ, ਨਿਯੁਕਤੀ ਤੇ ਤਬਾਦਲਿਆਂ ਵਿੱਚ ਕੋਈ ਸਿਆਸੀ ਦਖਲਅੰਦਾਜ਼ੀ ਨਾ ਕੀਤੀ ਜਾਵੇ।

-- ਹਰ ਤਰ੍ਹਾਂ ਦੇ ਫਾਸਟ ਫੂਡ ਕੋਲਡ ਡਰਿੰਕਸ, ਫਲ, ਬੋਤਲਬੰਦ ਪਾਣੀ, ਮਿਠਾਈਆਂ, ਦੁੱਧ ਤੇ ਬਾਜ਼ਾਰ ਵਿੱਚ ਵਿਕਦੀਆਂ ਹੋਰ ਖੁਰਾਕੀ ਵਸਤੂਆਂ ਦੀ ਗੁਣਵੱਣਤਾ ਯਕੀਨੀ ਬਣਾਉਣ ਲਈ ਕੀਤੀ ਜਾਂਦੀ ਸੈਂਪਲਿੰਗ ਦੇ ਅਮਲ ਚ ਹੁੰਦਾ ਭ੍ਰਿਸ਼ਟਚਾਰ ਪੂਰੀ ਤਰ੍ਹਾਂ ਬੰਦ ਕੀਤਾ ਜਾਵੇ।

-- ਸਿਹਤ ਲਈ ਹਾਨੀਕਾਰਕ ਵਸਤੂਆਂ ਦੀ ਵਿਕਰੀ ਤੇ ਮੁਕੰਮਲ ਪਾਬੰਦੀ ਪਹਿਲਾਂ ਹੀ ਲਾਈ ਜਾਵੇ।

# ਇਤਿਹਾਸਕ ਗੁਰਦੁਆਰਾ ਸ੍ਰੀ ਸਰਦੂਲ ਸਰ ਸਾਹਿਬ, ਪਿੰਡ ਮਲਕਪੁਰ (ਲੁਧਿਆਣਾ)

ਇਹ ਪਵਿੱਤਰ ਅਸਥਾਨ ਖੰਨਾ ਤੋਂ 6 ਕਿਲੋਮੀਟਰ ਦੀ ਦੂਰੀ 'ਤੇ ਪਿੰਡ ਮਲਕਪੁਰ ਵਿਖੇ ਸਥਿਤ ਹੈ। ਇਹ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਮਹਾਰਾਜ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ। ਗੁਰੂ ਜੀ ਪਿੰਡ ਜੱਸੜਾਂ, ਪਿੰਡ ਡਡਹੇੜੀ ਦੀ ਢਾਬ 'ਤੇ ਸੰਗਤਾਂ ਨੂੰ ਨਿਹਾਲ ਕਰਦੇ ਹੋਏ ਤੇ ਸ਼ਰਧਾਲੂਆਂ ਨੂੰ ਤਾਰਦੇ ਹੋਏ ਨੇੜਲੇ ਨਗਰ ਅਜਨੇਰ ਆਏ। ਪਿੰਡ ਅਜਨੇਰ ਦੀ ਇੱਕ ਜੌਹੜ ਦੀ ਜਗ੍ਹਾ ਜੋ ਪਿੰਡ ਅਜਨੇਰ ਦੀ ਪੱਛਮ ਦਿਸ਼ਾ ਵੱਲ ਸਥਿਤ ਹੈ, ਉੱਤੇ ਆ ਕੇ ਠਹਿਰੇ। ਚਾਰੇ ਦਿਸ਼ਾਵਾਂ ਤੋਂ ਸੰਗਤਾਂ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਉਣ ਲੱਗੀਆਂ। ਕਈ ਸੇਵਾਦਾਰ ਰਸਦਾਂ ਦੁੱਧ ਲੈ ਕੇ ਹਾਜ਼ਿਰ ਹੁੰਦੇ। ਜਿਨ੍ਹਾਂ ਵਿੱਚੋਂ ਫੱਤੂ ਡੂਮ, ਨਿਗਾਹੀਆ ਝਿਉਰ, ਜਗਤਾ ਜੱਟ ਸੈਦਪੁਰ, ਪਿੰਡ ਮਾਨੂੰਪੁਰ ਤੋਂ ਪੂਰਨ ਬ੍ਰਾਹਮਣ, ਪਿੰਡ ਮਲਕਪੁਰ ਤੋਂ ਪਾਖਰ ਜੱਟ ਖੰਗੂੜਾ ਗੋਤ, ਭੜੀ ਤੋਂ ਪ੍ਰੇਮਾਂ ਖਿਲੂ ਰੰਗੜ ਆਦਿ ਸੇਵਾਦਾਰ ਸਨ। ਕੁੱਝ ਸਮਾਂ ਬੀਤ ਜਾਣ 'ਤੇ ਪਿੰਡ ਜੱਲ੍ਹਣਪੁਰ ਤੋਂ ਇਕ ਬ੍ਰਾਹਮਣਾ ਦੀ ਲੜਕੀ ਜਿਸ ਦਾ ਨਾਂਅ ਮਾਹੇਸ਼ਵਰੀ ਦੇਵੀ ਸੀ, ਵੀ ਆਉਣ ਲੱਗੀ। ਮਾਹੇਸ਼ਵਰੀ ਦੇਵੀ ਰੋਜ਼ ਝਾੜੂ ਦੀ ਸੇਵਾ ਕਰਦੀ ਤੇ ਝਾੜੂ ਦੀ ਸੇਵਾ ਕਰਕੇ ਦੂਰ ਜਾ ਬੈਠਦੀ। ਇਕ ਦਿਨ ਦੀਨ ਦਿਆਲੂ, ਜਾਣੀ ਜਾਣ, ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਨਜ਼ਰ ਉਸ ਲੜਕੀ ਪਰ ਗਈ। ਗੁਰੂ ਜੀ ਨੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਉਸ ਲੜਕੀ ਨੂੰ ਮੇਰੇ ਪਾਸ ਲਿਆਵੋ। ਸਿੱਖਾਂ ਨੇ ਮਾਹੇਸ਼ਵਰੀ ਦੇਵੀ ਨੂੰ ਗੁਰੂ ਜੀ ਸਾਹਮਣੇ ਪੇਸ਼ ਕੀਤਾ। ਗੁਰੂ ਜੀ ਨੇ ਮਾਹੇਸ਼ਵਰੀ ਦੇਵੀ ਨੂੰ ਪੁੱਛਿਆ ਕਿ ਤੇਰੀ ਇਹ ਦਸ਼ਾ ਕਿਉਂ ਹੋਈ ਹੈ। ਮਾਹੇਸ਼ਵਰੀ ਦੇਵੀ ਨੇ ਕਿਹਾ ਕਿ ਮੈਂ ਪਿੰਡ ਜੱਲ੍ਹਣਪੁਰ ਤੋਂ ਬ੍ਰਾਹਮਣਾਂ ਦੀ ਲੜਕੀ ਹਾਂ, ਮੈਨੂੰ ਕੁਸ਼ਟ ਰੋਗ ਹੈ ਇਸ ਲਈ ਮੇਰੇ ਘਰ ਵਾਲੇ ਨੇ ਅਤੇ ਮਾਤਾ-ਪਿਤਾ ਨੇ ਮੈਨੂੰ ਘਰੋਂ ਨਿਕਾਲ ਦਿੱਤਾ ਹੈ। ਹੁਣ ਤੁਹਾਡੇ ਇੱਥੇ ਆਉਣ ਦੀ ਖ਼ਬਰ ਸੁਣ ਕੇ ਮੈਂ ਕਈ ਦਿਨਾਂ ਤੋਂ ਝਾੜੂ ਦੀ ਸੇਵਾ ਕਰ ਜਾਂਦੀ ਹਾਂ ਅਤੇ ਲੰਗਰ ਤੋਂ ਪ੍ਰਸ਼ਾਦਾ ਛੱਕ ਲੈਂਦੀ ਹਾਂ। ਗੁਰੂ ਜੀ ਨੇ ਮਾਹੇਸ਼ਵਰੀ ਦੇਵੀ ਨੂੰ ਕਿਹਾ ਕਿ ਕੱਲ੍ਹ ਨੂੰ ਮਾਘ ਦੀ ਸੰਗਰਾਂਦ ਹੈ, ਅਸੀਂ ਇਸ਼ਨਾਨ ਕਰਾਂਗੇ ਔਰ ਤੂੰ ਵੀ ਇਸ ਜਗ੍ਹਾ ਇਸ਼ਨਾਨ ਕਰ ਲਵੀ ਤੇ ਗੁਰੂ ਗੁਰੂ ਜਪੀ, ਤੇਰਾ ਰੋਗ ਕੱਟ ਜਾਵੇਗਾ। ਦੂਜੇ ਦਿਨ ਸੰਗਰਾਂਦ ਨੂੰ ਸਤਿਗੁਰੂ ਜੀ ਨੇ ਸ਼ਸਤਰ ਮਾਰ ਕੇ ਧਰਤੀ 'ਚੋਂ ਚਸ਼ਮਾਂ ਵਗਾ ਦਿੱਤਾ। ਗੁਰੂ ਜੀ ਨੇ ਉਸ ਚਸ਼ਮੇ ਦੇ ਜਲ ਨਾਲ ਪਹਿਲਾਂ ਆਪ ਇਸ਼ਨਾਨ ਕੀਤਾ ਤੇ ਫਿਰ ਮਾਹੇਸ਼ਵਰੀ ਦੇਵੀ ਨੂੰ ਕਿਹਾ ਕਿ ਤੂੰ ਵੀ ਇਸ਼ਨਾਨ ਕਰ ਲੈ। ਮਾਹੇਸ਼ਵਰੀ ਦੇਵੀ ਨੇ ਇਸ਼ਨਾਨ ਕੀਤਾ ਤੇ ਉਸ ਦੀ ਸਰਵ ਦੇਹੀ ਸੁੰਦਰ ਬਣ ਗਈ ਤੇ ਮਾਹੇਸ਼ਵਰੀ ਦੇਵੀ ਦਾ ਕੁਸ਼ਟ ਰੋਗ ਦੂਰ ਹੋ ਗਿਆ। ਕੁੱਝ ਸਮਾਂ ਹੋਰ ਬੀਤਣ ਤੇ ਗੁਰੂ ਜੀ ਚੇਤ ਦੀ ਸੰਗਰਾਂਦ ਮਨਾ ਕੇ ਪਿੰਡ ਅਜਨੇਰ ਤੋਂ ਪਿੰਡ ਮਲਕਪੁਰ ਦੀ ਛਿਪਦੀ ਵੱਲ੍ਹ, ਜਿੱਥੇ ਪਾਣੀ ਦਾ ਜੌਹੜ ਸੀ, ਜਿੱਥੇ ਅੱਜਕੱਲ੍ਹ ਗੁਰਦੁਆਰਾ ਸ੍ਰੀ ਸਰਦੂਲ ਸਰ ਸਾਹਿਬ ਸੁਸ਼ੋਭਿਤ ਹੈ, ਜਾ ਬਿਰਾਜੇ। ਸਤਿਗੁਰਾਂ ਨਾਲ 150 ਪੈਦਲ ਤੇ ਘੋੜ ਸਵਾਰ ਵੀ ਸਨ। ਇਸ ਪਿੰਡ ਦੇ ਪਾਖਰ ਜੱਟ, ਰਲੀਆ ਰਾਮ ਤਰਖਾਣ, ਬਲੀਆਂ ਨਾਈ ਆਦਿ ਸਿੰਘਾਂ ਨੇ ਗੁਰੂ ਜੀ ਦੀ ਤਨੋਂ ਮਨੋਂ ਬੇਹੱਦ ਸੇਵਾ ਕੀਤੀ। ਗੁਰੂ ਜੀ ਚਾਰ ਰੋਜ ਇਸ ਨਗਰ ਵਿੱਚ ਠਹਿਰ ਕੇ ਮੰਜੀ ਸਾਹਿਬ, ਪਿੰਡ ਬਰਮਾਲੀਪੁਰ ਦੇ ਨੇੜੇ ਜਾ ਬਿਰਾਜੇ। ਗੁਰਦੁਆਰਾ ਸਰਦੂਲ ਸਰ ਸਾਹਿਬ ਦੀ ਆਲੀਸ਼ਾਨ ਦੋ ਮੰਜ਼ਿਲਾ ਇਮਾਰਤ ਬਣੀ ਹੋਈ ਹੈ। ਹੇਠਲੀ ਮੰਜ਼ਿਲ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ, ਜਿੱਥੇ ਸੰਗਤਾਂ ਸ਼ਰਧਾ ਨਾਲ ਮੱਥਾ ਟੇਕਦੀਆਂ ਹਨ ਅਤੇ ਬੜੇ ਹੀ ਪਿਆਰ ਨਾਲ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰ-ਦੀਆਂ ਹਨ। ਦਰਸ਼ਨ ਕਰਕੇ ਆਪਣਾ ਜੀਵਨ ਸਫਲ ਕਰਦੀਆਂ ਹਨ।





**ਤਸਵਿੰਦਰ ਸਿੰਘ ਬੜੈਚ**
**7527931887**

# ਪਾਤਸ਼ਾਹੀ ਛੇਵੀਂ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਡੇਹਰਾ ਸਾਹਿਬ, ਪਿੰਡ ਭੁਮੱਦੀ (ਲੁਧਿਆਣਾ)

ਗੁਰਦੁਆਰਾ ਡੇਹਰਾ ਸਾਹਿਬ ਪੰਜਾਬ ਦੇ ਲੁਧਿਆਣਾ ਜਿਲ੍ਹੇ ਦੇ ਪਿੰਡ ਭੁਮੱਦੀ ਵਿੱਚ ਸਥਿਤ ਹੈ। ਇਹ ਪਿੰਡ ਤਹਿਸੀਲ ਖੰਨਾ ਤੋਂ ਛਿਪਦੀ ਵਾਲੇ ਪਾਸੇ 9-10 ਕਿਲੋਮੀਟਰ ਦੇ ਫਾਸਲੇ 'ਤੇ ਹੈ। ਦਿੱਲੀ-ਅੰਮ੍ਰਿਤਸਰ ਹਾਈਵੇਅ ਤੋਂ ਇਸ ਅਸਥਾਨ ਦੀ ਦੂਰੀ 2





ਕਿਲੋਮੀਟਰ ਦੇ ਕਰੀਬ ਹੈ। ਮੀਰੀ-ਪੀਰੀ ਦੇ ਮਾਲਕ, ਦੇਗ ਤੇਗ ਦੇ ਧਨੀ, ਧੰਨ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਮਹਾਰਾਜ ਦਿੱਲੀ ਤੋਂ ਚੰਦੂ ਨੂੰ ਨਾਲ ਲੈ ਕੇ ਲਾਹੌਰ ਨੂੰ ਜਾਂਦੇ ਹੋਏ ਪਿੰਡ ਭੁਮੱਦੀ ਸੰਨ 1675 ਬਿਕਰਮੀ ਮੁਤਾਬਕ 1618 ਈਸਵੀ ਨੂੰ ਇਸ ਅਸਥਾਨ 'ਤੇ 42 ਦਿਨ ਠਹਿਰੇ ਸਨ। ਗੁਰੂ ਜੀ ਨੇ ਇਲਾਕੇ ਵਿੱਚ ਆਲੇ-ਦੁਆਲੇ ਦੇ ਪਿੰਡਾਂ ਵਿੱਚ ਜਾ ਕੇ ਸਿੱਖੀ ਦਾ ਪ੍ਰਚਾਰ ਕੀਤਾ। ਜਿਸ ਥੜੇ 'ਤੇ ਆ ਕੇ ਸਤਿਗੁਰੂ ਜੀ ਬਿਰਾਜੇ ਸਨ, ਉਹ ਥੜਾ ਅੱਜ ਵੀ ਮੌਜੂਦ ਹੈ, ਜੋ ਦਰਬਾਰ ਸਾਹਿਬ ਦੇ ਪਿਛਲੇ ਪਾਸੇ ਵੱਲ੍ਹ ਸੁਸ਼ੋਭਿਤ ਹੈ। ਜਿਸਨੂੰ ਪਹਿਲੀ ਹਾਲਤ ਵਿੱਚ ਹੀ ਸੁਰੱਖਿਅਤ ਰੱਖਿਆ ਗਿਆ ਹੈ। ਸੰਗਤਾਂ ਬੜੇ ਪਿਆਰ ਨਾਲ ਇਸ ਅਸਥਾਨ ਦੇ ਦਰਸ਼ਨ ਕਰਦੀਆਂ ਹਨ ਤੇ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਸਿਮਰਦੀਆਂ ਹਨ। ਪਿੰਡ ਭੁਮੱਦੀ ਦੇ ਇਸੇ ਅਸਥਾਨ 'ਤੇ ਪਿੰਡ ਭੁਮੱਦੀ ਦੇ ਹੀ ਇੱਕ ਸਿੱਖ ਭਾਈ ਛੱਜੂ ਨੂੰ ਸਤਿਗੁਰਾਂ ਨੇ ਪੁੱਤਰਾਂ ਦੀ ਦਾਤ ਬਖਸ਼ ਕੇ ਨਿਹਾਲ ਵੀ ਕੀਤਾ ਸੀ। ਇਸ ਕਰਕੇ ਇਸ ਅਸਥਾਨ 'ਤੇ ਹਰ ਪ੍ਰਕਾਰ ਦੀਆਂ ਮਨੋਕਾਮਨਾਂ ਪੂਰਨ ਹੁੰਦੀਆਂ ਹਨ, ਜਿਨ੍ਹਾਂ ਦੀਆਂ ਮਨੋਕਾਮਨਾਂ ਪੂਰੀਆਂ ਹੁੰਦੀਆਂ ਹਨ ਉਹ ਇਸ ਅਸਥਾਨ 'ਤੇ ਅਖੰਡ ਪਾਠ ਸਾਹਿਬ ਕਰਵਾਉਦੇ ਹਨ ਤੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਹਨ। ਇਸ ਅਸਥਾਨ 'ਤੇ ਡੇਹਰਾ ਲਾਉਣ ਕਰਕੇ ਇਸ ਗੁਰਦੁਆਰਾ ਸਾਹਿਬ ਦਾ ਨਾਮ ਡੇਹਰਾ ਸਾਹਿਬ ਪੈ ਗਿਆ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਯਾਦ ਵਿੱਚ ਬਹੁਤ ਹੀ ਵਿਸ਼ਾਲ ਤੇ ਖ਼ੂਬਸੂਰਤ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਹਰੇਕ ਸੰਗਰਾਂਦ ਤੇ ਪੂਰਨਮਾਸੀ ਦਾ ਦਿਹਾੜਾ ਬੜੀ ਸ਼ਰਧਾ ਪੂਰਵਕ ਮਨਾਇਆ ਜਾਂਦਾ ਹੈ। ਇਸ ਅਸਥਾਨ 'ਤੇ ਛੇਵੀਂ ਪਾਤਸ਼ਾਹੀ ਦਾ ਪ੍ਰਕਾਸ਼ ਗੁਰਪੁਰਬ ਵੀ ਵੱਡੇ ਪੱਧਰ 'ਤੇ ਮਨਾਇਆ ਜਾਂਦਾ ਹੈ। ਹਰੇਕ ਸਾਲ ਫਰਵਰੀ ਮਹੀਨੇ ਵਿਚ ਢਾਡੀ ਦਰਬਾਰ ਵੀ ਕਰਵਾਇਆ ਜਾਂਦਾ ਹੈ, ਜਿਸ 'ਚ ਪ੍ਰਸਿੱਧ ਢਾਡੀ ਜੱਥੇ ਸ਼ਾਮਿਲ ਹੁੰਦੇ ਹਨ ਜੋ ਢਾਡੀ ਵਾਰਾਂ ਸੁਣਾ ਕੇ ਸਾਧ-ਸੰਗਤ ਨੂੰ ਨਿਹਾਲ ਕਰਦੇ ਹਨ। ਦੂਰੋਂ-ਦੂਰੋਂ ਸੰਗਤਾਂ ਆ ਕੇ ਇਸ ਪਾਵਨ-ਪਵਿੱਤਰ ਅਸਥਾਨ 'ਤੇ ਨਤਮਸਤਕ ਹੁੰਦੀਆਂ ਹਨ।

**- ਤਸਵਿੰਦਰ ਸਿੰਘ ਬੜੈਚ**

## ਕਹਾਣੀ

# ਅਧੂਰਾ ਸੱਚ

**ਅਰਸ਼ਪ੍ਰੀਤ ਸਿੱਧੂ 9478622509**

ਮੈਂ ਜਦ ਵੀ ਸਾਹਮਣੇ ਵਾਲੀ ਗਲੀ ਵਿੱਚ ਹੋ ਕੇ ਗੁਜ਼ਰਦੀ ਤਾਂ ਲੋਕਾਂ ਨੇ ਕਹਿਣਾ ਇਸ ਗਲੀ ਵਿੱਚ ਨਾ ਜਾਇਆ ਕਰ ਧੀਏ ਇਹ ਤਾਂ ਬਾਂਝ ਗਲੀ ਹੈ। ਉਸ ਗਲੀ ਵਿੱਚ ਦੋ ਘਰ ਅਜਿਹੇ ਸਨ ਜਿੰਨ੍ਹਾਂ ਦੇ ਵਿਆਹ ਤਾਂ ਦੋ ਦੋ ਹੋਏ ਸਨ ਪਰ ਕਿਸੇ ਦੇ ਕੋਈ ਵੀ ਔਲਾਦ ਨਹੀਂ ਸੀ। ਉਸ ਸਮੇਂ ਮੇਰਾ ਨਵਾ ਵਿਆਹ ਹੋਇਆ ਸੀ।

ਮੈਂ ਹਮੇਸ਼ਾ ਉਸ ਗਲੀ ਦਾ ਸੱਚ ਜਾਨਣਾ ਚਾਹੁੰਦੀ ਸੀ ਪਰ ਕਿਸੇ ਨੂੰ ਪੁਛਦੀ ਤਾਂ ਉਹ ਇਹ ਕਹਿ ਦਿੰਦੇ ਵੀ ਪਿਛਲੇ ਕਈ ਸਾਲਾਂ ਤੋਂ ਇਹ ਗਲੀ ਇਸੇ ਨਾਮ ਨਾਲ ਹੀ ਜਾਣੀ ਜਾਂਦੀ ਹੈ ਪਰ ਸੱਚ ਕੋਈ ਨਾ ਦੱਸਦਾ। ਮੈਂ ਹਰ ਰੋਜ ਉਸ ਗਲੀ ਵਿੱਚੋ ਲੰਘਣਾ ਤੇ ਦੇਖਣਾ ਇੱਕ ਹੱਸਮੁੱਖ ਸੁਭਾਅ ਦੀ ਬਜੁਰਗ ਔਰਤ ਆਪਣੇ ਘਰ ਦੇ ਗੇਟ ਅੱਗੇ ਬੈਠੀ ਮੁਸਕਰਾ ਰਹੀ ਹੁੰਦੀ। ਆਪਣੇ ਸੁਭਾਅ ਮੁਤਾਬਿਕ ਮੈਂ ਉਹਨਾਂ ਨੂੰ ਨਮਸਕਾਰ ਕਰਨੀ ਅਤੇ ਅੱਗੇ ਲੰਘ ਜਾਣਾ।

ਮੇਰਾ ਬਹੁਤ ਦਿਲ ਕਰਦਾ ਕਿ ਮੈਂ ਪੁੱਛਾ ਵੀ ਤੁਹਾਡੀ ਗਲੀ ਵਿੱਚ ਆਉਣ ਜਾਣ ਦੀ ਇਜਾਜਤ ਕਿਉਂ ਨਹੀਂ ਹੈ ਪਰ ਮੈਂ ਕਾਹਲੀ ਨਾਲ ਆਪਣੇ ਕਦਮ ਵਧਾਉਂਦਿਆ ਉਹ ਗਲੀ ਪਾਰ ਕਰ ਲੈਂਦੀ ਕਿ ਕੋਈ ਮੇਰੇ ਘਰ ਇਹ ਨਾ ਦੱਸ ਦੇਵੇ ਕਿ ਮੈਂ ਉਸ ਗਲੀ ਵਿੱਚੋ ਲੰਘ ਕੇ ਕਾਲਜ ਗਈ ਸੀ। ਇੱਕ ਦਿਨ ਮੈਂ ਹਿੰਮਤ ਕਰਕੇ ਉਸ ਬਜੁਰਗ ਔਰਤ ਨੂੰ ਫਤਿਹ ਬਲਾਉਣ ਤੋਂ ਬਾਅਦ ਪਾਣੀ ਦਾ ਗਿਲਾਸ ਮੰਗ ਲਿਆ। ਉਸ ਬਜੁਰਗ ਔਰਤ ਤੋਂ ਸਾਇਦ ਖੁਸ਼ੀ ਸੰਭਾਲੀ ਨਹੀਂ ਸੀ ਜਾ ਰਹੀ ਕਿ ਕੋਈ ਤਾਂ ਹੈ ਜੋ ਇਨਸਾਨੀਅਤ ਰੱਖਦਾ ਹੈ।

ਪਾਣੀ ਪੀਣ ਤੋਂ ਬਾਅਦ ਮੈਂ ਪੁੱਛਿਆ ਬੇਬੇ ਜੀ ਜੇ ਤੁਸੀਂ ਬੁਰਾ ਨਹੀਂ ਮੰਨਾਉਂਦੇ ਤਾਂ ਮੈਂ ਇੱਕ ਗਲ ਪੁੱਛ ਸਕਦੀ ਹਾਂ। ਮਿਠੜੇ ਸੁਭਾਅ ਦੀ ਬੇਬੇ ਨੇ ਮੇਰੇ ਕੋਲ ਬੈਠਦਿਆ ਮੇਰੇ ਸਿਰ ਤੇ ਹੱਥ ਰੱਖ ਪਿਆਰ ਨਾਲ ਕਿਹਾ ਇੱਕ ਨਹੀਂ ਦੋ ਪੁੱਛ ਧੀਏ। ਮੇਰੇ ਪੁੱਛਣ ਤੇ ਉਹਨਾਂ ਦੱਸਿਆ ਕਿ ਬਦਕਿਸਮਤੀ ਨਾਲ ਸਾਡੇ ਕੋਈ ਔਲਾਦ ਨਾ ਹੋਈ ਫੇਰ ਅਸੀਂ ਮੇਰੇ ਦਿਉਰ ਦੇ ਵੀ ਦੋ ਵਿਆਹ ਕਰਕੇ ਦੇਖੇ ਪਰ ਔਲਾਦ ਦਾ ਸੁੱਖ ਕਿਤੇ ਵੀ ਨਸੀਬ ਨਹੀਂ ਸੀ ਹੋਇਆ। ਬੱਸ ਫਿਰ ਕੀ ਧੀਏ ਲੋਕਾਂ ਨੇ ਸਾਡੇ ਖੁਸ਼ੀ ਗਮੀ ਵਿੱਚ ਆਉਣਾ ਜਾਣਾ ਬੰਦ ਕਰ ਦਿੱਤਾ ਤੇ ਸਾਨੂੰ ਬਦਕਿਸਮਤ ਸਮਝਣ ਲੱਗ ਗਏ। ਬੇਬੇ ਦੇ ਮਿਠੜੇ ਸੁਭਾਅ ਨੇ ਮੈਨੂੰ ਕੀਲ ਕੇ ਰੱਖ ਦਿੱਤਾ ਅਤੇ ਮੈਂ ਰੋਜਾਨਾ ਬੇਬੇ ਕੋਲ ਕੁਝ ਕੁ ਪਲ ਰੁਕ ਕੇ ਜਾਣਾ। ਕਿਸੇ ਨੇ ਘਰ ਇਹ ਗੱਲ ਦੱਸ ਦਿੱਤੀ ਤਾਂ ਮੇਰਾ ਕਾਲਜ ਜਾਣਾ ਬੰਦ ਕਰ ਦਿੱਤਾ ਗਿਆ। ਲੋਕਾਂ ਵਾਂਗ ਮੇਰੇ ਘਰਦਿਆਂ ਨੂੰ ਵੀ ਵਹਿਮ ਸੀ ਕਿ ਹਣ ਕਦੀ ਮੈਂ ਮਾਂ ਨਹੀਂ ਬਣ ਸਕਦੀ ਕਿਉਂਕਿ ਮੈਂ ਬਾਂਝਾਂ ਦੇ ਘਰ ਦਾ ਪਾਣੀ ਜੋ ਪੀਤਾ ਸੀ।

ਪਰਮਾਤਮਾ ਦੀ ਮਿਹਰ ਹੋਈ ਮੇਰੇ ਘਰ ਬਹੁਤ ਹੀ ਪਿਆਰੀ ਬੱਚੀ ਨੇ ਜਨਮ ਲਿਆ। ਮੇਰਾ ਸੁਪਨਾ ਸੀ ਕਿ ਮੇਰੇ ਬੱਚੇ ਨੂੰ ਗੁੜਤੀ ਉਹ ਮਿਠੜੇ ਸੁਭਾਅ ਵਾਲੀ ਬਜੁਰਗ ਔਰਤ ਹੀ ਦੇਵੇ ਕਿਉਂਕਿ ਮੈਂ ਲੋਕਾਂ ਨੂੰ ਸਮਝਾਉਣਾ ਚਾਹੁੰਦੀ ਸੀ ਕਿ ਕਦੇ ਵੀ ਅਧੂਰਾ ਸੱਚ ਜਾਣੇ ਬਿਨ ਕਿਸੇ ਬਾਰੇ ਕੋਈ ਚੰਗਾ ਮਾੜਾ ਨਹੀ ਕਹਿਣਾ ਚਾਹੀਦਾ। ਮੇਰੇ ਘਰਦਿਆ ਨੇ ਵੀ ਮੇਰੀ ਇਸ ਗੱਲ ਦਾ ਸਾਥ ਦਿੱਤਾ ਤੇ ਇਸ ਛੋਟੀ ਜਿਹੀ ਸੁਰੂਆਤ ਨੇ ਉਹਨਾਂ ਸੁੱਕੇ ਫੁੱਲਾਂ ਵਿੱਚ ਜਿਵੇਂ ਮਹਿਕ ਭਰ ਦਿੱਤੀ ਹੋਵੇ। ਕਈ ਸਾਲਾਂ ਤੋਂ ਲੱਗਿਆ ਉਸ ਗਲੀ ਤੇ ਬਾਂਝ ਦਾ ਕਲੰਕ ਹੁਣ ਮੈਨੂੰ ਧੁੰਦਲਾਂ ਹੋਇਆ ਨਜ਼ਰ ਆ ਰਿਹਾ ਸੀ।

# ਲੋਕਤੰਤਰ ਦੀ ਮਜ਼ਬੂਤੀ ਲਈ ਹਰ ਵੋਟਰ ਆਪਣੇ ਵੋਟ ਦੇ ਹੱਕ ਦਾ ਸਹੀ ਇਸਤੇਮਾਲ ਜ਼ਰੂਰ ਕਰੇ: ਜ਼ਿਲ੍ਹਾ ਚੋਣ ਅਫ਼ਸਰ

**ਸੰਗਰੂਰ, (ਦਲਜੀਤ ਕੌਰ)** ਅਗਾਮੀ ਲੋਕ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਲੋਕਾਂ ਨੂੰ ਆਪਣੇ ਵੋਟ ਦੇ ਹੱਕ ਦੀ ਲਾਜ਼ਮੀ ਤੌਰ ਤੇ ਵਰਤੋਂ ਕਰਨ ਲਈ ਜਾਗਰੂਕਤਾ ਹਿੱਤ ਸੰਗਰੂਰ ਤੋਂ ਰਵਾਨਾ ਹੋ ਕੇ ਪੰਜਾਬ ਦੇ ਸਾਰੇ 13 ਲੋਕ ਸਭਾ ਹਲਕਿਆਂ ਦਾ ਸਾਈਕਲ 'ਤੇ ਦੌਰਾ ਕਰਕੇ ਪਰਤੇ ਮਨਮੋਹਨ ਸਿੰਘ ਦਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਭਰਵਾਂ ਸੁਆਗਤ ਕੀਤਾ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਸੰਗਰੂਰ ਜਤਿੰਦਰ ਜੋਰਵਾਲ ਨੇ ਦੱਸਿਆ ਕਿ ਲੋਕਾਂ ਨੂੰ ਵੋਟਾਂ ਦੇ ਅਧਿਕਾਰ ਦੀ ਵਰਤੋਂ ਲਈ ਉਤਸ਼ਾਹਿਤ ਕਰਨ ਲਈ ਸਾਇਕਲਿਸਟ ਮਨਮੋਹਨ ਸਿੰਘ ਦੀ ਪੂਰੇ ਪੰਜਾਬ ਦੀ ਯਾਤਰਾ ਪੂਰੀ ਉਤਸ਼ਾਹਜਨਕ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹਰ ਹਲਕੇ ਵਿੱਚ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਦੇ ਵੋਟ ਪਾਉਣ ਦੇ ਸੁਨੇਹੇ ਨੂੰ ਅਮਲੀ ਰੂਪ ਵਿੱਚ ਲਾਗੂ ਕਰਨ ਦਾ ਭਰੋਸਾ ਵੀ ਦਿੱਤਾ ਗਿਆ।

ਜ਼ਿਲ੍ਹਾ ਚੋਣ ਅਫ਼ਸਰ ਜਤਿੰਦਰ ਜੋਰਵਾਲ ਨੇ ਕਿਹਾ ਕਿ ਲੋਕਤੰਤਰ ਦੀ ਮਜ਼ਬੂਤੀ ਲਈ ਜ਼ਰੂਰੀ ਹੈ ਕਿ ਦੇਸ਼ ਦਾ ਹਰ ਨਾਗਰਿਕ ਆਪਣੇ ਵੋਟ ਦੇ ਹੱਕ ਦਾ ਸਹੀ ਇਸਤੇਮਾਲ ਕਰੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੋਟਰਾਂ ਨੂੰ ਬਿਨਾ ਕਿਸੇ ਡਰ, ਦਬਾਅ, ਲਾਲਚ ਆਦਿ ਤੋਂ ਆਪਣੀ ਵੋਟ ਦੇ ਹੱਕ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬਹੁਤ ਕੁਰਬਾਨੀਆਂ ਤੋਂ



ਬਾਅਦ ਦੇਸ਼ ਦੇ ਨਾਗਰਿਕਾਂ ਨੂੰ ਵੋਟ ਦੇ ਹੱਕ ਦੀ ਵਰਤੋਂ ਕਰਕੇ ਆਪਣੇ ਪ੍ਰਤੀਨਿਧ ਚੁਣਨ ਦੀ ਸ਼ਕਤੀ ਪ੍ਰਾਪਤ ਹੋਈ ਹੈ, ਇਸ ਲਈ ਹਰ ਵੋਟਰ ਦਾ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਹੱਕ ਦੀ ਵਰਤੋਂ ਕਰੇ। ਉਨ੍ਹਾਂ ਕਿਹਾ ਕਿ ਇਸ ਵਾਰ ਸਾਡਾ ਟੀਚਾ ਹੈ ਕਿ ਸੱਤਰ ਫ਼ੀਸਦੀ ਤੋਂ ਵਧੇਰੇ ਵੋਟਰ ਲੋਕਤੰਤਰ ਦੇ ਇਸ ਮਹਾਂ ਤਿਉਹਾਰ ਵਿੱਚ ਆਪਣੀ ਸ਼ਮੂ-ਲੀਅਤ ਯਕੀਨੀ ਬਣਾਉਣ।

ਐਸ.ਡੀ।ਐਮ. ਭਵਾਨੀਗੜ੍ਹ-ਕਮ-ਜ਼ਿਲ੍ਹਾ ਨੋਡਲ ਅਫ਼ਸਰ ਸਵੀਪ ਵਿਨੀਤ ਕੁਮਾਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਦੀ ਮੱਦਦ ਨਾਲ ਸਾਈਕਲਿਸਟ ਮਨਮੋਹਨ ਸਿੰਘ ਨੇ ਪੰਜਾਬ ਦੇ ਸਾਰੇ 13 ਲੋਕ ਸਭਾ ਹਲਕਿਆਂ ਵਿੱਚ ਪਹੁੰਚ ਕੇ ਲੋਕਾਂ ਨੂੰ ਆਪਣੇ ਵੋਟ ਦੇ ਹੱਕ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ।

ਉਨ੍ਹਾਂ ਦੱਸਿਆ ਕਿ ਸਵੀਪ ਗਤੀਵਿਧੀਆਂ ਤਹਿਤ ਹੋਰਨਾਂ ਵੱਖ-ਵੱਖ ਵਸੀਲਿਆਂ ਰਾਹੀਂ ਵੀ ਜ਼ਿਲ੍ਹੇ ਦੇ ਵੋਟਰਾਂ ਨੂੰ ਵੋਟ ਦਾ ਅਧਿਕਾਰ ਲਾਜ਼ਮੀ ਤੌਰ ਤੇ ਵਰਤਣ ਲਈ ਲਗਾਤਾਰ ਜਾਗਰੂਕ ਕੀਤਾ ਜਾ ਰਿਹਾ ਹੈ।

ਇਸ ਮੌਕੇ ਸਾਈਕਲਿਸਟ ਮਨਮੋਹਨ ਸਿੰਘ ਨੇ ਸਮੁੱਚੇ ਜ਼ਿਲ੍ਹਾ ਪ੍ਰਸ਼ਾਸਨ ਦਾ ਧੰਨਵਾਦ ਕੀਤਾ ਜਿਨ੍ਹਾਂ ਦੇ ਸਹਯੋਗ ਸਦਕਾ ਉਸਦਾ ਪੰਜਾਬ ਦੇ ਸਾਰੇ ਲੋਕ ਸਭਾ ਹਲਕਿਆਂ ਦਾ ਜਾਗਰੂਕਤਾ ਦੌਰਾ ਬਹੁਤ ਸੁਚੱਜੇ ਢੰਗ ਨਾਲ ਨੇਪਰੇ ਚੜ੍ਹਿਆ ਹੈ। ਉਨ੍ਹਾਂ ਕਿਹਾ ਕਿ ਸਮੁੱਚੇ ਪੰਜਾਬ ਦੇ ਵੋਟਰਾਂ ਵਿੱਚ ਵੋਟਾਂ ਨੂੰ ਲੈ ਕੇ ਪੂਰਾ ਉਤਸ਼ਾਹ ਹੈ ਅਤੇ ਇਸ ਵਾਰ ਸੂਬੇ ਦੇ ਵੋਟਰ ਯਕੀਨਨ ਤੌਰ ਉੱਪਰ ਵੋਟ ਫੀਸਦ ਦਾ ਅੰਕੜਾ 70 ਤੋਂ ਪਾਰ ਲੈ ਕੇ ਜਾਣਗੇ। ਇਸ ਮੌਕੇ ਤਹਿਸੀਲਦਾਰ ਚੋਣਾਂ ਪਰਮਜੀਤ ਕੌਰ, ਸਵੀਪ ਸੈਲ ਸੰਗਰੂਰ ਤੋਂ ਕੁਲਵੀਰ ਸਿੰਘ ਅਤੇ ਲੈਕਚਰਾਰ ਬਲਬੀਰ ਚੰਦ ਵੀ ਹਾਜ਼ਰ ਸਨ।

# ਰਮੇਸ਼ ਕੁਮਾਰ ਵੱਲੋਂ ਆਸ਼ਾ ਕਿਰਨ ਸਕੂਲ ਨੂੰ 11 ਹਜਾਰ ਰੁਪਏ ਦਾਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਜੇ. ਐਸ. ਐਸ. ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਨਖੇਲਾ ਵਿਖੇ ਰਮੇਸ਼ ਕੁਮਾਰ ਵੱਲੋਂ ਦੌਰਾ ਕੀਤਾ ਗਿਆ ਤੇ ਇਸ ਸਮੇਂ ਸੁਸਾਇਟੀ ਮੈਂਬਰਾਂ ਤੋਂ ਸਕੂਲ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ, ਆਸ਼ਾਦੀਪ ਵੈੱਲਫੇਅਰ ਸੁਸਾਇਟੀ ਦੇ ਸਕੱਤਰ ਹਰਬੰਸ ਸਿੰਘ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਰਮੇਸ਼ ਕੁਮਾਰ ਵੱਲੋਂ ਸਕੂਲ ਦੇ ਸਪੈਸ਼ਲ ਬੱਚਿਆਂ ਦੀ ਭਲਾਈ ਲਈ 11 ਹਜਾਰ ਰੁਪਏ ਦੀ ਰਾਸ਼ੀ ਦਾਨ ਕੀਤੀ ਗਈ ਹੈ ਤੇ ਨਾਲ ਹੀ ਉਨ੍ਹਾਂ ਭਰੋਸਾ ਦਿਵਾਇਆ ਕਿ ਭਵਿੱਖ ਵਿੱਚ ਵੀ ਉਹ ਆਸ਼ਾਦੀਪ ਵੈੱਲਫੇਅਰ ਸੁਸਾਇਟੀ ਨਾਲ ਜੁੜੇ ਰਹਿਣਗੇ ਤਾਂ ਜੋ ਸਪੈਸ਼ਲ ਬੱਚਿਆਂ ਦੀ ਭਲਾਈ ਲਈ ਚੁੱਕੇ ਜਾਣ ਵਿੱਚ ਕਦਮਾਂ ਵਿੱਚ ਉਹ ਵੀ ਸਾਥ ਦੇ ਸਕਣ। ਇਸ ਸਮੇਂ ਸਮੂਹ ਸੁਸਾਇਟੀ ਮੈਂਬਰਾਂ ਤੇ ਸਕੂਲ ਸਟਾਫ ਵੱਲੋਂ ਰਮੇਸ਼ ਕੁਮਾਰ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਮਲਕੀਤ ਸਿੰਘ ਮਹੇੜੂ, ਰਾਮ ਆਸਰਾ, ਹੋਸਟਲ ਕਮੇਟੀ ਦੇ ਚੇਅਰਮੈਨ ਕਰਨਲ ਗੁਰਮੀਤ ਸਿੰਘ, ਹਰੀਸ਼ ਠਾਕੁਰ, ਹਰਮੇਸ਼ ਤਲਵਾੜ, ਪ੍ਰਿੰਸੀਪਲ ਸ਼ੈਲੀ ਸ਼ਰਮਾ ਤੇ ਸਕੂਲ ਦਾ ਸਮੂਹ ਸਟਾਫ ਮੌਜੂਦ ਰਿਹਾ।



# ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ ਦਿਹਾੜਾ

## ਵੈਸਾਖ ਵਦੀ 1 ਬਨਾਮ ਵੈਸਾਖ ਸੁਦੀ 1



ਸਰਵਜੀਤ ਸਿੰਘ ਸੈਕਰਾਮੈਂਟੋ
sarbjits@gmail.com>

ਸਿੱਖ ਇਤਿਹਾਸ ਦੀਆਂ ਕਈ ਹੋਰ ਤਾਰੀਖਾਂ ਦੀ ਤਰ੍ਹਾਂ, ਗੁਰੂ ਅੰਗਦ ਦੇਵ ਜੀ ਦੇ ਜਨਮ ਦੀਆਂ ਵੀ ਦੋ ਤਾਰੀਖਾਂ ਮਿਲਦੀਆਂ ਹਨ। ਪਹਿਲੀ ਤਾਰੀਖ ਹੈ ਵੈਸਾਖ ਵਦੀ ਏਕਮ, 5 ਵੈਸਾਖ, ਸੰਮਤ 1561 ਬਿਕ੍ਰਮੀ ਅਤੇ ਦੂਜੀ ਹੈ ਵੈਸਾਖ ਸੁਦੀ ਏਕਮ, 20 ਵੈਸਾਖ, ਸੰਮਤ 1561 ਬਿਕ੍ਰਮੀ। ਗੋਰਿਆਂ ਦੇ ਰਾਜ ਵੇਲੇ, ਜਦੋਂ ਅੰਗਰੇਜੀ ਤਾਰੀਖਾਂ ਲਿਖਣ ਦਾ ਰਿਵਾਜ ਪਿਆ ਤਾਂ ਇਹ 31 ਮਾਰਚ 1504 ਈ: ਅਤੇ 15 ਅਪ੍ਰੈਲ 1504 (ਜੂਲੀਅਨ) ਲਿਖੀਆਂ ਗਈਆਂ। ਇਨ੍ਹਾਂ ਦੋਵਾਂ ਤਾਰੀਖਾਂ 'ਚ 15 ਦਿਨਾਂ ਦਾ ਫ਼ਰਕ ਹੈ। ਸਪੱਸ਼ਟ ਹੈ ਕਿ ਇਹ ਦੋਵੇਂ ਤਾਰੀਖਾਂ ਸਹੀਂ ਨਹੀਂ ਹੋ ਸਕਦੀਆਂ। ਆਓ ਵੇਖੀਏ ਇਨ੍ਹਾਂ ਦੋਵਾਂ ਤਾਰੀਖਾਂ 'ਚ ਕਿਹੜੀ ਤਾਰੀਖ ਸਹੀ ਹੋ ਸਕਦੀ ਹੈ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਵੈਬ ਸਾਈਟ ਉੱਪਰ ਇਹ ਤਾਰੀਖ ਵੈਸਾਖ ਵਦੀ 1, 5 ਵੈਸਾਖ ਸੰਮਤ 1561 ਬਿਕ੍ਰਮੀ ਦਰਜ ਹੈ।

"Sri Guru Angad Dev ji (Bhai Lahna ji) was bornin village named Saria Naga (Matte Di Saria) district Muktsar (Punjab) on Vaisakh Vadi 1st (5 Vaisakh) Samvat 1561,March 31,1504." (sgpc.net)

ਸਿੱਖ ਇਤਹਾਸ ਰਿਸਰਚ ਬੋਰਡ ਵੱਲੋਂ 1965 ਈ: ਵਿੱਚ ਛਾਪੀ ਗਈ ਡਾਇਰੀ'ਸਿੱਖ ਬਿਕ੍ਰਮੀ ਕੈਲੰਡਰ 1665-66' ਵਿੱਚ ਗੁਰੂ ਅੰਗਦ ਦੇਵ ਜੀ ਦੇ ਜਨਮ ਦੀ ਤਾਰੀਖ "5 ਵੈਸਾਖ 1561 ਸੰਮਤ, 31 ਮਾਰਚ 1504 ਈ:" ਦਰਜ ਹੈ।

ਧਰਮ ਪ੍ਰਚਾਰ ਕਮੇਟੀ ਵੱਲੋਂ ਛਾਪੀ ਗਈ 'ਖਾਲਸਾ ਡਾਇਰੀ 1975-76' ਵਿੱਚ ਗੁਰੂ ਅੰਗਦ ਦੇਵ ਜੀ ਦੇ ਜਨਮ ਦੀ ਤਾਰੀਖ, "ਵਿਸਾਖ ਵਦੀ 1, ਵਿਸਾਖ ਪ੍ਰਵਿਸ਼ਟੇ 5, ਸੰਮਤ 1561 ਬਿ:, 31 ਮਾਰਚ, ਸੰਮਤ 1504 ਈ: ਦਿਨ ਐਤਵਾਰ" ਦਰਜ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਛਾਪੀ ਗਈ 'ਸ਼੍ਰੋਮਣੀ ਡਾਇਰੀ 1991' ਵਿੱਚ ਵੀ ਗੁਰੂ ਜੀ ਦੇ ਜਨਮ ਦੀ ਤਾਰੀਖ ਵਿਸਾਖ ਵਦੀ 1 ਸੰਮਤ 1561 ਬਿ: 31 ਮਾਰਚ ਸੰਨ 1504 ਈ: ਹੀ ਦਰਜ ਹੈ।

'ਸ਼੍ਰੋਮਣੀ ਡਾਇਰੀ 1992' ਵਿੱਚ "ਵਿਸਾਖ ਸੁਦੀ 1 ਸੰਮਤ 1561 ਬਿ:, ਮੁਤਾਬਿਕ 31 ਮਾਰਚ ਸੰਮਨ 1504 ਈ:" ਦਰਜ ਹੈ। ਇਹ ਤਾਰੀਖ ਸਹੀ ਨਹੀਂ ਹੈ। ਜੇ ਵੈਸਾਖ ਸੁਦੀ 1 ਨੂੰ ਸਹੀ ਮੰਨੀਏ ਤਾਂ ਇਹ 15 ਅਪ੍ਰੈਲ 1504 ਈ: (ਜੂਲੀਅਨ ) ਬਣਦੀ ਹੈ। ਜੇ 31 ਮਾਰਚ ਸੰਮਨ 1504 ਈ: ਨੂੰ ਸਹੀ ਮੰਨੀਏ ਤਾਂ ਇਹ ਵੈਸਾਖ ਵਦੀ 1/5 ਵੈਸਾਖ ਬਣਦੀ ਹੈ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਛਾਪੀ ਗਈ, ਪ੍ਰੋ ਕਰਤਾਰ ਸਿੰਘ ਦੀ ਕਿਤਾਬ 'ਸਿੱਖ ਇਤਿਹਾਸ ਭਾਗ 1' ਵਿੱਚ ਵੀ ਗੁਰੂ ਜੀ ਦੇ ਜਨਮ ਦੀ ਤਾਰੀਖ, "ਵੈਸਾਖ ਵਦੀ 1, 5 ਵੈਸਾਖ ਸੰਮਤ 1561 ਮੁਤਾਬਕ 31 ਮਾਰਚ ਸੰਨ 1504 ਈ:" ਹੀ ਦਰਜ ਹੈ (ਪੰਨਾ 114)

ਧਰਮ ਪ੍ਰਚਾਰ ਕਮੇਟੀ ਵੱਲੋਂ ਛਾਪੀ ਜਾਂਦੀ ਧਾਰਮਿਕ ਪ੍ਰੀਖਿਆ ਲਈ ਨਿਰਧਾਰਿਤ ਪੁਸਤਕ 'ਗੁਰਮਤਿ ਗਿਆਨ ਦਰਜਾ ਪਹਿਲਾ' ਵਿੱਚ ਡਾ ਇੰਦਰਜੀਤ ਸਿੰਘ ਗੋਗੋਆਣੀ ਨੇ ਗੁਰੂ ਅੰਗਦ ਸਾਹਿਬ ਜੀ ਦੇ ਜਨਮ ਦੀ ਤਾਰੀਖ 31 ਮਾਰਚ 1504 ਈ: ਦਰਜ ਕੀਤੀ ਹੈ।

'ਸਿੱਖ ਇਤਿਹਾਸ (1469-1765)' ਵਿੱਚ ਪ੍ਰਿ: ਤੇਜਾ ਸਿੰਘ ਅਤੇ ਡਾ ਗੰਡਾ ਸਿੰਘ ਜੀ (ਅਨੁਵਾਦਕ ਡਾ ਭਗਤ ਸਿੰਘ) ਲਿਖਦੇ ਹਨ, "ਗੁਰੂ ਜੀ ਦਾ ਜਨਮ 31 ਮਾਰਚ 1504 ਈਸਵੀ ਨੂੰ ਹੋਇਆ ਸੀ"।



| ਸੰਮਤ | ਵਦੀ-ਸੁਦੀ ਮੁਤਾਬਕ | ਸੂਰਜੀ ਕੈਲੰਡਰ ਮੁਤਾਬਕ |
|---|---|---|
| 547 | 6 ਵੈਸਾਖ | 5 ਵੈਸਾਖ |
| 548 | 25 ਵੈਸਾਖ | 5 ਵੈਸਾਖ |
| 549 | 15 ਵੈਸਾਖ | 5 ਵੈਸਾਖ |
| 550 | 3 ਵੈਸਾਖ | 5 ਵੈਸਾਖ |
| 551 | 22 ਵੈਸਾਖ | 5 ਵੈਸਾਖ |
| 552 | 12 ਵੈਸਾਖ | 5 ਵੈਸਾਖ |
| 553 | 30 ਵੈਸਾਖ | 5 ਵੈਸਾਖ |
| 554 | 18 ਵੈਸਾਖ | 5 ਵੈਸਾਖ |
| 555 | 8 ਵੈਸਾਖ | 5 ਵੈਸਾਖ |
| 556 | 27 ਵੈਸਾਖ | 5 ਵੈਸਾਖ |

ਡਾ ਹਰਜਿੰਦਰ ਸਿੰਘ ਦਿਲਗੀਰ ਵੀ 31 ਮਾਰਚ 1504 ਈ: ਨਾਲ ਸਹਿਮਤ ਹੈ। "ਜਿਨ੍ਹਾਂ ਦਿਨਾਂ ਵਿੱਚ ਗੁਰੂ ਨਾਨਕ ਸਾਹਿਬ ਅਜੇ ਸੁਲਤਾਨਪੁਰ ਨਹੀਂ ਗਏ ਸੀ ਬਲਕਿ ਤਲਵੰਡੀ ਵਿੱਚ ਹੀ ਸਨ, ਤਕਰੀਬਨ ਉਸੇ ਵੇਲੇ ਹੀ ਗੁਰੂ ਅੰਗਦ ਸਾਹਿਬ ਦਾ ਜਨਮ 31 ਮਾਰਚ 1504 ਦੇ ਦਿਨ ਮੱਤੇ ਦੀ ਸਰਾਂ ਵਿੱਚ ਹੋਇਆ"। (ਪੰਨਾ 185)

ਗਿਆਨੀ ਸੋਹਣ ਸਿੰਘ ਸੀਤਲ ਜੀ ਲਿਖਦੇ ਹਨ, " ਭਾਈ ਲਹਿਣਾ ਜੀ, 'ਅੰਗਦ' ਨਾਮ ਧਾਰਨ ਕਰਕੇ ਸਿੱਖਾਂ ਦੇ ਦੂਸਰੇ ਗੁਰੂ ਬਣੇ। ਆਪ ਜੀ ਦਾ ਜਨਮ ਵਿਸਾਖ ਵਦੀ ੧ (ਪੰਜ ਵਿਸਾਖ) ੧੫੬੧ ਬਿ: (੩੧ ਮਾਰਚ, ੧੫੦੪ ਈ:) ਐਤਵਾਰ ਨੂੰ ਅੰਮ੍ਰਿਤ ਵੇਲੇ ਪਿੰਡ 'ਮੱਤੇ ਦੀ ਸਰਾਏ' ਵਿਚ ਹੋਇਆ"। (ਗੁਰ ਇਤਿਹਾਸ ਦਸ ਪਾਤਸ਼ਾਹੀਆਂ, ਪੰਨਾ 65)

ਪ੍ਰੋ: ਸਾਹਿਬ ਸਿੰਘ ਜੀ ਲਿਖਦੇ ਹਨ, "੫ ਵੈਸਾਖ ਸੰਮਤ ੧੫੬੧ ਨੂੰ ਇਨ੍ਹਾਂ ਦਾ ਜਨਮ ਹੋਇਆ ਸੀ, ਚੰਦਰਮਾ ਦੀਆਂ ਥਿੱਤਾਂ ਦੇ ਹਿਸਾਬ ਉਸ ਦਿਨ ਵੈਸਾਖ ਵਦੀ ੧ ਸੀ, ਭਾਵ ਹਨੇਰਾ ਪੱਖ ਪੂਰਨਮਾਸ਼ੀ ਤੋਂ ਅਗਲਾ ਦਿਨ। ਈਸਵੀ ਸੰਨ ੧੫੦੪ ਸੀ ਅਤੇ ਮਾਰਚ ਦੀ ੩੧ ਤਰੀਕ" ( ਪੰਨਾ 12)

"Guru Angad was born at Matte di Sarae in Firozpur district on March 31, 1504" (Hari Ram Gupta, History of the Sikhs, Page 113)

ਪ੍ਰਿੰਸੀਪਲ ਸਤਬੀਰ ਸਿੰਘ ਜੀ ਲਿਖਦੇ ਹਨ, "ਇਥੇ ਬਾਬਾ ਫੇਰੂ ਮੱਲ ਜੀ ਦੇ ਘਰ ਤੇ ਮਾਤਾ ਰਾਮੋ ਜੀ ਦੀ ਕੁੱਖੋਂ ਹਰੀਏ ਕੇ ਮੱਤੇ ਕੀ ਸਰਾਂ 31 ਮਾਰਚ 1504 ਨੂੰ ਲਹਿਣਾ ਜੀ ਦਾ ਜਨਮ ਅੰਮ੍ਰਿਤ ਵੇਲੇ ਹੋਇਆ"। (ਕੁਦਰਤੀ ਨੂਰ, ਪੰਨਾ 12) ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਮੁਤਾਬਿਕ ਇਹ 5 ਵੈਸਾਖ, ਵੈਸਾਖ ਵਦੀ 1, ਸੰਮਤ 1561 ਬਿਕ੍ਰਮੀ ਬਣਦੀ ਹੈ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਮਾਰਚ 2003 ਈ: ਵਿੱਚ ਨਾਨਕਸ਼ਾਹੀ ਕੈਲੰਡਰ (535 ਨ: ਸ:) ਲਾਗੂ ਕੀਤਾ ਗਿਆ ਸੀ। ਕੈਲੰਡਰ ਕਮੇਟੀ ਵੱਲੋਂ ਕੀਤੇ ਫੈਸਲੇ, "ਤਿੱਥਾਂ ਨੂੰ ਨਾਨਕਸ਼ਾਹੀ ਕੈਲੰਡਰ ਵਿੱਚ ਬਦਲਣ ਲਈ ਅੰਗਰੇਜੀ ਤਾਰੀਖਾਂ ਨੂੰ ਨਹੀਂ ਬਲਕਿ ਪ੍ਰਵਿਸ਼ਟਿਆਂ ਨੂੰ ਮੁੱਖ ਰੱਖਿਆ ਜਾਵੇਗਾ" ਮੁਤਾਬਕ ਨਾਨਕਸ਼ਾਹੀ ਕੈਲੰਡਰ ਵਿੱਚ ਗੁਰੂ ਅੰਗਦ ਦੇਵ ਜੀ ਦੇ ਜਨਮ ਦਾ ਅਸਲ ਪ੍ਰਵਿਸ਼ਟਾ 5 ਵੈਸਾਖ ਹੀ ਦਰਜ ਕੀਤਾ ਗਿਆ ਸੀ। ਇਹ ਕੈਲੰਡਰ 7 ਸਾਲ ਲਾਗੂ ਰਿਹਾ ਸੀ। ਸਮੁੱਚੇ ਪੰਥ ਵੱਲੋਂ ਗੁਰੂ ਅੰਗਦ ਦੇਵ ਜੀ ਦਾ ਜਨਮ ਦਿਹਾੜਾ ਹਰ ਸਾਲ 5 ਵੈਸਾਖ (18 ਅਪ੍ਰੈਲ) ਨੂੰ ਮਨਾਇਆ ਜਾਂਦਾ ਸੀ। ਪਰ ਮਾਰਚ 2010 ਈ: ਵਿੱਚ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਦੋ ਮੈਂਬਰੀ ਕੈਲੰਡਰ ਵਿਗਾੜੂ ਕਮੇਟੀ ਦੀਆਂ ਸਿਫ਼ਾਰਿਸ਼ਾਂ ਨੂੰ ਮੰਨਦੇ ਹੋਏ ਸੂਰਜੀ ਬਿਕ੍ਰਮੀ (ਦ੍ਰਿਕਗਿਣਤ ਸਿਧਾਂਤ) ਕੈਲੰਡਰ ਛਾਪਣਾ ਆਰੰਭ ਕਰ ਦਿੱਤਾ। ਇਸ ਕੈਲੰਡਰ ਦਾ ਆਰੰਭ ਤਾ ਭਾਵੇ ਹਰ ਸਾਲ 1 ਚੇਤ ਤੋਂ ਹੀ ਹੁੰਦਾ ਹੈ ਪਰ ਤਾਰੀਖ ਚੰਦ ਦੇ ਕੈਲੰਡਰ (ਵਦੀ -ਸੁਦੀ) ਨਿਰਧ-ਾਰਿਤ ਕੀਤੀ ਜਾਂਦੀ ਹੈ। ਜਿਸ ਕਾਰਨ ਹਰ ਸਾਲ ਗੁਰੂ ਅੰਗਦ ਸਾਹਿਬ ਜੀ ਦੇ ਜਨਮ ਦਾ ਪ੍ਰਵਿਸ਼ਟਾ ਬਦਲ ਜਾਂਦਾ ਹੈ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਵੈਬ ਸਾਈਟ, 1965 ਤੋਂ ਛਾਪੀਆਂ ਗਈ ਡਾਇਰੀਆਂ ਅਤੇ 2019 ਈ: ਵਿੱਚ ਛਾਪੀ ਗਈ ਕਿਤਾਬ (ਗੁਰਮਤਿ ਗਿਆਨ ਦਰਜਾ ਪਹਿਲਾ) ਵਿੱਚ ਤਾਂ ਗੁਰੂ ਜੀ ਦੇ ਜਨਮ ਦੀ ਤਾਰੀਖ ਵੈਸਾਖ ਵਦੀ ਏਕਮ, 5 ਵੈਸਾਖ (31 ਮਾਰਚ) ਹੀ ਦਰਜ ਹੈ। ਸਵਾਲ ਪੈਦਾ ਹੁੰਦਾ ਹੈ ਕਿ ਵੈਸਾਖ ਵਦੀ ਏਕਮ ਤੋਂ ਬਦਲ ਕੇ ਵੈਸਾਖ ਸੁਦੀ ਏਕਮ ਕਿਉ ਕੀਤੀ ਗਈ?

ਵੈਸਾਖ ਸੁਦੀ ਏਕਮ, 'ਗੁਰਮਤਿ ਰਹਿਤ ਮਰਯਾਦਾ' ਅਤੇ 'ਗੁਰਬਾਣੀ ਪਾਠ ਦਰਪਣ' ਵਿੱਚ ਦਰਜ ਹੈ। 'ਗੁਰਮਤਿ ਰਹਿਤ ਮਰਯਾਦਾ' ਵਿੱਚ ਗੁਰੂ ਜੀ ਦੇ ਜਨਮ ਦੀ ਤਾਰੀਖ, "1561 ਬਿ;, ਵੈਸਾਖ ਸੁਦੀ ਏਕਮ, ਦਿਨ ਸ਼ਨਿਚਰਵਾਰ 23 ਅਪ੍ਰੈਲ 1504 ਈ:, ਨਛੱਤਰ ਭਰਣੀ' ਦਰਜ ਹੈ। (ਪੰਨਾ 31) ਇਸ ਤਾਰੀਖ ਨੂੰ ਕਿਸੇ ਵੀ ਦਲੀਲ ਨਾਲ ਸਹੀ ਸਿੱਧ ਨਹੀਂ ਕੀਤਾ ਜਾ ਸਕਦਾ। ਆਪਾਂ ਉਪਰ ਵੇਖ ਆਏ ਹਾਂ ਕਿ ਵੈਸਾਖ ਸੁਦੀ ਏਕਮ, ਸੰਮਤ 1561 ਬਿ: ਨੂੰ 15 ਅਪ੍ਰੈਲ (ਜੂਲੀਅਨ) ਦਿਨ ਸੋਮਵਾਰ ਸੀ ਪਰ, ਗੁਰਬਾਣੀ ਪਾਠ ਦਰਪਣ ਵਿੱਚ ਦਿਨ ਸ਼ਨਿਚਰਵਾਰ 23 ਅਪ੍ਰੈਲ ਦਰਜ ਹੈ। 23 ਅਪ੍ਰੈਲ ਨੂੰ ਦਿਨ ਮੰਗਲਵਾਰ ਸੀ ਅਤੇ ਨਛੱਤਰ ਮਘਾ ਸੀ ਨਾ ਕਿ ਭਰਣੀ।

ਸਾਰੀ ਵਿਚਾਰ ਤੋਂ ਪਿਛੋਂ ਸਹਿਜੇ ਹੀ ਇਸ ਨਤੀਜੇ ਤੇ ਪੁੱਜਿਆ ਜਾ ਸਕਦਾ ਹੈ ਕਿ ਗੁਰੂ ਜੀ ਜਨਮ ਤਾਰੀਖ ਵੈਸਾਖ ਵਦੀ ਏਕਮ, 5 ਵੈਸਾਖ ਸੰਮਤ 1561 ਬਿ; (31 ਮਾਰਚ 1504 ਈ: (ਜੂਲੀਅਨ) ਹੈ। ਸ਼੍ਰੋਮਣੀ ਕਮੇਟੀ ਦੀ ਕੀ ਮਜਬੂਰੀ ਹੈ ਕਿ ਗੁਰੂ ਅੰਗਦ ਦੇਵ ਜੀ ਦੇ ਜਨਮ ਦਿਹਾੜੇ ਦੀ ਪ੍ਰਮਾਣਿਕ ਤਾਰੀਖ, ਵੈਸਾਖ ਵਦੀ ਏਕਮ, 5 ਵੈਸਾਖ ਸੰਮਤ 1561 ਬਿ; (31 ਮਾਰਚ 1504 ਈ: ਜੁਲੀਅਨ) ਨੂੰ ਬਿਨਾ ਕਿਸੇ ਦਲੀਲ ਦੇ ਬਦਲ ਕੇ ਵੈਸਾਖ ਸੁਦੀ ਏਕਮ, 20 ਵੈਸਾਖ (15 ਅਪ੍ਰੈਲ 1504 ਈ: ਜੁਲੀਅਨ) ਮੰਨ ਲਈ ਹੈ?

ਸ਼੍ਰੋਮਣੀ ਕਮੇਟੀ ਵੱਲੋਂ ਹਰ ਸਾਲ ਸੂਰਜੀ ਕੈਲੰਡਰ ਛਾਪਿਆ ਜਾਂਦਾ ਹੈ। ਜਿਸ ਮੁਤਾਬਕ ਹਰ ਸਾਲ, ਹਰ ਦਿਹਾੜਾ ਉਸੇ ਪ੍ਰਵਿਸ਼ਟੇ ਨੂੰ ਹੀ ਆਉਂਦਾ ਹੈ। ਜਿਵੇ ਵੈਸਾਖੀ ਹਰ ਸਾਲ 1 ਵੈਸਾਖ ਨੂੰ ਹੀ ਆਉਂਦੀ ਹੈ। ਜੇ ਇਸੇ ਤਰ੍ਹਾਂ ਗੁਰੂ ਅੰਗਦ ਦੇਵ ਜੀ ਦਾ ਜਨਮ ਦਿਹਾੜਾ, ਸ਼੍ਰੋਮਣੀ ਕਮੇਟੀ ਦੀ ਵੈਬ ਸਾਈਟ ਉੱਪਰ ਦਰਜ ਪ੍ਰਵਿਸ਼ਟੇ ਅਨੁਸਾਰ ਹਰ ਸਾਲ 5 ਵੈਸਾਖ ਨੂੰ ਮਨਾਇਆ ਜਾਵੇ ਤਾਂ ਗੁਰਮਤਿ ਦੇ ਕਿਹੜੇ ਸਿਧਾਂਤ ਦੀ ਅਵੱਗਿਆ ਹੁੰਦੀ ਹੈ?

# ਮੁੱਛਾਂ ਵਾਲਾ ਫੌਜੀ



ਪ੍ਰਿੰਸੀਪਲ ਪ੍ਰੇਮਲਤਾ
91-98143-41746

ਕਸ਼ਮੀਰ ਵਿੱਚ ਪੀਰ-ਪੰਜਾਲ ਦੀ ਘਾਟੀ ਬਹੁਤ ਹੀ ਰਮਨੀਕ ਚਾਰੇ ਪਾਸੇ ਕੇਸਰ ਦੀ ਖੁਸ਼ਬੋ ਖਿੱਲਰੀ ਹੋਈ ਸੀ। ਹਸੀਨਾ ਕੁਰੈਸ਼ੀ ਖ਼ੂਬਸੂਰਤ ਕਾਇਆ ਦੀ ਮਾਲਿਕ, ਕਾਲਜ ਵਿੱਚ ਅਰਥ ਸ਼ਾਸ਼ਤਰ ਦੀ ਪ੍ਰੋਫੈਸਰ ਸੀ। ਇੱਕ ਸਹਿ ਪ੍ਰੋ. ਮੁਹੰਮਦ ਸਲੀਮ ਨਾਲ਼ ਦੋਸਤੀ ਹੋ ਗਈ। ਬਹੁਤ ਹੀ ਹਸੀਨ ਜੋੜੀ ਬਣ ਗਈ। ਕੇਸਰ ਦੀ ਘਾਟੀ ਵਿੱਚ ਦੋ ਮੰਜ਼ਲੀ ਕੋਠੀ ਬਣਾ ਲਈ। ਨਾਮ ਰੱਖਿਆ "ਖਲੀਫਾ ਕਾਟੇਜ਼"। ਘਰ ਵਿੱਚ ਦੋ ਕੁੜੀਆਂ ਨੇ ਜਨਮ ਲੈ ਲਿਆ। ਵੱਡੀ ਕੁੜੀ ਦਾ ਨਾਮ ਮੀਆਂ ਅਤੇ ਛੋਟੀ ਦਾ ਨਾਮ ਜੀਆ ਰੱਖਿਆ। ਸਲੀਮ ਰਾਜਨੀਤੀ ਸ਼ਾਸ਼ਤਰ ਦਾ ਪ੍ਰੋਫੈਸਰ ਸੀ। ਆਪਣੇ ਵਿਦਿਆਰਥੀ ਜੀਵਨ ਵਿੱਚ ਪਏ ਪ੍ਰਭਾਵ ਕਾਰਨ, ਕੁਝ ਰਾਜਨੀਤੀ ਦਾ ਸਿੱਖਿਆਰਥੀ ਹੋਣ ਕਾਰਨ ਕਸ਼ਮੀਰ ਵਿੱਚ ਚਲ ਰਹੇ ਵੱਖਵਾਦੀ ਅੰਦੋਲਨ ਨਾਲ਼ ਜੁੜ ਗਿਆ।

ਨਵੰਬਰ ਮਹੀਨੇ ਦੀ ਠੰਡੀ-ਠੰਡੀ ਹਵਾ ਚੱਲ ਰਹੀ ਸੀ। ਸਾਰਾ ਪਰਿਵਾਰ ਸ਼ਿਕਾਰੇ ਵਿੱਚ ਬੈਠ ਕੇ ਸੈਰ ਕਰ ਰਿਹਾ ਸੀ। ਗੁਆਂਢ ਵਿੱਚੋਂ ਇੱਕ ਦੋਸਤ ਦਾ ਫੋਨ ਆਇਆ, ਕਹਿਣ ਲੱਗਾ, "ਪ੍ਰੋ. ਸਾਹਿਬ, ਪੁਲਿਸ ਅਤੇ ਫੌਜ ਨੇ ਤੁਹਾਡੇ ਘਰ ਉੱਪਰ ਵੱਡੀ ਰੇਡ ਮਾਰੀ ਹੈ, ਉਹ ਕੇਵਲ ਤੁਹਾਡੇ ਬਾਰੇ ਪੁੱਛ ਰਹੇ ਸਨ।" ਇਹ ਸੁਣਕੇ ਪ੍ਰੋ। ਸਲੀਮ ਦੇ ਦਿਮਾਗ ਵਿੱਚ ਆਪਣਾ ਪਿਛਲਾ ਸਮਾਂ ਜਹਾਜ਼ ਦੇ ਵਾਂਗ ਦੌੜਨ ਲੱਗਾ। ਫੋਰਸ ਉੱਪਰ ਹੋਏ ਹਮਲੇ ਤੋਂ ਪਹਿਲਾਂ ਦੀ ਤਿਆਰੀ ਵਿੱਚ ਨਿਭਾਈ ਗਈ ਭੂਮਿਕਾ ਨੇ ਉਸਦੇ ਦਿਮਾਗ ਵਿੱਚ ਭੁਚਾਲ ਲਿਆ ਦਿੱਤਾ। ਮੀਆਂ ਅਤੇ ਜੀਆ ਨੂੰ ਚੁੰਮਿਆ, ਫੇਰ ਹਸੀਨਾ ਨੂੰ ਘੁੱਟ ਕੇ ਜੱਫੀ ਵਿੱਚ ਲੈ ਲਿਆ। ਹਸੀਨਾ ਪੁੱਛਣ ਲੱਗੀ, "ਫੋਨ ਸੁਣਨ ਤੋਂ ਬਾਅਦ ਅਚਾਨਕ ਤੁਹਾਨੂੰ ਇਹ ਕੀ ਹੋ ਗਿਆ ਹੈ?" ਓ! ਕੁਝ ਵੀ ਨਹੀਂ, ਆਪਣੇ ਆਪ ਨੂੰ ਸੰਤੁਲਨ ਵਿੱਚ ਲਿਆਂਦਿਆਂ ਕਹਿਣ ਲੱਗਾ, ਮੌਸਮ ਹੀ ਇੰਨਾ ਹਸੀਨ ਹੈ, ਫੇਰ ਹਸੀਨਾ ਨੂੰ ਜੱਫੀ ਕਿਉਂ ਨਾ ਪਾਵਾਂ।" 5-7 ਮਿੰਟਾਂ 'ਚ ਹੀ ਉਸਨੂੰ ਕੋਈ ਅਜਿਹਾ ਫੈਸਲਾ ਲੈਣਾ ਪੈਣਾ ਸੀ, ਜਿਸ ਕਾਰਨ ਉਹ ਪੁਲਿਸ ਦੇ ਹੱਥ ਆਉਣ ਤੋਂ ਬਚ ਸਕੇ। ਉਸਨੇ ਸੋਚਿਆ, "ਜੇਕਰ ਪੁਲਿਸ ਦੇ ਹੱਥ ਆ ਗਿਆ, ਸਾਰੀ ਜਿੰਦਗੀ ਜੇਲ ਚ ਗੁਜਰੇਗੀ, ਨਾਲੇ ਬੱਚਿਆਂ ਦੇ ਭਵਿੱਖ ਉੱਪਰ ਬਹੁਤ ਹੀ ਭੈੜਾ ਅਸਰ ਪਵੇਗਾ।" ਬਾਜ਼ਾਰ ਵਿੱਚ ਫਲ ਲੈ ਕੇ ਆਉਣ ਦਾ ਬਹਾਨਾ ਲਗਾ ਕੇ ਚਲਾ ਗਿਆ ਅਤੇ ਖਾੜਕੂ ਤੰਜੀਮ ਵਿੱਚ ਸ਼ਾਮਲ ਹੋ ਗਿਆ। ਨਵੇਂ ਨੌਜਵਾਨਾਂ ਨੂੰ ਤਿਆਰ ਕਰਨ ਦਾ ਕੰਮ ਸੰਭਾਲ ਲਿਆ। ਹਸੀਨਾ ਅਤੇ ਦੋਵੇਂ ਕੁੜੀਆਂ ਨੂੰ ਯਾਦ ਕਰਕੇ, ਲੁਕ ਕੇ ਰੋ ਲੈਂਦਾ ਸੀ।

ਹਸੀਨਾ ਦੋ ਦਿਨ ਕਾਲਜ ਨਹੀਂ ਗਈ, ਬੱਚੇ ਵੀ ਘਰ ਹੀ ਰਹੇ। ਖਾੜਕੂ ਲਹਿਰ ਦਾ ਪ੍ਰਭਾਵ ਕਬੂਲਣ ਕਾਰਨ, ਹਸੀਨਾ ਇਸ ਪ੍ਰਸਥਿਤੀ ਤੋਂ ਜਿਆਦਾ ਪ੍ਰੇਸ਼ਾਨ ਨਾ ਹੋਈ। ਆਪਣੇ ਸਾਥੀ ਪ੍ਰੋਫੈਸਰਜ਼ ਨੂੰ ਵੀ ਉਸਨੇ ਇਹੋ ਕਿਹਾ, "ਜਦੋਂ ਕੋਈ ਕੌਮੀ ਲਹਿਰ ਚੱਲਦੀ ਹੈ ਤਾਂ ਇਸਦਾ ਅਸਰ ਵਿਆਪਕ ਤੌਰ ਤੇ ਪੈਂਦਾ ਹੈ, ਕੋਈ ਵੀ ਇਸਤੋਂ ਅਛੂਤ ਨਹੀਂ ਰਹਿ ਸਕਦਾ।" ਭਾਵੇਂ ਖਾੜਕੂਆਂ ਪ੍ਰਤੀ ਹਮਦਰਦੀ ਨੇ ਉਸਨੂੰ ਕਠੋਰ ਦਿਲ ਬਣਾ ਦਿੱਤਾ ਸੀ ਪਰ ਆਪਣੀਆਂ ਕੁੜੀਆਂ ਦੇ ਭਵਿੱਖ ਬਾਰੇ ਵੀ ਸੁਚੇਤ ਸੀ।

ਦੋ ਮਹੀਨੇ ਹੀ ਲੰਘੇ ਸਨ ਕਿ ਪ੍ਰੋ। ਸਲੀਮ, ਪੁਲਿਸ ਨਾਲ਼ ਇਨਕਾਊਂਟਰ ਵਿੱਚ ਮਾਰਿਆ ਗਿਆ। ਹਸੀਨਾ ਨੂੰ ਇਸ ਘਟਨਾ ਨਾਲ਼ ਸਦਮਾ ਤਾਂ ਲੱਗਿਆ, ਪਰ ਇਹ ਸੋਚ ਕੇ ਕਿ ਇੱਕ ਦਿਨ ਤਾਂ ਇਹ ਹੋਣਾ ਹੀ ਸੀ, ਇਸ ਦੁੱਖ ਤੋਂ ਛੇਤੀ ਹੀ ਉੱਭਰ ਗਈ।

ਵੱਡੀ ਕੁੜੀ ਮੀਆਂ ਛੇਵੀਂ ਜਮਾਤ ਵਿੱਚ ਅਤੇ ਜੀਆ ਪੰਜਵੀਂ ਜਮਾਤ ਵਿੱਚ ਹੋ ਗਈਆਂ ਸਨ। ਖਾੜਕੂਆਂ ਨੇ "ਖਲੀਫਾ ਕਾਟੇਜ" ਨੂੰ ਇੱਕ ਆਸਾਨ ਟਿਕਾਣਾ ਬਣਾ ਲਿਆ ਸੀ। ਜਿਸ ਘਰ ਦੀ ਮਾਲਕਣ, ਸੁੰਦਰਤਾ ਦੀ ਧਨੀ ਹੋਵੇ, ਉੱਪਰ ਦੀ ਵਿਧਵਾ ਅਤੇ ਖਾੜਕੂਆਂ ਪ੍ਰਤੀ ਹਮਦਰਦੀ ਰੱਖਦੀ ਹੋਵੇ ਤਾਂ ਭੌਰਿਆਂ ਦਾ ਮੰਡਰਾਉਣਾ ਇੱਕ ਸਮਾਜਿਕ ਸੱਚਾਈ ਹੈ। ਖਾੜਕੂਆਂ ਦੇ ਇੱਕ ਵੱਡੇ ਕਮਾਂਡਰ ਨੇ ਹਸੀਨਾ ਨਾਲ਼ ਸੰਬੰਧ ਬਣਾ ਲਏ ਸਨ। ਖਾੜਕੂ ਦਿਨ ਵਿੱਚ ਕਾਰਵਾਈਆਂ ਕਰਦੇ ਅਤੇ ਰਾਤ ਨੂੰ "ਖਲੀਫ਼ਾ ਕਾਟੇਜ" ਚ ਆ ਜਾਂਦੇ।

ਪੁਲਿਸ ਦੀ ਸੀ.ਆਈ.ਡੀ ਨੂੰ ਇਹ ਸੂਹ ਮਿਲੀ ਕਿ "ਖਲੀਫਾ ਕਾਟੇਜ" ਵਿੱਚ ਖਾੜਕੂਆਂ ਦਾ ਠਿਕਾਣਾ ਬਣਿਆ ਹੋਇਆ ਹੈ। ਪੁਲਿਸ ਤੇ ਫੌਜ ਨੇ ਕਾਟੇਜ ਨੂੰ ਚਾਰੇ ਪਾਸਿਓ ਘੇਰ ਲਿਆ। ਪੁਲਿਸ ਦੇ ਉੱਚ ਅਧਿਕਾਰੀਆਂ ਨੇ ਲਾਉਡਸਪੀਕਰ ਰਾਹੀਂ ਖਾੜਕੂਆਂ ਨੂੰ ਆਤਮ ਸਮਰਪਣ ਕਰਨ ਲਈ ਕਿਹਾ। ਅੱਗੋਂ ਖਾੜਕੂਆਂ ਨੇ ਕਿਹਾ, "ਦੋ ਕੁੜੀਆਂ ਅਤੇ ਇੱਕ ਔਰਤ ਸਾਡੇ ਕੋਲ ਬੰਧਕ ਹਨ, ਜੇ ਤੁਸੀਂ ਸਾਡੇ ਖਿਲਾਫ਼ ਕੋਈ ਕਾਰਵਾਈ ਕਰੋਗੇ ਤਾਂ ਅਸੀਂ ਇਨ੍ਹਾਂ ਨੂੰ ਮਾਰ ਦੇਵਾਂਗੇ।"

ਪੁਲਿਸ ਦੇ ਉੱਚ ਅਧਿਕਾਰੀਆਂ ਨੇ ਮੁੱਛਾਂ ਵਾਲੇ ਇੱਕ ਕਮਾਂਡੋ ਦੀ ਜਿੰਮੇਵਾਰੀ ਔਰਤ ਅਤੇ ਕੁੜੀਆਂ ਨੂੰ ਬਚਾ ਕੇ ਕੱਢਕੇ ਲੈ ਕੇ ਆਉਣ ਦੀ ਲਗਾਈ। ਕਮਾਂਡੋ ਨੇ ਬੁਲਟ ਪਰੂਫ ਜਾਕੇਟ ਪਾ ਲਈ ਅਤੇ ਆਪਣੇ ਮੂੰਹ ਉੱਪਰ ਕਾਲਖ ਮਲ ਲਈ, ਉਸਦੀਆਂ ਚੌੜੀਆਂ ਅਤੇ ਤਿੱਖੀਆਂ ਮੁੱਛਾਂ ਉਸਨੂੰ ਹੋਰ ਵੀ ਡਰਾਉਣਾ ਬਣਾ ਰਹੀਆਂ ਸਨ।

ਕਮਾਂਡੋ, ਕਾਟੇਜ ਦੇ ਪਿਛਲੇ ਪਾਸਿਓ ਘਰ ਵਿੱਚ ਦਾਖ਼ਲ ਹੋ ਗਿਆ। ਪੋਜਿਸ਼ਨ ਲੈਂਦਾ ਹੋਇਆ ਪੌੜੀਆਂ ਚੜ੍ਹ ਗਿਆ। ਪਹਿਲੀ ਮੰਜ਼ਿਲ ਉੱਪਰ ਹੀ ਪੌੜੀਆਂ ਦੇ ਨਾਲ਼ ਲੱਗਦੇ ਕਮਰੇ ਵਿੱਚ ਹਸੀਨਾ, ਮੀਆਂ ਅਤੇ ਜੀਆ ਬੰਦ ਸਨ। ਕਮਾਂਡੋ ਨੇ ਬਹੁਤ ਹੀ ਫੁਰਤੀਲੇ ਵਾਰ ਵਿੱਚ ਕਮਰੇ ਦੇ ਬਾਹਰ ਖੜੇ ਖਾੜਕੂ ਨੂੰ ਢੇਰ ਕਰ ਦਿੱਤਾ। ਲੱਤ ਮਾਰ ਕੇ ਦਰਵਾਜਾ ਖੋਲ ਦਿੱਤਾ, ਕਮਰੇ ਦੇ ਅੰਦਰ ਦਾਖ਼ਲ ਹੋ ਕੇ ਹਸੀਨਾ ਅਤੇ ਕੁੜੀਆਂ ਨੂੰ ਹਿੰਦੀ ਵਿੱਚ ਕੁਝ ਹਦਾਇਤਾਂ ਦਿੱਤੀਆਂ ਅਤੇ ਉਨ੍ਹਾਂ ਨੂੰ ਪੌੜੀਆਂ ਰਾਹੀਂ ਥੱਲੇ ਉਤਰਨ ਲਈ ਕਿਹਾ। ਹਸੀਨਾ ਪਹਿਲਾਂ ਤਾਂ ਨਾਂਹ-ਨੁੱਕਰ ਕਰਨ ਲੱਗੀ, ਜਦ ਕਮਾਂਡੋ ਨੇ ਸਖ਼ਤੀ ਨਾਲ਼ ਕਿਹਾ ਤਾਂ ਉਹ ਥੱਲੇ ਜਾਣ ਲਈ ਮੰਨ ਗਈ। ਖਾੜਕੂਆਂ ਦੀਆਂ ਗੋਲੀਆਂ ਵੀ ਪੌੜੀਆਂ ਵੱਲ ਆਉਣ ਲੱਗ ਪਈਆਂ। ਕਮਾਂਡੋ ਨੂੰ ਦੋਵੇਂ ਕੁੜੀਆਂ ਆਪਣੀਆਂ ਪੁੱਤਰੀਆਂ ਵਾਂਗ ਲੱਗ ਰਹੀਆਂ ਸਨ। ਕਮਾਂਡੋ ਨੇ ਅਜਿਹਾ ਕਵਰ ਫਾਇਰ ਦਿੱਤਾ, ਖਾੜਕੂਆਂ ਨੂੰ ਲੱਗਿਆ ਇੱਕ ਤੋਂ ਵੱਧ ਕਮਾਂਡੋ ਸਨ। ਕਮਾਂਡੋ ਕਵਰ ਫਾਇਰ ਦਿੰਦਾ ਰਿਹਾ, ਹਸੀਨਾ ਅਤੇ ਕੁੜੀਆਂ ਥੱਲੇ ਉੱਤਰ ਕੇ , ਕਾਟੇਜ ਤੋਂ ਵੱਖਰੇ ਕਾਰ ਵਾਲੇ ਕਮਰੇ ਵਿੱਚ ਵੜ ਗਈਆਂ, ਜਿੱਥੋਂ ਦੂਸਰੇ ਕਮਾਂਡੋਜ਼ ਨੇ ਉਨ੍ਹਾਂ ਨੂੰ ਸਹੀ ਸਲਾਮਤ ਸੰਭਾਲ ਲਿਆ। ਮੁੱਛਾਂ ਵਾਲਾ ਕਮਾਂਡੋ ਪੋਜਿਸ਼ਨ ਲੈਂਦਾ ਹੋਇਆ ਥੱਲੇ ਉੱਤਰ ਗਿਆ, ਜਦ ਕਾਟੇਜ ਤੋਂ ਬਾਹਰ ਵੱਲ ਭੱਜਿਆ ਤਾਂ ਪਹਿਲੀ ਮੰਜ਼ਿਲ ਦੀ ਬਾਲਕੋਨੀ ਵਿੱਚ ਪੋਜਿਸ਼ਨ ਲਈ ਖੜ੍ਹੇ ਇੱਕ ਖਾੜਕੂ ਨੇ ਉਸ ਉੱਪਰ ਗੋਲੀਆਂ ਦੀ ਬੋਛਾੜ ਕਰ ਦਿੱਤੀ।

ਕਮਾਂਡੋ ਬੁਰੀ ਤਰਾਂ ਜਖ਼ਮੀ ਹੋ ਗਿਆ। ਫੌਜ ਨੇ ਕੁਝ ਹੈਂਡ ਗ੍ਰਨੇਡ ਸੁੱਟ ਕੇ ਕਾਟੇਜ ਨੂੰ ਰਾਖ ਕਰ ਦਿੱਤਾ। ਭਾਰੀ ਅਸਲਾ ਅਤੇ ਚਾਰ ਖਾੜਕੂਆਂ ਦੀ ਲਾਸ਼ਾਂ ਬਰਾਮਦ ਕਰਕੇ ਪੋਸਟ ਮਾਰਟਮ ਲਈ ਭੇਜ ਦਿੱਤੀਆਂ। ਹਸੀਨਾ ਦੂਰ ਖੜੀ ਸਭ ਕੁਝ ਦੇਖ ਰਹੀ ਸੀ। ਮੀਆਂ ਨੂੰ ਆਪਣੇ ਉਸ ਘਰ ਦਾ ਦੁੱਖ ਹੋ ਰਿਹਾ ਸੀ, ਜਿਹੜਾ ਉਸਨੇ ਆਰਟ ਦੀ ਜਮਾਤ ਵਿੱਚ ਬਣਾਇਆ ਸੀ। ਹਸੀਨਾ ਦੋਵੇਂ ਪਾਸੇ ਸੋਚ ਰਹੀ ਸੀ, ਪਰ ਉਸਦੀ ਸੋਚ ਦਾ ਭਾਰੀ ਪੱਖ ਇਹ ਸੀ ਕਿ ਚੱਲੋ ਹੁਣ ਪਿਛਲੀ ਜਿੰਦਗੀ ਦੀ ਕੋਈ ਨਿਸ਼ਾਨੀ ਨਾ ਰਹੀ ਤਾਂ ਇਹ ਚੰਗਾ ਹੀ ਹੈ।

ਹਸਪਤਾਲ ਵਿੱਚ ਡਾਕਟਰਾਂ ਨੇ ਮੁੱਛਾਂ ਵਾਲੇ ਕਮਾਂਡੋ ਦੀਆਂ ਦੋਵੇਂ ਬਾਹਾਂ ਕੱਟ ਦਿੱਤੀਆਂ। ਕਮਾਂਡੋ ਟ੍ਰੇਨਿੰਗ ਦਾ ਹੀ ਕੁੱਝ ਅਜਿਹਾ ਅਸਰ ਸੀ ਕਿ ਕਮਾਂਡੋ ਹਾਲੇ ਵੀ ਚੜ੍ਹਦੀਕਲਾ ਵਿੱਚ ਸੀ। ਹਸੀਨਾ ਨੇ ਆਪਣਾ ਨਵਾਂ ਘਰ ਬਣਾ ਲਿਆ ਸੀ ਅਤੇ ਦੋਵੇ ਕੁੜੀਆਂ ਦੀ ਪੜ੍ਹਾਈ ਵੱਲ ਖਾਸ ਧਿਆਨ ਦੇਣ ਲੱਗ ਪਈ ਸੀ।

ਮੀਆਂ ਨੇ ਬਾਰ੍ਹਵੀਂ ਜਮਾਤ ਬਹੁਤ ਹੀ ਚੰਗੇ ਨੰਬਰਾਂ ਨਾਲ਼ ਪਾਸ ਕਰ ਲਈ। ਹਸੀਨਾ ਨੇ ਉੱਚ ਪੜ੍ਹਾਈ ਲਈ ਉਸਨੂੰ ਇੰਗਲੈਂਡ ਦੇ ਨਾਮੀ ਅਰਥਸ਼ਾਸ਼ਤਰ ਦੇ ਕਾਲਜ ਵਿੱਚ ਦਾਖ਼ਲਾ ਦਿਵਾ ਦਿੱਤਾ। ਮੀਆਂ ਛੇ ਮਹੀਨਿਆਂ ਬਾਅਦ ਘਰ ਵਾਪਸ ਆਉਂਦੀ ਸੀ। ਐਮ।ਏ। ਕਰਨ ਤੋਂ ਬਾਅਦ ਉਸਨੂੰ ਪੀ।ਐੱਚ।ਡੀ। ਵਿੱਚ ਸਿੱਧਾ ਦਾਖ਼ਲਾ ਮਿਲ ਗਿਆ ਸੀ। ਅਰਥਸ਼ਾਸ਼ਤਰ ਵਿੱਚ ਖੋਜ ਕਾਰਜ ਦੇ ਨਾਲ਼ ਉਸਨੂੰ ਜੂਨੀਅਰ ਵਿਦਿਆਰਥੀਆਂ ਦੀਆਂ ਜਮਾਤਾਂ ਨੂੰ ਵੀ ਪੜ੍ਹਾਉਣਾ ਪੈਂਦਾ ਸੀ।

(ਬਾਕੀ ਅਗਲੇ ਸਫੇ 'ਤੇ)

# ਡਾਕਟਰ ਅੰਬੇਡਕਰ ਐਜੂਕੇਸ਼ਨ ਸੁਸਾਇਟੀ ਅਟਾਰੀ ਵੱਲੋਂ ਡਾਕਟਰ ਅੰਬੇਡਕਰ ਜੀ ਦਾ ਜਨਮ ਦਿਨ ਮਨਾਇਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਪਿੰਡ ਅਟਾਰੀ ਦੀ ਡਾ ਅੰਬੇਡਕਰ ਐਜੂਕੇਸ਼ਨ ਸੁਸਾਇਟੀ ਅਟਾਰੀ ਵੱਲੋਂ ਬਾਬਾ ਸਾਹਿਬ ਡਾ ਅੰਬੇਡਕਰ ਜੀ ਦਾ ਜਨਮ ਦਿਨ ਬਹੁਤ ਹੀ ਮਿਸ਼ਨਰੀ ਭਾਵਨਾ ਨਾਲ ਮਨਾਇਆ ਗਿਆ। ਜਿਸ ਵਿੱਚ ਮੁੱਖ ਮਹਿਮਾਨ ਗੁਰਦਿਆਲ ਬੋਧ ਯੂ ਕੇ ਵਾਲਿਆਂ ਨੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੀਆਂ ਦੋਵੇਂ ਗੱਲਾਂ ਦੇ ਵਾਰੇ ਦੱਸਣ ਦੀ ਕੋਸ਼ਿਸ਼ ਕੀਤੀ, ਕਿ ਬਾਬਾ ਸਾਹਿਬ ਜੀ ਨੇ ਸਾਰੇ ਧਰਮਾਂ ਵਾਰੇ ਪੜ੍ਹਿਆ ਅਤੇ ਉਨ੍ਹਾਂ ਧਰਮਾਂ ਦਾ ਨਿਰੀਖਣ ਕੀਤਾ ਉਨ੍ਹਾਂ ਨੇ ਹਿੰਦੂ ਧਰਮ ਦਾ ਤਿਆਗ ਕਰਕੇ ਬੁੱਧ ਧਮ ਅਪਣਾਇਆ ਸੀ ਜਿਸ ਵਿੱਚ ਮਾਨ ਸਨਮਾਨ ਮਿਲਦਾ ਹੈ। ਪਰ ਬਦਕਿਸਮਤੀ ਨਾਲ ਕਹਿਣਾ ਪੈ ਰਿਹਾ ਹੈ ਸਾਡੇ ਲੋਕ ਹਾਲੇ ਤੱਕ ਉਨ੍ਹਾਂ ਦੀ ਗੱਲ ਨੂੰ ਸਮਝੇ ਨਹੀਂ ਅਤੇ ਦੂਸਰੀ ਗੱਲ ਇਹ ਹੈ ਕਿ ਅਸੀਂ ਸਭ ਪਾਰਟੀਆਂ ਵਾਲੇ ਪਰਖ਼ ਲਏ ਹਨ, ਪਰ ਸਾਡੀ ਬਾਂਹ ਕਿਸੇ ਵੀ ਪਾਰਟੀ ਨੇ ਨਹੀਂ ਫੜੀ। ਇਸ ਲਈ ਤੁਸੀਂ ਉਸ ਪਾਰਟੀ ਨੂੰ ਵੀ ਪਰਖ ਕੇ ਦੇਖੋ ਜਿਸ ਪਾਰਟੀ ਨੂੰ ਬਹੁਤ ਕਠਨਾਈਆਂ ਨਾਲ ਸਾਹਿਬ ਸ਼੍ਰੀ ਕਾਂਸ਼ੀ



ਰਾਮ ਜੀ ਨੇ ਬਣਾਇਆ ਹੈ। ਜਿਨ੍ਹਾਂ ਨੇ ਸਾਨੂੰ ਬਾਬਾ ਸਾਹਿਬ ਡਾ ਅੰਬੇਡਕਰ ਜੀ ਵਾਰੇ ਸਭ ਕੁਝ ਦੱਸਿਆ ਹੈ। ਉਨ੍ਹਾਂ ਦੀ ਇੱਕੋ ਇੱਕ ਪਾਰਟੀ ਬਹੁਜਨ ਸਮਾਜ ਪਾਰਟੀ ਹੈ। ਪ੍ਰੋ ਕੁਲਵਿੰਦਰ ਸਿੰਘ ਜੀ ਨੇ ਆਪਣੇ ਭਾਸ਼ਣ ਵਿੱਚ ਦਿਲ ਨੂੰ ਟੁੰਮਣ ਵਾਲੀਆਂ ਗੱਲਾਂ ਕੀਤੀਆਂ ਅਤੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਵਾਰੇ ਕਾਫੀ ਜਾਣਕਾਰੀ ਦਿੱਤੀ। ਨਾਟਕ ਕਲਾਂ ਕੇਂਦਰ ਲਸਾੜਾ ਵਾਲਿਆਂ ਨੇ ਵੀ ਆਪਣੇ ਨਾਟਕਾਂ ਵਿੱਚ ਬਾਬਾ ਸਾਹਿਬ ਦੇ ਮਿਸ਼ਨ ਪ੍ਰਤੀ, ਬੱਚਿਆਂ ਨੂੰ ਵਹਿਮ ਭਰਮ ਪਾਖੰਡਵਾਦ ਅਤੇ ਅੰਧਵਿਸ਼ਵਾਸ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ।

ਪਿੰਡ ਅਟਾਰੀ ਦੇ ਬੱਚਿਆਂ ਨੇ ਵੀ ਬਾਬਾ ਸਾਹਿਬ ਤੇ ਆਪਣੀਆਂ ਕਵਿਤਾਵਾਂ, ਭਾਸ਼ਣ ਅਤੇ ਕੋਰੀਓਗਰਾਫੀ ਕੀਤੀ। ਪਿੰਡ ਦੇ ਨੌਜਵਾਨ, ਵਿਜੇ ਕੁਮਾਰ, ਸਾਗਰ ਜੱਸੀ, ਅਮਰ ਚੰਦ, ਦੀਨ ਦਿਆਲ, ਅਮਨ ਮੱਲ, ਅਮਨਦੀਪ ਮੱਲ, ਹਰਮੇਸ਼ ਅਟਾਰੀ, ਪ੍ਰਕਾਸ਼ ਚੰਦ ਫਰਾਲਾ,ਕਲਸੀ ਬਹਿਰਾਮ, ਸਤਪਾਲ ਅਟਾਰੀ, ਤਰਸੇਮ ਲਾਲ ਮੱਲ, ਸੁਨੀਤਾ ਰਾਣੀ, ਪਰਮਜੀਤ ਕੌਰ, ਜੋਗਿੰਦਰ ਕੌਰ ਪੰਚ, ਦੇਸ ਰਾਜ ਮੱਲ, ਇੰਦਰਜੀਤ ਅਟਾਰੀ, ਇੰਦਰਜੀਤ ਨੰਬਰਦਾਰ ਤੋਂ ਇਲਾਵਾ ਹੋਰ ਪਤਵੰਤੇ ਸੱਜਣ ਹਾਜ਼ਰ ਸਨ। ਸਟੇਜ ਸਕੱਤਰ ਦੀ ਭੂਮਿਕਾ ਮਹੇਸ਼ ਕੁਮਾਰ ਅਟਾਰੀ ਨੇ ਬਾਖੂਬੀ ਨਿਭਾਈ।

# ਜ਼ਿਲ੍ਹਾ ਚੋਣ ਅਫ਼ਸਰ ਵੱਲੋਂ 'ਸਵੀਪ' ਟੀਮ ਵੱਲੋਂ ਤਿਆਰ ਗੀਤ 'ਵੋਟ ਮੈਂ ਜ਼ਰੂਰ ਪਾਉਣੀ ਆਂ' ਦਾ ਵੀਡੀਓ ਜਾਰੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਲੋਕਤੰਤਰ ਦੇ ਸਭ ਤੋਂ ਵੱਡਾ ਤਿਉਹਾਰ ਆਉਣ 'ਤੇ ਚੋਣ ਕਮਿਸ਼ਨ ਤੇ ਜ਼ਿਲ੍ਹਾ ਪ੍ਰਸ਼ਾਸਨ ਵੋਟਰ ਜਾਗਰੂਕਤਾ ਮੁਹਿੰਮ ਚਲਾਉਂਦਾ ਹੈ, ਤਾਂ ਜੋ ਜਨਤਾ ਨੂੰ ਵੱਧ ਤੋਂ ਵੱਧ ਵੋਟ ਪਾਉਣ ਪਾਉਣ ਲਈ ਪ੍ਰੇਰਿਤ ਕੀਤਾ ਜਾ ਸਕੇ। ਇਸੇ ਤਹਿਤ ਜ਼ਿਲ੍ਹਾ ਚੋਣ ਦਫ਼ਤਰ ਹੁਸ਼ਿਆਰਪੁਰ ਵੱਲੋਂ ਲੋਕ ਸਭਾ ਚੋਣਾਂ-2024 ਵਿਚ ਵੋਟਰਾਂ ਦੀ ਵੱਧ ਤੋਂ ਵੱਧ ਭਾਗੀਦਾਰੀ ਯਕੀਨੀ ਬਣਾਉਣ ਲਈ ਜਾਗਰੂਕਤਾ ਗੀਤ 'ਵੋਟ ਮੈਂ ਜ਼ਰੂਰ ਪਾਉਣੀ ਆਂ' ਦੀ ਲਾਂਚਿੰਗ ਅੱਜ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿਖੇ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਕੋਮਲ ਮਿੱਤਲ ਵੱਲੋਂ ਕੀਤੀ ਗਈ। ਸਹਾਇਕ ਕਮਿਸ਼ਨਰ ਦਿਵਿਆ ਪੀ ਅਤੇ ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਪ੍ਰੀਤ ਕੋਹਲੀ ਦੀ ਮੌਜੂਦਗੀ ਵਿਚ ਹੋਏ ਇਸ ਸਮਾਗਮ ਮੌਕੇ ਉਨ੍ਹਾਂ ਦੱਸਿਆ ਕਿ ਸਿੱਖਿਆ ਵਿਭਾਗ ਵਿਚ ਕੰਮ ਕਰਦੇ ਲੋਕੇਸ਼ ਸ਼ਰਮਾ ਦੁਆਰਾ ਗਾਏ ਇਸ ਗੀਤ ਨੂੰ ਸਿੱਖਿਆ ਵਿਦਵਾਨ ਪ੍ਰਿੰਸੀਪਲ ਡਾ. ਡੀ.ਕੇ ਸ਼ਰਮਾ ਦੁਆਰਾ ਲਿਖਿਆ ਗਿਆ ਹੈ ਅਤੇ ਕੌਮੀ ਪੱਧਰ 'ਤੇ ਰੰਗਮੰਚ ਵਿਚ ਆਪਣੀ ਵੱਖਰੀ ਪਹਿਚਾਣ ਬਣਾਉਣ ਵਾਲੇ ਸਹਾਇਕ ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਅੰਕੁਰ ਸ਼ਰਮਾ ਨੇ ਸੰਗੀਤ ਦਿੱਤਾ ਹੈ।

ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਇਸ ਗੀਤ ਨੂੰ ਬਣਾਉਣ ਦਾ ਮਕਸਦ ਪਹਿਲੀ ਜੂਨ ਨੂੰ ਪੈਣ ਜਾ ਰਹੀਆਂ ਵੋਟਾਂ ਵਿਚ ਵੱਧ ਤੋਂ ਵੱਧ ਵੋਟਰਾਂ ਦੀ ਭਾਗੀਦਾਰੀ ਨੂੰ ਯਕੀਨੀ ਬਣਾਉਣਾ ਹੈ। ਉਨ੍ਹਾਂ ਦੱਸਿਆ ਕਿ ਇਸ ਗੀਤ ਵਿਚ ਵੋਟ ਦੀ ਤਾਕਤ ਦਰਸਾਉਂਦੇ ਸ਼ਬਦਾਂ ਦਾ ਇਸਤੇਮਾਲ ਕੀਤਾ ਗਿਆ ਹੈ ਅਤੇ ਨਾਲ ਹੀ ਫਰਜ਼ ਨੂੰ ਦਰਸਾਉਂਦੇ ਸ਼ਬਦ ਜਿਵੇਂ ਕਿ 'ਮੇਰੀ ਵੋਟ ਹੈ ਅਮਾਨਤ ਦੇਸ਼ ਦੀ', ਅਤੇ ਦੇਸ਼ ਦੀ ਤਰੱਕੀ ਨਾਲ ਜੋੜਿਆ ਗਿਆ ਹੈ। ਇਸ ਦੇ ਨਾਲ ਹੀ ਗੀਤ ਵਿਚ ਵੋਟਰ ਜਾਗਰੂਕਤਾ ਲਈ ਚੱਲ ਰਹੇ ਹੋਰ ਪ੍ਰੋਗਰਾਮਾਂ ਦੀ ਜਾਣਕਾਰੀ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਗਾਣੇ ਦੇ ਵੀਡੀਓ ਵਿਚ ਪੰਜਾਬੀ ਸੱਭਿਆਚਾਰ, ਗਿੱਧਾ, ਭੰਗੜਾ, ਵੋਟ ਪਾਉਣ ਦੀ ਪ੍ਰਕਿਰਿਆ, ਚੋਣਾਂ ਦੌਰਾਨ ਪੁਲਿਸ ਪ੍ਰਸ਼ਾਸਨ ਦੁਆਰਾ ਨਾਗਰਿਕਾਂ ਦੀ ਰੱਖਿਆ, ਟਰਾਂਸਜੈਂਡਰ ਵੋਟਰ ਦੇ ਅਧਿਕਾਰ, ਚੋਣ ਪ੍ਰਕਿਰਿਆ ਦੌਰਾਨ ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ ਦੀ ਮਦਦ ਕਰਨਾ ਦਿਖਾਇਆ ਗਿਆ ਹੈ।




ਇਸ ਮੌਕੇ ਤਹਿਸੀਲਦਾਰ ਚੋਣਾਂ ਸਰਬਜੀਤ ਸਿੰਘ, ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਹਰਦੇਵ ਸਿੰਘ ਆਸੀ, ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਗੁਰਿੰਦਰਜੀਤ ਕੌਰ, ਚੋਣ ਕਾਨੂੰਗੋ ਦੀਪਕ ਕੁਮਾਰ, ਲਖਵੀਰ ਸਿੰਘ ਤੇ ਹਰਪ੍ਰੀਤ ਕੌਰ, ਡਾ। ਸੰਜੀਵ ਬਖਸ਼ੀ, ਸਹਾਇਕ ਨੋਡਲ ਅਫ਼ਸਰ ਮੀਡੀਆ ਕਮਿਊਨੀਕੇਸ਼ਨ ਰਜਨੀਸ਼ ਕੁਮਾਰ ਗੁਲਿਆਨੀ ਤੇ ਨੀਰਜ ਧੀਮਾਨ, ਇਲੈਕਟੋਰਲ ਲਿਟਰੇਸੀ ਕਲੱਬ ਦੇ ਜ਼ਿਲ੍ਹਾ ਇੰਚਾਰਜ ਸ਼ੈਲੇਂਦਰ ਠਾਕੁਰ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਧੀਰਜ ਵਸ਼ਿਸ਼ਟ, ਪ੍ਰਿੰਸੀਪਲ ਰਾਕੇਸ਼ ਕੁਮਾਰ, ਪ੍ਰਿੰਸੀਪਲ ਜਤਿੰਦਰ ਸਿੰਘ, ਪ੍ਰਿੰਸੀਪਲ ਜਤਿੰਦਰ ਕੁਮਾਰ ਆਦਿ ਮੌਜੂਦ ਸਨ।

## ਮੁੱਛਾਂ ਵਾਲਾ ਫੌਜੀ

**(ਸਫਾ 26 ਦੀ ਬਾਕੀ)**

ਬਰਫ਼ ਪਿਘਲ ਚੁੱਕੀ ਸੀ, ਚਾਰੇ ਪਾਸੇ ਬਹਾਰ ਹੀ ਬਹਾਰ ਛਾਈ ਹੋਈ ਸੀ। ਇੰਗਲੈਂਡ ਤੋਂ ਸੁਨੇਹਾ ਆ ਗਿਆ, "ਫੌਰਨ ਪਹੁੰਚੋ"। ਦਿੱਲੀ ਤੋਂ ਜਹਾਜ਼ ਦੀ ਸੋਮਵਾਰ ਸ਼ਾਮ 4 ਵਜੇ ਦੀ ਟਿਕਟ ਬੁੱਕ ਸੀ। ਹਸੀਨਾ ਅਤੇ ਜੀਆ ਮੀਆਂ ਨੂੰ ਛੱਡਣ ਏਅਰਪੋਰਟ ਪਹੁੰਚੀਆਂ। ਮੀਆਂ ਨੂੰ ਇਕਾਨੋਮੀਕਲ ਕਲਾਸ ਦੀ ਸੱਤ ਨੰਬਰ ਸੀਟ ਅਲਾਟ ਹੋਈ ਸੀ, ਅੱਠ ਨੰਬਰ ਸੀਟ ਉੱਪਰ ਪਹਿਲਾਂ ਹੀ ਚੌੜੀਆਂ ਮੁੱਛਾਂ ਵਾਲਾ ਬੰਦਾ ਬੈਠਾ ਸੀ, ਭਾਵੇਂ ਉਸਦੀਆਂ ਦੋਵੇਂ ਬਾਂਹਾਂ ਨਹੀਂ ਸਨ, ਪਰ ਉਸਦੀ ਜਿੰਦਾਦਿਲੀ ਅਤੇ ਖੁਸ਼ੀ ਦਾ ਕੋਈ ਠਿਕਾਣਾ ਨਹੀਂ ਸੀ, ਕਿਉਂਕਿ ਉਹ ਆਪਣੀ ਸੁਲੇਖਾ ਕੋਲ ਇੰਗਲੈਂਡ ਜਾ ਰਿਹਾ ਸੀ। ਇੱਕ ਏਅਰ ਹੌਸਟੈਸ ਨੇ ਉਸਨੂੰ ਕਿਹਾ, "ਯਦੀ ਆਪਕੋ ਕਿਸੀ ਵਸਤੂ ਕੀ ਜ਼ਰੂਰਤ ਹੈ, ਤੋ ਬੇਝਿਜਕ ਬਤਾ ਦੇਣਾ, ਮੈਂ ਆਪਕੀ ਸੇਵਾ ਮੇਂ ਹਾਜ਼ਿਰ ਹੂੰ।" ਜਹਾਜ਼ ਚ ਬੈਠੀਆਂ ਦੂਸਰੀਆਂ ਸਵਾਰੀਆਂ ਨੂੰ ਇਹ ਬੰਦਾ ਕੋਈ ਫਰਿਸ਼ਤੇ ਵਾਂਗ ਲੱਗ ਰਿਹਾ ਸੀ।

ਜਦੋਂ ਮੀਆਂ ਆਪਣੀ ਸੀਟ ਦੇ ਕੋਲ ਆਈ ਤਾਂ ਉਸ ਦੀ ਨਜ਼ਰ ਉਸ ਮੁੱਛਾਂ ਵਾਲੇ ਬੰਦੇ ਉੱਪਰ ਪਈ ਤਾਂ ਉਸਨੇ ਸੱਤ ਨੰਬਰ ਦੀ ਸੀਟ ਉੱਪਰ ਬੈਠਣ ਤੋਂ ਸਾਫ ਇਨਕਾਰ ਕਰ ਦਿੱਤਾ। ਹੋ ਸਕਦਾ ਪੰਦਰਾਂ ਸਾਲ ਪਹਿਲਾਂ ਦਾ ਉਸ ਉੱਪਰ ਕੋਈ ਪ੍ਰਭਾਵ ਹੋਵੇ, ਜਾਂ ਉਸਦੀਆਂ ਬਾਂਹਾਂ ਨਾ ਹੋਣ ਕਾਰਨ ਕੋਈ ਮਾਨਸਿਕ ਪਰੇਸ਼ਾਨੀ ਮਹਿਸੂਸ ਕਰਦੀ ਹੋਵੇ। ਏਅਰ ਹੌਸਟੈਸ ਨੂੰ ਕਹਿਣ ਲੱਗੀ, "ਮੈਂ ਇਸ ਸੀਟ ਪਰ ਬਿਲਕੁਲ ਨਹੀਂ ਬੈਠ ਸਕਤੀ, ਮੁਝੇ ਇਕਾਨੋਮੀਕਲ ਕਲਾਸ ਮੈਂ ਕੋਈ ਔਰ ਸੀਟ ਦੇ ਦੋ।"

ਜਹਾਜ਼ ਚੱਲਣ ਤੋਂ ਖੜਾ ਸੀ, ਜਹਾਜ਼ ਵਿੱਚ ਸਾਰੀਆਂ ਸਵਾਰੀਆਂ ਦਾ ਧਿਆਨ 7 ਨੰਬਰ ਅਤੇ 8 ਨੰਬਰ ਸੀਟ ਉੱਪਰ ਹੀ ਕੇਂਦਰਿਤ ਹੋ ਗਿਆ। ਏਅਰ ਹੌਸਟੈਸ ਕਹਿਣ ਲੱਗੀ, "ਹਮ ਹਰ ਏਕ ਪੈਸੰਜਰ ਕੀ ਭਾਵਨਾਓਂ ਕੀ ਕਦਰ ਕਰਤੇ ਹੈਂ, ਮੈਂ ਕੈਪਟਨ ਸੇ ਬਾਤ ਕਰਤੀ ਹੂੰ।" ਕੈਪਟਨ ਵੀ ਆ ਗਿਆ, ਹੱਥ ਵਿੱਚ ਫੜੇ ਇੱਕ ਪਰਚੇ ਨੂੰ ਦੇਖਦਾ ਹੋਇਆ ਕਹਿਣ ਲੱਗਾ, "ਇਕਾਨੋਮੀਕਲ ਕਲਾਸ ਮੇਂ ਤੋਂ ਕੋਈ ਸੀਟ ਨਹੀਂ ਹੈ, ਹਾਂ ਬਿਜਨਸ ਕਲਾਸ ਮੇਂ ਪੜੀ ਹੈ, ਮੈਂ ਆਪਕੀ ਸੀਟ, ਬਿਜਨਸ ਕਲਾਸ ਮੈਂ ਬਦਲ ਦੇਤਾ ਹੂੰ, ਉਸਕੇ ਲੀਏ ਆਪਕੋ ਅਲੱਗ ਸੇ ਪੇ ਕਰਨਾ ਹੋਗਾ।" ਮੀਆਂ ਨੇ ਤੁਰੰਤ ਨਾਂਹ ਕਰ ਦਿੱਤੀ, ਕਹਿਣ ਲੱਗੀ, "ਮੈਂ ਇਕਾਨੋਮੀਕਲ ਕਲਾਸ ਮੇਂ ਹੂੰ, ਔਰ ਇਕਾਨੋਮੀਕਲ ਕਲਾਸ ਮੇਂ ਹੀ ਬੈਠੂਗੀਂ।" ਇਹ ਸੁਣ ਕੇ ਕੈਪਟਨ ਵੀ, ਅਚੰਭੇ ਚ ਪੈ ਗਿਆ ਕਿ ਉਹ ਇਸ ਮਸਲੇ ਨੂੰ ਕਿਵੇਂ ਹੱਲ ਕਰੇ।

ਤੁਰੰਤ ਇੱਕ ਆਵਾਜ਼ ਬਿਜਨਸ ਕਲਾਸ ਵਿੱਚੋਂ ਆਈ, "ਹਮ ਇਸ ਮੂਛੋਂ ਵਾਲੇ ਬੰਦੇ ਕੀ ਬਿਜਨਸ ਕਲਾਸ ਮੇਂ ਸੀਟ ਕੇ ਲੀਏ ਅਲੱਗ ਫੀਸ ਦੇਣੇ ਕੋ ਤਿਆਰ ਹੈਂ।" ਕੈਪਟਨ ਮੂੱਛਾਂ ਵਾਲੇ ਬੰਦੇ ਨੂੰ ਕਹਿਣ ਲੱਗਾ, "ਆਪ ਹੀ ਹਮਾਰੀ ਦਿੱਕਤ ਕੋ ਸਮਝੋਗੇ, ਕਿਰਪਿਆ ਆਪ ਬਿਜਨਸ ਕਲਾਸ ਮੇਂ ਆ ਜਾਏਂ, ਇਸ ਅਸੁਵਿਧਾ ਕੇ ਲੀਏ ਮੈਂ ਆਪਸੇ ਮੁਆਫੀ ਕਾ ਹੱਕਦਾਰ ਹੂੰ।" ਮੂੱਛਾਂ ਵਾਲਾ ਬੰਦਾ ਕਹਿਣ ਲੱਗਾ, "ਸਾਹਿਬ ਹਮ ਤੋ ਦੇਸ਼ ਕੇ ਲੀਏ ਮਰ ਮਿਟਨੇ ਵਾਲੇ ਇਨਸਾਨ ਹੈਂ, ਕਸ਼ਮੀਰ ਮੇਂ ਦੋ ਲੜਕੀਓਂ ਔਰ ਉਨਕੀ ਮਾਤਾ ਕੀ ਜਾਨ ਬਚਾਤੇ ਹੁਏ ਆਪਣੀ ਦੋਨੋਂ ਬਾਜੂ ਕੁਰਬਾਨ ਕਰਦੀ, ਮੈਨੇ ਇਸਕੇ ਲੀਏ ਆਜਤਕ ਕੋਈ ਮਲਾਲ ਨਹੀਂ ਮਾਨਾਂ ਤੋਂ ਆਜ ਆਪਣੀ ਏਅਰ ਇੰਡੀਆ ਕੇ ਲੀਏ ਏਕ ਸੀਟ ਬਦਲਣੇ ਮੇਂ ਕੈਸਾ ਮਲਾਲ।"

ਇਹ ਸੁਣ ਕੇ ਕੈਪਟਨ ਨੇ, ਮੁੱਛਾਂ ਵਾਲੇ ਨੂੰ ਸਲੂਟ ਮਾਰਿਆ, ਹੁਣ ਤਾਂ ਜਹਾਜ਼ ਦੀਆਂ ਸਾਰੀਆਂ ਸਵਾਰੀਆਂ ਸਲੂਟ ਮਾਰਦੀਆਂ ਹੋਈਆਂ ਖੜੀਆਂ ਹੋ ਗਈਆਂ। ਮੁੱਛਾਂ ਵਾਲੇ ਬੰਦੇ ਦੀ ਗੱਲ ਮੀਆਂ ਦੇ ਦਿਲ ਤੇ ਪੱਥਰ ਵਾਂਗ ਲੱਗੀ, ਆਪਣੀ ਸੀਟ ਉੱਪਰ ਸਿਰ ਝੁਕਾ ਕੇ ਬੈਠੀ ਹੋਈ ਸੋਚ ਰਹੀ ਸੀ, "ਮੇਰੀ ਤੰਗ ਸੋਚ ਨੇ ਮੇਰੇ ਹੱਥੋਂ ਬਹੁਤ ਵੱਡੀ ਗਲਤੀ ਕਰਵਾ ਦਿੱਤੀ, ਮੈਂ ਮਾਨਵ ਦੀ ਸ਼੍ਰੇਣੀ ਵਿੱਚ ਹੀ ਨਹੀਂ ਹਾਂ।" ਬੈਗ ਵਿੱਚੋਂ ਆਪਣੀ ਨੋਟ ਬੁੱਕ ਕੱਢੀ, ਹਿੰਦੀ ਵਿੱਚ ਇੱਕ ਛੋਟੀ ਚਿੱਠੀ ਲਿਖੀ, ਏਅਰ ਹੌਸਟੈਸ ਨੂੰ ਫੜਾਉਂਦੇ ਹੋਏ ਕਹਿਣ ਲੱਗੀ, "ਪਲੇਨ ਕੇ ਸਭੀ ਯਾਤਰੀਓਂ ਕੇ ਸਾਮਣੇ ਮੇਰੇ ਸੇ ਬਹੁਤ ਬੜੀ ਭੂਲ ਹੋ ਗਈ ਹੈ, ਮੈਂ ਆਪਣੀ ਭੂਲ ਇਸ ਪੱਤਰ ਦੁਆਰਾ ਸੁਧਾਰਨਾ ਚਾਹਤੀ ਹੂੰ, ਕਿਰਪਿਆ ਮੂੱਛਾਂ ਵਾਲੇ ਬੰਦੇ ਕੋ ਦੇਣੇ ਸੇ ਪਹਿਲੇ ਯਾਤਰੀਓਂ ਕੇ ਸਾਮਣੇ ਇਸਕੋ ਪੜ੍ਹ ਕਰ ਸੁਣਾਇਆ ਜਾਏ।" ਏਅਰ ਹੋਸਟੈਸ ਕਹਿਣ ਲੱਗੀ, " ਮੈਅਮ ਆਪ ਚਿੰਤਾ ਨਾ ਕਰੇਂ, ਮੈਂ ਕੈਪਟਨ ਸੇ ਬਾਤ ਕਰਕੇ, ਆਪਕੀ ਇੱਛਾ ਪੂਰੀ ਕਰਤੀ ਹੂੰ।"

ਜਹਾਜ਼ ਵਿੱਚ ਇੱਕ ਮਹੱਤਵਪੂਰਨ ਸੂਚਨਾ ਜਾਰੀ ਕੀਤੀ ਗਈ, "ਹਮ ਆਪਕੇ ਸਾਮਣੇ, ਮਾਨਵੀਯ ਸੰਬਧੋਂ ਕੋ ਦਰਸ਼ਾਤਾ ਹੂਆ ਏਕ ਪੱਤਰ ਪੜ੍ਹ ਰਹੇ ਹੈਂ, ਧਿਆਨ ਸੇ ਸੁਣਨਾ:
"ਮੁਝ ਸੇ ਬਹੁਤ ਬੜੀ ਭੂਲ ਹੋ ਗਈ, ਮੇਰੀ ਤੰਗ ਸੋਚ ਨੇ ਮੁਝਸੇ ਇਤਨੀ ਬੜੀ ਗਲਤੀ ਕਰਵਾ ਦੀ, ਬੋ ਮੂੱਛੋਂ ਵਾਲਾ ਬੰਦਾ ਏਕ ਫੌਜੀ ਹੈ, ਜਿਸਨੇ ਕਸ਼ਮੀਰ ਮੇਂ ਮੁਝੇ, ਮੇਰੀ ਬਹਿਨ ਜੀਆ ਔਰ ਮੇਰੀ ਮੰਮਾ ਹਸੀਨਾ ਕੋ ਆਤੰਕਵਾਦੀਓ ਸੇ ਬਚਾਇਆ ਥਾ। ਹਮੇਂ ਬਚਾਤੇ ਸਮੇਂ ਹੀ ਉਸ ਮੂੱਛੋਂ ਵਾਲੇ ਫੌਜੀ ਨੇ ਆਪਣੀ ਦੋਨੋਂ ਬਾਜੂ ਖੋ ਦੀ ਥੀ। ਪਹਿਲੇ ਤੋਂ ਉਸ ਫੌਜੀ ਨੇ ਮੂਝੇ ਬਚਾਇਆ ਥਾ, ਅਬ ਜਗਾਇਆ ਹੈ, ਮੂਝੇ ਮਾਨਵ ਕੀ ਸ਼੍ਰੇਣੀ ਮੇਂ ਦਾਖ਼ਲ ਕਰਵਾਇਆ ਹੈ, ਮੈਂ ਆਪਣੀ ਭੂਲ ਸੁਧਾਰ ਕਰ ਇਸ ਮੂੱਛੋਂ ਵਾਲੇ ਫੌਜੀ ਕੋ ਆਪਣਾ ਸਲੂਟ ਦੇਤੀ ਹੂੰ, ਭਾਰਤ ਮਾਤਾ ਕੀ ਜੈ, ਆਪਕੀ ਮੀਆਂ।"

ਮੂੱਛੋਂ ਵਾਲੇ ਫੌਜੀ ਨੇ ਮੀਆਂ ਦੇ ਨਾਲ਼ ਪਿਤਾ-ਪੁੱਤਰੀ ਵਾਲਾ ਰਿਸ਼ਤਾ ਯਾਦ ਕੀਤਾ ਅਤੇ ਇੱਕ ਸਾਥੀ ਦੀ ਮਦਦ ਨਾਲ਼ ਆਪਣੇ ਬੈਗ ਵਿੱਚੋਂ ਚੈਕ ਬੁੱਕ ਕੱਢੀ, ਮੀਆਂ ਦੇ ਨਾਮ 5100/-ਰੂਪੈ ਦੇ ਚੈਕ ਉੱਪਰ ਆਪਣੇ ਪੈਰ ਨਾਲ਼ ਦਸਤਖ਼ਤ ਕਰਕੇ ਏਅਰ ਹੌਸਟੈਸ ਰਾਹੀਂ ਮੀਆਂ ਨੂੰ ਭੇਜ ਦਿੱਤਾ।

## .ਗਜ਼ਲ

ਚੰਨ ਸਿਤਾਰਿਆਂ ਦੀ ਥਾਹ ਪਾਉਣ ਤੁਰਿਆ ਹੈ।
ਬੰਦਾ ਅਸਮਾਨ ਨੂੰ ਟਾਕੀ ਲਾਉਣ ਤੁਰਿਆ ਹੈ।

ਦਿਲ ਦਰਿਆ ਦੀ ਥਾਹ ਤਾਂ ਪਾਈ ਨਹੀਂ ਗਈ,
ਥਾਹ ਪਾਉਣ ਲਈ ਸਾਗਰ ਗਾਹੁਣ ਤੁਰਿਆ ਹੈ।

ਜਾਤ, ਧਰਮ, ਰੰਗਾਂ, ਨਸਲਾਂ ਦੀ ਬੀਜ ਕੇ ਫ਼ਸਲ,
ਇਨਸਾਨ ਇਨਸਾਨੀਅਤ ਮੁਕਾਉਣ ਤੁਰਿਆ ਹੈ।

ਇਕੱਠੇ ਕਰਕੇ ਹਥਿਆਰ ਅਤੇ ਬਰੂਦ ਦੇ ਢੇਰ,
ਉਹ ਧਰਤੀ ਤੇ ਨਵਾਂ ਚੰਨ ਚੜ੍ਹਾਉਣ ਤੁਰਿਆ ਹੈ।

ਤਕਨੀਕ ਨਾਲ ਕਰਕੇ ਦੁਨੀਆਂ ਮੁੱਠੀ ਵਿੱਚ ਬੰਦ
ਆਪਣਿਆਂ ਤੋਂ ਦੂਰੀ ਵਧਾਉਣ ਤੁਰਿਆ ਹੈ।

ਬਾਪ ਨੂੰ ਘੁੱਟ ਪਾਣੀ ਦੇਣ ਦੀ ਫੁਰਸਤ ਨਹੀਂ
ਹੋਰ ਲੋਕਾਂ ਲਈ ਛਬੀਲਾਂ ਲਾਉਣ ਤੁਰਿਆ ਹੈ।

ਨੰਗੇ ਨੂੰ ਦੋ ਗਜ਼ ਕੱਪੜਾ ਤਾਂ ਦੇ ਨਹੀਂ ਸਕਦਾ
ਦਾਨੀ, ਕਬਰ ਤੇ ਚਾਦਰ ਚੜ੍ਹਾਉਣ ਤੁਰਿਆ ਹੈ।

ਮਿੱਟੀ ਦਾ ਪੁਤਲਾ ਭੁੱਲ ਕੇ ਆਪਣੀ ਔਕਾਤ
ਸ਼ੋਹਦਾ ਕੁਦਰਤ ਨਾਲ ਟਕਰਾਉਣ ਤੁਰਿਆ ਹੈ।

ਚੰਨ ਸਿਤਾਰਿਆਂ ਵਿਚ ਲੱਭਦਾ ਫਿਰਦਾ ਜ਼ਿੰਦਗੀ
'ਲਾਲ' ਤਾਰੇ 'ਤੇ ਬਸਤੀ ਵਸਾਉਣ ਤੁਰਿਆ ਹੈ।

## ਲੀਡਰ

ਵੋਟਾਂ ਆਈਆਂ ਆਏ ਲੀਡਰ।
ਘਰ ਘਰ ਫ਼ੇਰੀ ਪਾਏ ਲੀਡਰ।

ਮਤਲਵ ਖ਼ਾਤਰ ਬਾਪੂ ਆਖਣ
ਪਿਛੋਂ ਪੁੱਤ ਬਣਾਏ ਲੀਡਰ।

ਰਾਜਧਾਨੀ ਦੇ ਏ। ਸੀ। ਕਮਰੇ
ਛੱਡ ਬਾਹਰ ਨਾ ਜਾਏ ਲੀਡਰ।

ਜਿੱਤਣ ਲਈ ਸੌ ਪਾਪੜ ਵੇਲੇ
ਝੂਠੀਆਂ ਕਸਮਾਂ ਖਾਏ ਲੀਡਰ।

ਲੋਕ ਰਾਜ ਦਾ ਬੁਰਕਾ ਪਾ ਕੇ
ਬੁੱਧੂ ਲੋਕ ਬਣਾਏ ਲੀਡਰ।

ਦੁੱਧ ਧੋਤਾ ਬਣ ਜਾਂਦੈ ਆਪ
ਦੂਜਿਆਂ ਨੂੰ ਛੁਟਿਆਏ ਲੀਡਰ।

ਚਿੱਟੇ ਚਿੱਟੇ ਬਸਤਰ ਪਾਕੇ
ਕਾ਼ਲੇ ਕੰਮ ਕਰਾਏ ਲੀਡਰ।

ਧਰਤੀ ਤੇ ਹੈ ਅਦਭੁਤ ਜੀਵ
ਬੱਜਰੀ ਰੇਤਾ ਖਾਏ ਲੀਡਰ।

ਵੇਚ ਵੇਚ ਕੇ ਚਿੱਟਾ ਆਪ,
ਕਾ਼ਲਾ ਧਨ ਕਮਾਏ ਲੀਡਰ।

ਸੂ਼ਲੀ ਟੰਗੇ ਕੇ ਕਿਰਤੀ ਲੋਕ
ਐਪਰ ਐਸ਼ ਉਡਾਏ ਲੀਡਰ। ਦਾ

ਮਨ ਵਿਚ ਕੀ ਐ ਦਸਦਾ ਨੀਂ
ਮਨ ਕੀ ਬਾਤ' ਸੁਨਾਏ ਲੀਡਰ।

ਸਚਮੁੱਚ ਬੜਾ ਕਲੰਦਰ ਐ
ਬਾਂਦਰ ਵਾਂਗ ਨਚਾਏ ਲੀਡਰ।

ਕੁਰਸੀ ਤੀਕਰ ਪੁੱਜਣ ਖ਼ਾਤਰ
ਦੰਗੇ ਰੋਜ਼ ਕਰਾਏ ਲੀਡਰ।

ਨਾਗ ਵਾਂਗਰਾਂ ਮੇਲ੍ਹਣ ਲੋਕ
ਐਸੀ ਬੀਨ ਵਜਾਏ ਲੀਡਰ।

ਨਫ਼ਰਤ ਦੇ ਉਹ ਬੀਜੇ ਬੀਜ
ਫਿਰਕੂ ਪਾਠ ਪੜਾਏ ਲੀਡਰ।

ਲੁੱਟ ਦਾ ਮਾਲ ਖ਼ਜ਼ਾਨਾ ਜਾਣ
ਲੁੱਟੇ ਆਪ ਲੁਟਾਏ ਲੀਡਰ।

ਕੁਰਸੀ ਦੀ ਮਗ਼ਰੂਰੀ ਵਿਚ
ਧੌਣ ਹੋਰ ਅਕੜਾਏ ਲੀਡਰ।

ਗੋ਼ਲ ਬਿਸਤਰਾ ਕਰਦੇ ਲੋਕ
'ਲਾਲ' ਫੇਰ ਪਛਤਾਏ ਲੀਡਰ।



ਲਾਲ ਸਿੰਘ ਸੁਲਹਾਣੀ
91-98721-55120

ਅਵਤਾਰ ਪੁਰਬ 'ਤੇ ਵਿਸ਼ੇਸ਼

# ਸ੍ਰੀ ਗੁਰੂ ਅੰਗਦ ਦੇਵ ਦੀ ਸਿੱਖ ਧਰਮ ਤੇ ਪੰਜਾਬੀ ਭਾਸ਼ਾ ਨੂੰ ਦੇਣ



ਸ੍ਰੀ ਗੁਰੂ ਅੰਗਦ ਦੇਵ ਜੀ ਨੇ 5 ਵੈਸਾਖ ਸੰਮਤ 1561 ਬਿਕਰਮੀ ਮੁਤਾਬਿਕ 31 ਮਾਰਚ ਸੰਨ 1504 ਈ. ਨੂੰ ਮੱਤੇ ਦੀ ਸਰਾਂ (ਪ੍ਰਚਲਤ ਨਾਂ ਨਾਗੇ ਦੀ ਸਰਾਂ) ਜ਼ਿਲ੍ਹਾ ਫਰੀਦਕੋਟ ਵਿਖੇ ਅਵਤਾਰ ਧਾਰਿਆ। ਆਪ ਜੀ ਦੇ ਪਿਤਾ ਦਾ ਨਾਂ ਭਾਈ ਫੇਰੂ ਮੱਲ ਸੀ ਤੇ ਮਾਤਾ ਦਾ ਨਾਂ ਸਭਰਾਈ ਸੀ ।ਇਨ੍ਹਾਂ ਦਾ ਮੁੱਢਲਾ ਨਾਂ ਭਾਈ ਲਹਿਣਾ ਸੀ। ਆਪ ਦਾ ਵਿਆਹ ਸੰਮਤ 1576 ਬਿਕਰਮੀ ਮੁਤਾਬਿਕ ਸੰਨ 1519 ਨੂੰ ਖਡੂਰ ਸਾਹਿਬ ਵਿੱਖੇ ਭਾਈ ਦੇਵੀ ਚੰਦ ਜੀ ਖੱਤਰੀ ਦੀ ਸਪੁੱਤਰੀ ਬੀਬੀ ਖੀਵੀ ਜੀ ਨਾਲ ਹੋਇਆ। ਆਪ ਜੀ ਦੇ ਦੋ ਸੁਪੱਤਰ ਸ੍ਰੀ ਦਾਸੂ ਅਤੇ ਸ੍ਰੀ ਦਾਤੂ ਜੀ ਅਤੇ ਦੋ ਸਪੁੱਤਰੀਆਂ ਬੀਬੀ ਅਮਰੋ ਜੀ ਅਤੇ ਬੀਬੀ ਅਣੋਖੀ ਜੀ ਸਨ।

ਉਸ ਸਮੇਂ ਪੰਜਾਬ ਵਿਚ ਹਫ਼ੜਾ ਦਫੜੀ ਮੱਚੀ ਹੋਈ ਸੀ। ਜਦ ਮੱਤੇ ਦੀ ਸਰ੍ਹਾਂ ਮੁਗ਼ਲਾਂ ਅਤੇ ਬਲੋਚਾਂ ਨੇ ਉਜਾੜ ਦਿੱਤੀ, ਤਾਂ ਫੇਰੂ ਜੀ ਅਤੇ ਭਾਈ ਲਹਿਣਾ ਜੀ ਦੇ ਪਰਿਵਾਰ ਖਡੂਰ ਵਿੱਚ ਰਹਿਣ ਲਈ ਚਲੇ ਗਏ। ਗੋਇੰਦਵਾਲ ਅਜੇ ਵਸਿਆ ਨਹੀਂ ਸੀ।ਖਡੂਰ ਆਪ ਦੀ ਭੂਆ ਵਿਆਹੀ ਹੋਈ ਸੀ, ਉਸੇ ਦੀ ਰਾਹੀਂ ਆਪ ਦਾ ਰਿਸ਼ਤਾ ਖਡੂਰ ਹੋਇਆ।ਖਡੂਰ ਆ ਕੇ ਬਾਬਾ ਫੇਰੂ ਨੇ ਪ੍ਰਚੂਨ ਦੀ ਦੁਕਾਨ ਪਾ ਲਈ।ਆਪ ਦੀ ਉਸ ਸਮੇਂ ਉਮਰ ਵੀਹ ਸਾਲ ਦੀ ਸੀ।

ਬਾਬਾ ਫੇਰੂ ਜੀ ਵੈਸ਼ਨੋ ਦੇਵੀ ਦੇ ਭਗਤ ਸਨ ਤੇ ਹਰ ਸਾਲ ਵੈਸ਼ਨੋ ਦੇਵੀ ਦੇ ਦਰਸ਼ਨਾਂ ਲਈ ਪੈਦਲ ਜੰਮੂ ਕਟੜਾ ਜਾਂਦੇ ਸਨ। ਸੰਮਤ 1583 (1526 ਈ.) ਵਿਚ ਬਾਬਾ ਫੇਰੂ ਜੀ ਅਕਾਲ ਚਲਾਣਾ ਕਰ ਗਏ। ਉਨ੍ਹਾਂ ਤੋਂ ਪਿੱਛੋਂ ਆਪ ਨੇ ਇਹ ਸੇਵਾ ਸੰਭਾਲ ਲਈ। ਖਡੂਰ ਵਿੱਚ ਇੱਕ ਸਿੱਖ ਭਾਈ ਜੋਧਾ ਰਹਿੰਦਾ ਸੀ। ਭਾਈ ਜੋਧਾ ਹਰ ਰੋਜ਼ ਅੰਮ੍ਰਿਤ ਵੇਲੇ ਪਹਿਰ ਰਾਤ ਰਹਿੰਦੀ ਉੱਠਦਾ ਸੀ ਅਤੇ ਜਪੁਜੀ ਤੇ ਆਸਾ ਕੀ ਵਾਰ ਦਾ ਪਾਠ ਕਰਦਾ ਸੀ। ਉਸ ਰਾਹੀਂ ਆਪ ਜੀ ਦਾ ਮੇਲ ਗੁਰੂ ਨਾਨਕ ਦੇਵ ਜੀ ਨਾਲ ਰਾਵੀ ਦੇ ਕੰਢੇ ਕਰਤਾਰਪੁਰ ਵਿੱਚ ਹੋਇਆ। ਭਾਈ ਲਹਿਣਾ ਨੇ ਬਹੁਤ ਮਨ ਲਾ ਕੇ 6-7 ਸਾਲ ਗੁਰੂ ਜੀ ਦੀ ਸੇਵਾ ਕੀਤੀ ਤੇ ਗੁਰੂ ਸਾਹਿਬ ਨੇ ਵੀ ਕਈ ਤਰ੍ਹਾਂ ਦੀਆਂ ਪਰਖਾਂ ਕੀਤੀਆਂ। ਅੰਤ ਵਿੱਚ ਗੁਰੂ ਨਾਨਕ ਦੇਵ ਨੇ ਅਸੂ ਵਦੀ 10(7 ਅਸੂ) ਸੰਮਤ 1596 ( 7 ਸਤੰਬਰ 1539 ਈ.) ਨੂੰ ਜੋਤੀ ਜੋਤ ਸਮਾਉਣ ਤੋਂ ਕੁਝ ਦਿਨ ਪਹਿਲਾਂ 2 ਅਸੂ ਸੰਮਤ 1596(ਅਸੂ ਵਦੀ 5) ਮੁਤਾਬਿਕ 2 ਸਤੰਬਰ ਸੰਨ 1539 ਨੂੰ ਲਹਿਣੇ ਨੂੰ ਅੰਗਦ ਬਣਾ ਕੇ ਗੁਰਿਆਈ ਦੇ ਦਿੱਤੀ ਗਈ। ਸ੍ਰੀ ਚੰਦ ਤੇ ਲਖਮੀਦਾਸ ਦੀ ਨਰਾਜ਼ਗੀ ਕਾਰਨ ਸਿੱਖ ਸੰਗਤਾਂ ਵਿੱਚ ਫੁੱਟ ਦਾ ਬੀਜ ਨਾ ਬੀਜਿਆ ਜਾਵੇ, ਇਸ ਲਈ ਗੁਰੂ ਨਾਨਕ ਜੀ ਦੀ ਆਗਿਆ ਅਨੁਸਾਰ ਆਪ ਕਰਤਾਰਪੁਰ ਛੱਡ ਕੇ ਖਡੂਰ ਆ ਗਏ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਦੀ ਭਾਸ਼ਾ ਪੰਜਾਬੀ ਵਿਚ ਲਿਖਣ ਦੀ ਜੋ ਸ਼ੁਰੂਆਤ ਕੀਤੀ ਸੀ ਉਸ ਨੂੰ ਹੀ ਗੁਰੂ ਅੰਗਦ ਜੀ ਨੇ ਅੱਗੇ ਤੋਰਿਆ ਤੇ ਉਸ ਦੇ ਪ੍ਰਚਾਰ ਤੇ ਪਾਸਾਰ ਲਈ ਹਰ ਤਰ੍ਹਾਂ ਦੇ ਉਪਰਾਲੇ ਕੀਤੇ। ਗੋਕਲ ਚੰਦ ਨਾਰੰਗ ਅਨੁਸਾਰ ਉਸ ਸਮੇਂ ਬ੍ਰਾਹਮਣ ਦੇ ਮਹੱਤਵ ਦਾ ਇੱਕ ਵੱਡਾ ਆਧਾਰ ਉਸ ਦਾ ਸੰਸਕ੍ਰਿਤ ਦਾ ਗਿਆਨ ਸੀ ਜੋ ਕਿ ਧਰਮ ਦੀ ਭਾਸ਼ਾ ਸੀ। ਜਦੋਂ ਗੁਰਮੁੱਖੀ ਅੱਖਰਾਂ ਵਿੱਚ ਲਿਪੀ ਪੰਜਾਬੀ ਨੂੰ ਵੀ ਉਹੀ ਸੁਚਮਤਾ ਪ੍ਰਾਪਤ ਹੋ ਗਈ, ਤਾਂ ਬ੍ਰਾਹਮਣ ਦੀ ਪ੍ਰਤਿਸ਼ਠਾ ਨੂੰ ਧੱਕਾ ਲੱਗਣਾ ਜ਼ਰੂਰੀ ਸੀ। ਇਸ ਨਵੀਨ ਲਿਪੀ ਦੀ ਵਰਤੋਂ ਦਾ ਪ੍ਰਭਾਵ ਇਹ ਪਿਆ ਕਿ ਪੜ੍ਹੇ ਲਿਖੇ ਵਿਅਕਤੀਆਂ ਦੀ ਗਿਣਤੀ ਵਿੱਚ ਵਾਧਾ ਹੋ ਗਿਆ ਅਤੇ ਜਨਤਾ ਤੱਕ ਉਨ੍ਹਾਂ ਦੀ ਮਾਤਰੀ ਭਾਸ਼ਾ ਵਿੱਚ ਧਾਰਮਿਕ ਸਾਹਿਤ ਦੀ ਰਸਾਈ ਕਰਨ ਕਰਕੇ, ਗੁਰੂਆਂ ਦੇ ਸੁਧਾਰ-ਕਾਰਜ ਨੂੰ ਉਤਸ਼ਾਹ ਮਿਲਿਆ।



ਗੁਰੂ ਅੰਗਦ ਦੇਵ ਨੇ ਦੂਸਰਾ ਕਦਮ ਗੁਰੂ ਨਾਨਕ ਦੀਆਂ ਸਾਖੀਆਂ ਦੇ ਸੰਗ੍ਰਹਿ ਸੰਬੰਧੀ ਚੁੱਕਿਆ। ਬਾਲੇ ਨੇ, ਜੋ ਕਿ ਜੋਤੀ ਜੋਤ ਸਮਾ ਚੁੱਕੇ ਗੁਰੂ ਸਾਹਿਬ ਦਾ ਜੀਵਨ ਸੰਗੀ ਰਿਹਾ ਸੀ ਅਤੇ ਉਨ੍ਹਾਂ ਦੀਆਂ ਸਾਰੀਆਂ ਉਦਾਸੀਆਂ ਵਿੱਚ ਉਨ੍ਹਾਂ ਦੇ ਨਾਲ ਰਿਹਾ ਸੀ, ਆਪਣੀ ਯਾਦਾਸ਼ਤ ਦੁਆਰਾ ਸਭ ਕੁਝ ਬਿਆਨ ਕੀਤਾ ਜੋ ਉਸ ਨੇ ਗੁਰੂ ਨਾਨਕ ਦੇ ਬਾਲਪਨ ਤੋਂ ਲੈ ਕੇ ਮ੍ਰਿਤੂ ਤੱਕ ਵੇਖਿਆ ਸੀ ਜਾਂ ਸੁਣਿਆ ਸੀ ਅਤੇ ਗੁਰੂ ਅੰਗਦ ਨੇ ਇਸ ਨੂੰ ਲਿਪੀ ਬੱਧ ਕਰਨ ਦਾ ਨਿਸ਼ਚਾ ਧਾਰ ਲਿਆ। ਗੁਰੂ ਨਾਨਕ ਪਹਿਲੇ ਪੰਜਾਬੀ ਕਵੀ ਸਨ ਜਿਨ੍ਹਾਂ ਨੂੰ ਲੋਕ-ਪ੍ਰਿਯਤਾ ਅਤੇ ਪ੍ਰਸਿੱਧੀ ਪ੍ਰਾਪਤ ਹੋਈ ਅਤੇ ਗੁਰੂ ਅੰਗਦ ਦੁਆਰਾ ਸੰਪਾਦਿਤ ਉਨ੍ਹਾਂ ਦੀ ਸਾਖੀ ਪੰਜਾਬੀ ਭਾਸ਼ਾ ਦੀ ਸਭ ਤੋਂ ਪਹਿਲੀ ਗੱਦ-ਰਚਨਾ ਬਣੀ। ਗੁਰੂ ਨਾਨਕ ਦੇ ਸਿੱਖਾਂ ਵਿੱਚ ਇਹ ਪੁਸਤਕ ਛੇਤੀ ਹੀ ਹਰਮਨ-ਪਿਆਰੀ ਹੋ ਗਈ ਅਤੇ ਕਿਉਂਕਿ ਇਸ ਪੁਸਤਕ ਵਿੱਚ ਗੁਰੂ ਸਾਹਿਬ ਦੀ ਸਿੱਖਿਆ ਅਤੇ ਜੀਵਨ ਦੋਵੇਂ ਹੀ ਦਰਜ ਸਨ, ਇਸ ਨੇ ਸਿੱਖਾਂ ਦੇ ਧਾਰਮਿਕ ਗ੍ਰੰਥ ਹੋਣ ਦਾ ਮਾਣ ਤੁਰੰਤ ਪ੍ਰਾਪਤ ਕਰ ਲਿਆ।

ਆਪ ਜੀ ਨੇ ਲੰਗਰ ਪ੍ਰਣਾਲੀ ਜੋ ਗੁਰੂ ਨਾਨਕ ਜੀ ਨੇ ਸ਼ੁਰੂ ਕੀਤੀ ਸੀ ਉਸ ਨੂੰ ਅੱਗੇ ਤੋਰਿਆ। ਸਿੱਖ ਹੁਣ ਪੁਰਾਤਨ ਹਿੰਦੂ ਸਮਾਜ ਤੋਂ ਹੌਲੀ-ਹੌਲੀ ਦੂਰ ਹੋਣ ਲੱਗੇ ਅਤੇ ਇੱਕ ਨਵੀਂ ਸ਼੍ਰੇਣੀ ਅਥਵਾ ਇੱਕ ਕਿਸਮ ਦੇ ਨਵੇਂ ਭਾਈਚਾਰੇ ਵਿੱਚ ਬੱਝਣ ਲੱਗੇ। ਗੁਰੂ ਬਣਾਣ ਵੇਲੇ ਸਤਿਗੁਰੂ ਨਾਨਕ ਦੇਵ ਜੀ ਨੇ ਇਹਨਾਂ ਨੂੰ ਆਪਣੀ ਉਹ 'ਕਿਤਾਬ' ਵੀ ਦੇ ਦਿੱਤੀ, ਜਿਸ ਵਿੱਚ ਉਨ੍ਹਾਂ ਆਪਣੀ ਸਾਰੀ ਹੀ ਬਾਣੀ ਲਿਖ ਕੇ ਰੱਖੀ ਹੋਈ ਸੀ, ਅਤੇ ਬਾਬਾ ਫ਼ਰੀਦ, ਭਗਤ ਨਾਮਦੇਵ, ਕਬੀਰ, ਰਵਿਦਾਸ ਆਦਿਕ ਸਾਰੇ ਭਗਤਾਂ ਦੀ ਬਾਣੀ ਵੀ ਲਿਖੀ ਹੋਈ ਸੀ। ਜਦੋਂ ਗੁਰੂ ਨਾਨਕ ਦੇਵ ਜੀ ਮੱਕੇ ਗਏ ਸਨ ਤਾਂ ਹਾਜੀਆਂ ਨੇ ਵੀ ਇਸੇ 'ਕਿਤਾਬ' ਬਾਰੇ ਆਖਿਆ ਸੀ ਕਿ ਇਸ ਨੂੰ ਖੋਲ੍ਹ ਕੇ ਸਾਨੂੰ ਆਪਣੀ ਰਾਇ ਦੱਸੋ ਕਿ ਹਿੰਦੂ ਵੱਡਾ ਹੈ ਜਾਂ ਮੁਸਲਮਾਨ। ਇਹ ਹੁਕਮ ਵੀ ਕੀਤਾ ਕਿ ਰਾਵੀ ਬਿਆਸ ਵਿਚਲੇ ਇਲਾਕੇ ਮਾਝੇ ਵਿੱਚ ਦੇ ਕਿਸਾਨ ਆਦਿਕ ਲੋਕਾਂ ਵਿੱਚ ਪ੍ਰਚਾਰ ਕਰੋ ਅਤੇ ਉਨ੍ਹਾਂ ਨੂੰ ਹੌਸਲਾ ਦਿਉ। ਗੁਰੂ ਅੰਗਦ ਦੇਵ ਜੀ ਨੇ ਕਰਤਾਰਪੁਰ ਤੋਂ ਸਿੱਖ ਧਰਮ ਦੇ ਪ੍ਰਚਾਰ ਦਾ ਕੇਂਦਰ ਖਡੂਰ ਵਿੱਚ ਆ ਬਣਾਇਆ।

ਗੋਇੰਦਵਾਲ ਵਾਲ਼ੀ ਜਗਾਹ ਪਹਿਲਾਂ ਇਕ ਥੇਹ ਸੀ ਤੇ ਇੱਕ ਮਰਵਾਹੇ ਖੱਤਰੀ ਗੋਂਦੇ ਦੇ ਵੱਡਿਆਂ ਦੀ ਮਾਲਕੀ। ਗੋਂਦਾ ਆਪਣੇ ਵੱਡਿਆਂ ਦਾ ਨਾਮ ਉਜਾਗਰ ਕਰਨ ਲਈ ਉੱਥੇ ਨਗਰ ਵਸਾਣਾ ਚਾਹੁੰਦਾ ਸੀ। ਗੋਂਦਾ ਇਸ ਬਾਰੇ ਗੁਰੂ ਅੰਗਦ ਦੇਵ ਜੀ ਪਾਸ ਆਇਆ। ਗੁਰੂ ਅੰਗਦ ਸਾਹਿਬ ਨੇ ਨਗਰ ਵਸਾਣ ਦੀ ਇਹ ਜ਼ਿੰਮੇਵਾਰੀ (ਗੁਰੂ) ਅਮਰਦਾਸ ਜੀ ਨੂੰ ਸੌਂਪੀ, ਅਤੇ ਹੁਕਮ ਦਿੱਤਾ ਕਿ ਨਗਰ ਬਣਾ ਕੇ ਬਾਸਰਕੇ ਤੋਂ ਆਪਣੇ ਨਿਕਟੀ ਸਾਕ-ਸੰਬੰਧੀਆਂ ਨੂੰ ਉੱਥੇ ਲਿਆ ਵਸਾਓ। ਇਹ ਜ਼ਿਕਰ ਸੰਨ 1546 (ਸੰਮਤ 1603) ਦਾ ਹੈ। ਨਗਰ ਦਾ ਨਾਮ ਗੋਇੰਦਵਾਲ ਰੱਖਿਆ ਗਿਆ। (ਗੁਰੂ) ਅਮਰਦਾਸ ਜੀ ਆਪਣੇ ਕਈ ਸਾਕ-ਸੰਬੰਧੀਆਂ ਨੂੰ ਗੋਇੰਦਵਾਲ ਲੈ ਆਏ। ਜਿੱਥੋਂ ਤੀਕ ਗੁਰਮੁੱਖੀ ਲਿਪੀ ਦਾ ਸੰਬੰਧ ਹੈ ਇਸ ਨੂੰ ਅਜੋਕਾ ਰੂਪ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਦਿੱਤਾ ਸੀ। ਡਾ. ਜ.ਸ. ਜੋਸ਼ੀ ਅਨੁਸਾਰ ਗੁਰਮੁਖੀ ਦੇ ਅੱਖਰ ਵਰਤਮਾਨ ਦੇਵਨਾਗਰੀ ਨਾਲੋਂ ਵੀ ਪੁਰਾਣੇ ਹਨ। ਕੋਈ ਪੈਂਤੀ ਅੱਖਰਾਂ ਦੀ ਵਰਣਮਾਲਾ ਗੁਰੂ ਨਾਨਕ ਸਾਹਿਬ ਦੇ ਬਚਪਨ ਵੇਲੇ ਮੌਜੂਦ ਸੀ। ਇਹ ਵਰਣਮਾਲਾ ਪਾਂਧੇ ਤੋਂ ਗੁਰੂ ਨਾਨਕ ਦੇਵ ਜੀ ਨੇ ਸਿੱਖੀ ਅਤੇ ਇਸ ਨੂੰ ਮੁੱਖ ਰੱਖਕੇ 'ਪੱਟੀ' ਵਾਲੀ ਰਚਨਾ ਕੀਤੀ। ਇਹ ਵਰਣਮਾਲਾ ਪੰਜਾਬ ਵਿੱਚ ਸਿੱਖਿਆ ਪ੍ਰਣਾਲੀ ਦਾ ਮੁੱਢ ਸੀ। ਇਹੋ ਵਰਣਮਾਲਾ ਹੀ ਪਿੱਛੋਂ 'ਗੁਰਮੁਖੀ' ਅਖਵਾਉਣ ਵਾਲੀ ਹੋ ਸਕਦੀ ਹੈ, ਜੇ ਪੈੜੇ ਮੋਖੇ ਦੇ ਜਨਮਸਾਖੀ ਲਿਖਣ ਵਾਲੀ ਕਹਾਣੀ ਨੂੰ ਜਿਸ ਤਰ੍ਹਾਂ ਉਹ ਬਾਲੇ ਵਾਲੀ ਜਨਮ ਸਾਖੀ ਵਿੱਚ ਦਿੱਤੀ ਗਈ ਹੈ। ਸੱਚ ਮੰਨ ਲਈਏ ਤਾਂ ਪ੍ਰਤੱਖ ਹੈ ਕਿ ਪੈੜੇ ਮੋਖੇ ਨੂੰ ਗੁਰਮੁਖੀ ਲਿਖਣੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਮਿਲਣ ਤੋਂ ਪਹਿਲਾਂ ਹੀ ਚੰਗੀ ਤਰ੍ਹਾਂ ਆਉਂਦੀ ਸੀ, ਜਿਸ ਤੋਂ ਗੁਰੂ ਅੰਗਦ ਦੇਵ ਜੀ ਨੇ ਐਡਾ ਵੱਡਾ ਕੰਮ ਉਸ ਦੇ ਸਪੁਰਦ ਕੀਤਾ।



ਡਾ. ਚਰਨਜੀਤ ਸਿੰਘ ਗੁਮਟਾਲਾ
91 9417533060

ਡਾ. ਜੋਸ਼ੀ ਅੱਗੇ ਲਿਖਦੇ ਹਨ ਕਿ ਗੁਰਮੁਖੀ ਅੱਖਰਾਂ ਦੀ ਵਰਤਮਾਨ ਤਰਤੀਬ ਆਧੁਨਿਕ ਯੁੱਗ ਦੀਆਂ ਧੁਨੀ ਵਿਗਿਆਨ ਦੇ ਖੇਤਰ ਦੀਆਂ ਖੋਜਾਂ ਦੀ ਕਸਵਟੀ 'ਤੇ ਪੂਰੀ ਤਰ੍ਹਾਂ ਠੀਕ ਉਤਰਦੀ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਦਾ ਇਸ ਤੋਂ ਵੱਧ ਮਹੱਤਵਪੂਰਨ ਯੋਗਦਾਨ ਗੁਰਮੁਖੀ ਲਿਪੀ ਨੂੰ ਗੁਰਬਾਣੀ ਅਤੇ ਬਾਕੀ ਗੁਰਮਤਿ ਸਾਹਿਤ ਨੂੰ ਲਿਖਤੀ ਰੂਪ ਦੇਣ ਲਈ ਢੁੱਕਵੀਂ ਮੰਨ ਕੇ ਮਾਧਿਅਮ ਵਜੋਂ ਅਪਨਾਉਣਾ ਹੈ।

ਬੱਚਿਆਂ ਨੂੰ ਇਸਦੀ ਸਿੱਖਿਆ ਪ੍ਰਦਾਨ ਕਰਨ ਲਈ ਆਪ ਜੀ ਨੇ 'ਬਾਲ ਬੋਧ' ਦੀ ਰਚਨਾ ਕੀਤੀ। ਗੁਰਮੁਖੀ ਅੱਖਰਾਂ ਤੋਂ ਜਾਣੂੰ ਲਿਖਾਰੀਆਂ ਨੂੰ ਵਰਤਮਾਨ ਲਿਪੀ ਵਿੱਚ ਪੰਜਾਬੀ ਸਾਹਿਤ ਲਿਖਣ ਦੀ ਪ੍ਰੇਰਣਾ ਅਤੇ ਉਤਸ਼ਾਹ ਦਿੱਤਾ। ਸ਼ਾਇਦ ਇਸੇ ਕਰਕੇ ਗੁਰਮੁਖਾਂ ਨੇ ਆਪ ਜੀ ਨੂੰ ਗੁਰਮੁਖੀ ਲਿਪੀ ਦਾ ਨਿ-ਰਮਾਤਾ ਮੰਨ ਲਿਆ।

ਆਪ ਨੇ ਕੇਵਲ ਸਲੋਕ ਹੀ ਲਿਖੇ ਜਿਨ੍ਹਾਂ ਦਾ ਗਿਣਤੀ 63 ਹੈ। ਗੁਰੂ ਗ੍ਰੰਥ ਦੀ ਬੀੜ ਤਿਆਰ ਕਰਨ ਸਮੇਂ ਇਨ੍ਹਾਂ ਸਲੋਕਾਂ ਨੂੰ ਗੁਰੂ ਅਰਜਨ ਦੇਵ ਨੇ ਗੁਰੂ ਨਾਨਕ ਸਾਹਿਬ, ਗੁਰੂ ਅਮਰਦਾਸ ਜੀ ਤੇ ਗੁਰੂ ਰਾਮਦਾਸ ਜੀ ਦੀਆਂ ਲਿਖੀਆਂ ਵਾਰਾਂ ਦੀਆਂ ਕੁਝ ਪਉੜੀਆਂ ਦੇ ਨਾਲ ਦਰਜ ਕਰ ਦਿੱਤਾ। ਸਿਰੀਰਾਗ ਕੀ ਵਾਰ ਮਹਲਾ ਪਹਿਲਾ ਚੌਥਾ ਵਿਚ 2 ਸਲੋਕ, ਮਾਝ ਕੀ ਵਾਰ ਮਹਲਾ ਪਹਿਲਾ ਵਿਚ 12 ਸਲੋਕ, ਆਸਾ ਕੀ ਵਾਰ ਮਹਲਾ ਪਹਿਲਾ ਵਿਚ 15, ਸੋਰਿਠ ਕੀ ਵਾਰ ਮਹਲਾ ਚਾਰ ਵਿਚ 1, ਸੂਹੀ ਕੀ ਵਾਰ ਮਹਲਾ ਤਿੰਨ ਵਿਚ 11 ਸਲੋਕ, ਰਾਮਕਲੀ ਕੀ ਵਾਰ ਮਹਲਾ ਤੀਜਾ 7, ਮਾਰੂ ਕੀ ਵਾਰ ਮਹਲਾ ਤੀਜਾ 1 ਸਲੋਕ, ਸਾਰੰਗ ਕੀ ਵਾਰ ਮਹਲਾ ਮਹਲਾ ਚਾਰ 9 ਸਲੋਕ, ਮਲਾਰ ਕੀ ਵਾਰ ਮਹਲਾ ਪਹਿਲਾ ਵਿਚ 5 ਸਲੋਕ 63

ਸ੍ਰੀ ਗੁਰੂ ਅੰਗਦ ਸਾਹਿਬ ਖਡੂਰ ਨਗਰ ਵਿੱਚ 3 ਵੈਸਾਖ ਸੰਮਤ 1609 (ਚੇਤਰ ਸੁਦੀ 4) ਨੂੰ ਜੋਤੀ ਜੋਤਿ ਸਮਾਏ। ਈਸਵੀ ਸੰਨ ਅਨੁਸਾਰ 29 ਮਾਰਚ ਸੰਨ 1552 ਦਿਨ ਮੰਗਲਵਾਰ ਸੀ। ਕੁਲ ਉਮਰ 48 ਸਾਲ ਦੀ ਸੀ।

**ਸਹਾਇਕ ਪੁਸਤਕਾਂ**

1. ਸਾਹਿਬ ਸਿੰਘ, ਪ੍ਰੋਫ਼ੈਸਰ, ਗੁਰ-ਇਤਿਹਾਸ, ਪਾਤਸ਼ਾਹੀ 2 ਤੋਂ 9 ,ਸਿੰਘ ਬ੍ਰਦਰਜ਼, ਅੰਮ੍ਰਿਤਸਰ, 2018
2. ਗੁਰਨਾਮ ਕੌਰ (ਡਾ.) ਘੁੰਮਣ, ਰਣਜੀਤ ਸਿੰਘ (ਡਾ.) (ਸੰਪਾ.) ਸ੍ਰੀ ਗੁਰੂ ਅੰਗਦ ਦੇਵ 'ਗੁਰ ਚੇਲਾ, ਚੇਲਾ ਗੁਰੂ', ਪੰਜਾਬੀ ਯੂਨੀਵਰਸਿਟੀ ਪਟਿਆਲਾ 2007
3. ਜੋਧ ਸਿੰਘ ਡਾ., ਸਿੱਖ ਧਰਮ ਵਿਸ਼ਵ ਕੋਸ਼ (ਪਹਿਲੀ ਸੈਂਚੀ), ਪੰਜਾਬੀ ਯੂਨੀ-ਵਰਸਿਟੀ ਪਟਿਆਲਾ 2008
4. ਨਾਰੰਗ, ਗੋਕਲ ਚੰਦ (ਅਨੁਵਾਦਕ ਗੁਰਚਰਨ ਸਿੰਘ), ਸਿੱਖ ਮਤ ਦਾ ਪਰਿਵਰਤਨ, ਪੰਜਾਬੀ ਯੂਨੀਵਰਸਿਟੀ ਪਟਿਆਲਾ 2009
5. ਪਦਮ ਪਿਆਰਾ ਸਿੰਘ, ਸੰਖੇਪ ਸਿੱਖ ਇਤਿਹਾਸ, ਸਿੰਘ ਬਦਰਜ਼, ਅੰਮ੍ਰਿਤਸਰ 2014,
6. ਮੈਕਾਲਿਫ਼, ਮੈਕਸ ਅਰਥਰ, ਅਨੁਵਾਦਕ ਅਜੈਬ ਸਿੰਘ, ਸੋਧਕ ਡਾ. ਜੀ ਐਸ ਔਲਖ, ਸਿੱਖ ਇਤਿਹਾਸ, ਭਾਗ 1-2, ਲਾਹੌਰ ਬੁਕ ਸ਼ਾਪ, ਲੁਧਿਆਣਾ, 20144

# ਆਦਿਵਾਸੀਆਂ ਦੀਆਂ ਮੁਸ਼ਕਲਾਂ ਦਾ ਹੱਲ



ਲਾਲ ਸਿੰਘ ਸੁਲਹਾਣੀ
91-98721-55120

ਅਫ਼ਰੀਕਾ ਨੂੰ ਛੱਡ ਕੇ ਭਾਰਤ ਵਿਚ ਆਦਿਵਾਸੀਆਂ ਦੀ ਸੱਭ ਤੋਂ ਜ਼ਿਆਦਾ ਆਬਾਦੀ ਹੈ। 1951 ਦੀ ਮਰਦਮਸ਼ੁਮਾਰੀ ਅਨੁਸਾਰ ਭਾਰਤ ਵਿੱਚ 550 ਆਦਿਵਾਸੀ ਕਬੀਲੇ ਹਨ। 2011 ਦੀ ਮਰਦਮਸ਼ੁਮਾਰੀ ਅਨੁਸਾਰ ਆਦਿਵਾਸੀਆਂ ਦੀ ਕੁੱਲ ਗਿਣਤੀ 10,42,81,034 (ਦਸ ਕਰੋੜ, ਬਿਆਲੀ ਲੱਖ, ਇਕਾਸੀ ਹਜਾਰ, ਚੌਂਤੀ) ਹੈ। ਜੋ ਭਾਰਤ ਦੀ ਕੁੱਲ ਆਬਾਦੀ ਦਾ 8।6 ਫੀਸਦੀ ਬਣਦੀ ਹੈ (ਅਸਲ ਵਿਚ ਆਦਿਵਾਸੀਆਂ ਦੀ ਕੁੱਲ ਆਬਾਦੀ 10 ਫੀਸਦੀ ਤੋਂ ਵੱਧ ਹੈ ਕਿਉਂਕਿ ਇਹ ਸਰਕਾਰੀ ਅੰਕੜੇ ਘੱਟ ਕਰਕੇ ਦਿਖਾਏ ਜਾਂਦੇ ਹਨ) ਅਰੁਣਾਚਲ ਪ੍ਰਦੇਸ਼, ਨਾਗਾਲੈਂਡ, ਮਿਜ਼ੋਰਮ, ਮੇਘਾਲਿਆ (ਉਤਰ ਪੂਰਬ 'ਚ), ਦਾਦਰਾ ਨਗਰ ਹਵੇਲੀ ਪੱਛਮ ਤੱਕ ਅਤੇ ਲਕਸ਼ਦੀਪ (ਦੱਖਣ ਵਿਚ ) ਕੁੱਲ ਆਦਿਵਾਸੀ ਆਬਾਦੀ 80 ਫੀਸਦੀ ਤੋਂ ਵੱਧ ਹੈ। ਦੂਸਰੇ ਰਾਜ ਜਿਹਨਾਂ ਵਿਚ ਆਦਿਵਾਸੀ ਗਿਣਤੀ ਦੀ ਬਹੁਤਾਤ ਹੈ, ਉਹ ਹਨ ਮੱਧ ਪ੍ਰਦੇਸ਼, ਉੜੀਸਾ, ਬਿਹਾਰ, ਪੱਛਮੀ ਬੰਗਾਲ, ਮਣੀਪੁਰ, ਹਿਮਾਚਲ ਪ੍ਰਦੇਸ਼, ਰਾਜਸਥਾਨ, ਉੱਤਰ ਪ੍ਰਦੇਸ਼, ਗੁ-ਜਰਾਤ, ਮਹਾਂਰਾਸ਼ਟਰ ਤੇ ਅੰਡੇਮਾਨ ਨਿਕੋਬਾਰ ਦੀਪ ਸੰਮੂਹ। ਭਾਰਤ ਦੇ ਨਕਸ਼ੇ ਚ ਤਿੰਨ ਖੇਤਰ ਸੰਘਣੀ ਆਦਿਵਾਸੀ ਆਬਾਦੀ ਵਾਲੇ ਹਨ ਇਕ ਹੈ ਉਤਰ ਪੂਰਬ ਜਿੱਥੇ ਮੰਗੋਲ ਪਰਜਾਤੀ ਦੇ ਆਦਿਵਾਸੀ ਰਹਿੰਦੇ ਹਨ।

ਦੂਸਰਾ ਹੈ ਮੱਧ ਭਾਰਤ ਜੋ ਪੂਰਬੀ ਤਟ ਤਕ ਜਾਂਦਾ ਹੈ ਇਹ ਸੰਥਾਲ ਤੇ ਗੌਂਡ ਪਰਜਾਤੀਆਂ ਦੀ ਬਹੁਤਾਤ ਵਾਲਾ ਖੇਤਰ ਹੈ ਤੀਸਰਾ ਪੱਛਮ ਜਿੱਥੇ ਭੀਲਾਂ ਦੀ ਆਬਾਦੀ ਵਧੇਰੇ ਹੈ। ਦੂਸਰੇ ਸੈਂਕੜੇ ਛੋਟੇ ਵਡੇ ਸਮੁਦਾਏ ਹਨ ਲੇਕਿਨ ਕੇਵਲ ਭੀਲ, ਸੰਥਾਲ ਤੇ ਗੌਂਡਾਂ ਚ ਪ੍ਰਤੀ ਇਕ ਸਮੁਦਾਏ ਦੀ ਆਬਾਦੀ 50 ਲੱਖ ਤੋਂ ਜ਼ਿਆਦਾ ਹੈ।

ਉਤਰ ਪੂਰਬ ਦੇ ਆਦਿਵਾਸੀਆਂ ਦੀ ਮੰਗੋਲ ਜਾਤ ਦੇ ਆਦਿਵਾਸੀ ਵਿਦਰੋਹ ਕਰਨ ਦੀ ਸਥਿਤੀ ਚ ਹਨ। ਛੋਟਾ ਨਾਗਪੁਰ ਖੇਤਰ ਦੇ ਸੰਥਾਲ ਅਤੇ ਓਰਾਂਵ ਆਦਿਵਾਸੀ ਦਬਾਅ ਚ ਦੁੱਖਾਂ ਭਰੀ ਜ਼ਿੰਦਗੀ ਬਤੀਤ ਕਰਨ ਲਈ ਬੇਬਸ ਹਨ। ਬਚੇ ਹੋਏ ਆਦਿਵਾਸੀ ਮੱਧ ਅਤੇ ਪੱਛਮੀ ਭਾਰਤ ਵਿਚ ਚੁੱਪ ਰਹਿਕੇ ਕਸ਼ਟ ਸਹਿਣ ਲਈ ਮਜ਼ਬੂਰ ਹਨ।

ਆਦਿਵਾਸੀਆਂ ਦੀਆਂ ਬਹੁਤ ਜ਼ਿਆਦਾ ਸਮੱਸਿਆਵਾਂ ਹਨ। ਮੂਲ ਰੂਪ ਵਿਚ ਸਮਾਜਕ, ਆਰਥਿਕ ਤੇ ਸੰਸਕ੍ਰਿਤਕ ਕਿਸਮ ਦੀਆਂ ਹਨ। ਸ਼ਾਸ਼ਕ ਜਾਤੀਆਂ ਦੁਆਰਾ ਉਹਨਾਂ ਦਾ ਹੱਦ ਦਰਜੇ ਤੱਕ ਸ਼ੋਸ਼ਣ ਕੀਤਾ ਜਾਂਦਾ ਹੈ। ਸਰਕਾਰੀ ਅੰਕੜਿਆਂ ਮੁਤਾਬਕ ਭਾਰਤ ਦੀ ਅੱਧੀ ਆਬਾਦੀ ਗਰੀਬੀ ਰੇਖਾ ਤੋਂ ਹੇਠਾਂ ਮੰਨੀ ਜਾਂਦੀ ਹੈ ਜਿਸ ਵਿਚੋਂ ਆਦਿਵਾਸੀਆਂ ਦੀ ਸਾਰੀ ਦੀ ਸਾਰੀ ਆਬਾਦੀ ਗਰੀਬੀ ਰੇਖਾ ਤੋਂ ਹੇਠਾਂ ਹੈ। ਆਦਿ ਵਾਸੀਆਂ ਦੇ ਸ਼ੋਸ਼ਣ ਦੀ ਕਹਾਣੀ ਵਰਨਣ ਤੋਂ ਪਰ੍ਹੇ ਹੈ।

ਮਹਾਂ ਨਗਰਾਂ ਦੇ ਰੈਡ ਲਾਈਟ (ਵੇਸਵਾਵ੍ਰਿਤੀ ਖੇਤਰ) ਵਿਚ ਆਦਿਵਾਸੀ ਲੜਕੀਆਂ ਦੀ ਵਧਦੀ ਸੰਖਿਆ ਉਹਨਾਂ ਦੀ ਦੁਰਦਸ਼ਾ ਦਾ ਪ੍ਰਤੱਖ ਪ੍ਰਮਾਣ ਹੈ। ਅਨੇਕਾਂ ਅਧਿਐਨਾਂ ਤੇ ਗੈਰ ਸਰਕਾਰੀ ਰਿਪੋਰਟਾਂ ਤੋਂ ਪਤਾ ਲੱਗਦਾ ਹੈ ਕਿ ਮਾਨਤਾ ਪ੍ਰਾਪਤ ਚਕਲਾ ਘਰਾਂ ਵਿਚ ਅੱਧ ਤੋਂ ਵੱਧ ਵੇਸਵਾਵਾਂ ਆਦਿਵਾਸੀ ਕਬੀਲਿਆਂ ਚੋਂ ਹਨ।

ਸਿੰਘਭੂਮ ਜ਼ਿਲ੍ਹੇ ਚ ਲੋਹੇ ਦੀਆਂ ਖਾਣਾਂ ਦੇ ਬਾਹਰੋਂ ਆਏ ਜ਼ਿਆਦਾਤਰ ਠੇਕੇਦਾਰਾਂ ਦੁਆਰਾ ਚੰਗੀਆਂ ਦਿਸਣ ਵਾਲੀਆਂ ਲੜਕੀਆਂ/ ਔਰਤਾਂ ਨੂੰ ਬਹਿਲਾ ਫੁਸਲਾ ਕੇ ਬਾਹਰ ਭੇਜ ਦਿੱਤਾ ਜਾਂਦਾ ਹੈ। ਬਾਅਦ ਵਿਚ ਜਿਹਨਾਂ ਦੀ ਕੋਈ ਉੱਘ ਸੁੱਘ ਨਹੀਂ ਨਿਕਲਦੀ। ਖਾਸ ਕਰਕੇ ਟੀਹਰੀ ਗੜ੍ਹਵਾਲ ਖ਼ੇਤਰ ਦੀਆਂ ਇਸ ਤਰ੍ਹਾਂ ਦੇ ਸ਼ੋਸ਼ਣ ਦੀਆਂ ਬਹੁਤ ਪ੍ਰੇਸ਼ਾਨ ਕਰਨ ਵਾਲੀਆਂ ਕਹਾਣੀਆਂ ਹਨ। ਸਰਕਾਰੀ ਮਦਦ ਨਾਲ ਕਾਰਪੋਰੇਟਰਾਂ ਵਲੋਂ ਲੱਖਾਂ ਆਦਿਵਾਸੀਆਂ ਨੂੰ ਉਹਨਾਂ ਦੇ ਪੁਸ਼ਤੈਨੀ ਜੰਗਲੀ ਖੇਤਰਾਂ ਵਿਚੋਂ ਬਿਨਾਂ ਮੁੜ ਵਸੇਬੇ ਦਾ ਪ੍ਰਬੰਧ ਕੀਤਿਆਂ ਉਜਾੜ ਕੇ ਸੜਕਾਂ ਤੇ ਰੁਲਣ ਲਈ ਛੱਡਿਆ ਜਾ ਰਿਹਾ ਹੈ। ਆਦਿਵਾਸੀਆਂ ਦੀ ਬਹੁਗਿਣਤੀ ਅਤਿਆਚਾਰਾਂ ਤੇ ਜ਼ੁਲਮਾਂ ਨੂੰ ਚੁੱਪ ਚੁੱਪੀਤੇ ਸਹਿ ਰਹੀ ਹੈ। ਲੇਕਿਨ ਉੱਤਰ ਪੂਰਬ ਵਿਚ ਮੰਗੋਲ ਪ੍ਰਜਾਤੀ ਦੇ ਆਦਿਵਾਸੀ ਪਿਛਲੇ 90 ਸਾਲਾਂ ਤੋਂ ਬਿਨਾਂ ਕਿਸੇ ਸਾਰਥਕ ਨਤੀਜੇ ਤੋਂ ਸੰਘਰਸ਼ ਕਰ ਰਹੇ ਹਨ । ਦੂਸਰਾ M.N.F. ਦੇ ਬੈਨਰ ਹੇਠ ਮਿਜ਼ੋ ਲੋਕਾਂ ਦੁਆਰਾ ਲਾਲਡੇਂਗਾ ਦੀ ਅਗਵਾਈ ਚ ਲੜਿਆ ਜਾ ਰਿਹਾ ਸੰਘਰਸ਼ ਲੱਗਭਗ ਸਮਾਪਤੀ ਦੇ ਕੰਢੇ ਤੇ ਹੈ। ਆਦਿਵਾਸੀਆਂ ਦੀਆਂ ਆਰੀਅਨ, ਦਰਾਵੜੀਅਨ ਤੇ ਮੰਗੋਲੀਅਨ ਤਿੰਨ ਵੱਖ ਵੱਖ ਪ੍ਰਜਾਤੀਆਂ ਹੋਣ ਕਾਰਨ ਉਨ੍ਹਾਂ ਚ ਆਪਸੀ ਤਾਲਮੇਲ ਨਹੀਂ ਕਿਉਂਕਿ ਉਨ੍ਹਾਂ ਦੀ ਜੀਵਨ ਪੱਧਤੀ ਅਲੱਗ ਅਲੱਗ ਹੈ।

ਉਤਰ ਪੂਰਬ ਦੇ ਆਦਿਵਾਸੀਆਂ ਨੇ ਭਾਰਤ ਦੀਆਂ ਸ਼ਾਸਨ ਕਰਤਾ ਜਾਤੀਆਂ ਦੇ ਵਿਰੁੱਧ ਸੰਘਰਸ਼ ਦੀ ਅਸਫ਼ਲਤਾ ਦੇ ਮੁੱਖ ਕਾਰਨਾਂ ਨੂੰ ਨਹੀਂ ਪਹਿਚਾਣਿਆਂ। ਦੂਜਿਆਂ ਵਾਂਗ ਉਹ ਇਕਲੇ ਵੀ ਆਪਣੇ ਸੰਘਰਸ਼ ਨੂੰ ਕਾਮਯਾਬੀ ਵੱਲ ਨਹੀਂ ਲਿਜਾ ਸਕਦੇ। ਸਗੋਂ ਦਲਿਤ ਸ਼ੋਸ਼ਿਤ ਤੇ ਦਬਾਏ ਹੋਏ ਭਾਰਤ ਦੇ ਲੋਕਾਂ ਦੇ ਸਾਰੇ ਦੇਸ ਵਿੱਚ ਫੈਲੇ ਵਿਸ਼ਾਲ ਜਨ ਸਮੂਹ ਜੋ ਸ਼ਾਸਨ ਕਰਤਾ ਜਾਤੀਆਂ ਦੇ ਰੰਗ ਭੇਦ, ਸੰਪਰਦਾਇਵਾਦ, ਜਾਤੀਵਾਦ ਅਤੇ ਵਰਣਵੰਡ ਸਦਕਾ ਪੀੜਤ ਹਨ ਜੋ ਗਿਣਤੀ ਵਿਚ ਸੌ ਚੋਂ 85 ਤੋਂ ਵੱਧ ਹਨ ਨਾਲ ਮਿਲਕੇ ਬਹੁਜਨ ਸਮਾਜ ਬਣਾਕੇ ਕੀਤਾ ਗਿਆ ਸਫਲ ਤੇ ਸਾਰਥਕ ਸੰਘਰਸ਼ ਹੀ ਆਦਿਵਾਸੀਆਂ ਦੀਆਂ ਮੁਸ਼ਕਲਾਂ ਮੁਸੀਬਤਾਂ ਦਾ ਹੱਲ ਹੈ।

# ਆਗਾਮੀ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਧੋਖਾਧੜੀ, ਨਕਲ ਨੂੰ ਰੋਕਣ ਲਈ ਨਕਲੀ ਖੁਫੀਆ ਐਲਗੋਰਿਦਮ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਪ੍ਰਤੀਯੋਗੀ ਪ੍ਰੀਖਿਆਵਾਂ ਵਿੱਚ ਦੁਰਵਿਵਹਾਰ ਪ੍ਰੀਖਿਆ ਪ੍ਰਕਿਰਿਆ ਦੀ ਅਖੰਡਤਾ ਨੂੰ ਕਮਜ਼ੋਰ ਕਰਦਾ ਹੈ। ਇਸ ਦਾ ਮੁਕਾਬਲਾ ਕਰਨ ਲਈ, ਪ੍ਰੀਖਿਆ ਅਥਾਰਟੀਆਂ ਲਈ ਇਹ ਜ਼ਰੂਰੀ ਹੈ ਕਿ ਉਹ ਸਖਤ ਉਪਾਅ ਜਿਵੇਂ ਕਿ ਪੂਰੀ ਜਾਂਚ, ਅਤੇ ਨਿਗਰਾਨੀ ਲਈ ਉੱਨਤ ਤਕਨਾਲੋਜੀ ਦੀ ਵਰਤੋਂ ਨੂੰ ਲਾਗੂ ਕਰਨ। ਧੋਖਾਧੜੀ ਨੂੰ ਰੋਕਣ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਮਹੱਤਵਪੂਰਨ ਹੋ ਸਕਦੀ ਹੈ ਕਿਉਂਕਿ ਹੋਰ ਪ੍ਰੀਖਿਆਵਾਂ ਮਹਾਂਮਾਰੀ ਤੋਂ ਬਾਅਦ ਭੌਤਿਕ ਰੂਪਾਂ ਵਿੱਚ ਵਾਪਸ ਆਉਂਦੀਆਂ ਹਨ। ਨੈਸ਼ਨਲ ਟੈਸਟਿੰਗ ਏਜੰਸੀ ਨੇ ਹਾਲ ਹੀ ਵਿੱਚ ਪ੍ਰਤੀਯੋਗੀ ਪ੍ਰੀਖਿਆਵਾਂ ਵਿੱਚ ਨਕਲ ਅਤੇ ਧੋਖਾਧੜੀ ਨੂੰ ਕੰਟਰੋਲ ਕਰਨ ਦੇ ਕਈ ਉਪਾਵਾਂ ਵਿੱਚੋਂ ਇੱਕ ਦੇ ਰੂਪ ਵਿੱਚ ਏਆਈ ਨੂੰ ਏਕੀਕ੍ਰਿਤ ਕੀਤਾ ਹੈ। ਜੇਈਈ ਮੇਨ ਸੈਸ਼ਨ 2 ਵਿੱਚ ਨਕਲ ਦਾ ਇੱਕ ਮਾਮਲਾ ਅਤੇ ਧੋਖਾਧੜੀ ਅਤੇ ਅਨੁਚਿਤ ਸਾਧਨਾਂ ਦੇ ਕੁਝ ਮਾਮਲੇ ਰਿਪੋਰਟ ਕੀਤੇ ਗਏ ਸਨ। ਏਆਈ-ਪ੍ਰੇਰਿਤ ਚਿਹਰੇ ਦੀ ਪਛਾਣ ਦੀ ਵਰਤੋਂ ਕਰਕੇ ਨਕਲ ਦੇ ਮਾਮਲਿਆਂ ਦੀ ਪਛਾਣ ਕੀਤੀ ਗਈ ਸੀ। ਅਨੁਚਿਤ ਸਾਧਨਾਂ ਦੀ ਵਰਤੋਂ ਨੂੰ ਰੋਕਣ ਲਈ, ਐਨਟੀਏ ਨੇ ਪ੍ਰੀਖਿਆ ਕੇਂਦਰ 'ਤੇ ਲਈ ਗਈ ਉਮੀਦਵਾਰ ਦੀ ਲਾਈਵ ਫੋਟੋ ਦੇ ਨਾਲ ਦਾਖਲਾ ਕਾਰਡ 'ਤੇ ਫੋਟੋ ਦੀ ਕਰਾਸ-ਚੈਕਿੰਗ ਕਰਕੇ ਉਮੀਦਵਾਰਾਂ ਦੀ ਪਛਾਣ ਦਾ ਪਤਾ ਲਗਾਉਣ ਲਈ ਆਈਫੇਸ ਸਮੇਤ ਏਆਈ ਟੂਲ ਤਾਇਨਾਤ ਕੀਤੇ ਹਨ। ਐਨਟੀਏ ਦੇ ਡਾਇਰੈਕਟਰ ਜਨਰਲ ਦਾ ਕਹਿਣਾ ਹੈ, "ਦਿੱਲੀ ਵਿੱਚ ਸਥਾਪਤ ਐਨਟੀਏ ਦਾ ਕਮਾਂਡ ਕੰਟਰੋਲ ਰੂਮ ਆਪਣੇ ਮਾਨੀਟਰਾਂ ਦੇ ਨਾਲ ਕਈ ਕੇਂਦਰਾਂ ਵਿੱਚ ਪੂਰੀ ਅਭਿਆਸ 'ਤੇ ਨਜ਼ਰ ਰੱਖ ਰਿਹਾ ਸੀ। ਕਮਾਂਡ ਕੰਟਰੋਲ ਰੂਮ ਰਾਹੀਂ ਪ੍ਰੀਖਿਆ ਕੇਂਦਰਾਂ ਦੀ ਅਸਲ ਸਮੇਂ ਦੀ ਨਿਗਰਾਨੀ ਨੇ ਕਿਸੇ ਵੀ ਸ਼ੱਕੀ ਗਤੀਵਿਧੀਆਂ ਵਿਰੁੱਧ ਚੌਕਸ ਅਤੇ ਤੁਰੰਤ ਕਾਰਵਾਈ ਨੂੰ ਯਕੀਨੀ ਬਣਾਇਆ। ਚਾਲ ਦੀ ਨਿਗਰਾਨੀ "ਕਮਾਂਡ ਰੂਮ ਇਹ ਸੁਨਿਸ਼ਚਿਤ ਕਰਦਾ ਹੈ ਕਿ ਪ੍ਰੀਖਿਆ ਕੇਂਦਰਾਂ ਦੇ ਨਿਗਰਾਨ ਵੀ ਚੌਕਸ ਹਨ। ਜੇਕਰ ਇਮਤਿਹਾਨ ਦੀ ਡਿਊਟੀ 'ਤੇ ਕੋਈ ਨਿਗਰਾਨ ਲੰਬੇ ਸਮੇਂ ਤੱਕ ਬੈਠਾ ਜਾਂ ਖੜ੍ਹਾ ਦੇਖਿਆ ਜਾਂਦਾ ਹੈ, ਜਾਂ ਜੇਕਰ ਉਮੀਦਵਾਰ ਗੱਲ ਕਰਦੇ ਹੋਏ ਦਿਖਾਈ ਦਿੰਦੇ ਹਨ, ਤਾਂ ਏਆਈ ਕੰਟਰੋਲ ਰੂਮ 'ਤੇ ਸਕ੍ਰੀਨ 'ਤੇ ਉਸ ਕੇਂਦਰ ਦਾ ਵਿਸ਼ਲੇਸ਼ਣ ਕਰਦਾ ਹੈ ਅਤੇ ਉਸ ਨੂੰ ਹਾਈਲਾਈਟ ਕਰਦਾ ਹੈ," ਡਾਇਰੈਕਟਰ ਕਹਿੰਦਾ ਹੈ। "ਏਜੰਸੀ ਦੁਆਰਾ ਫਲਾਇੰਗ ਸਕੁਐਡ ਤਾਇਨਾਤ ਕੀਤੇ ਗਏ ਸਨ। ਹਾਲਾਂਕਿ, ਹਰ ਕੇਂਦਰ 'ਤੇ ਦਸਤੇ ਨਹੀਂ ਭੇਜੇ ਜਾ ਸਕਦੇ ਹਨ, ਇਸ ਲਈ ਵੱਡੇ ਹਿੱਸੇ ਨੂੰ ਏਆਈ ਟੂਲਸ ਦੀ ਮਦਦ ਨਾਲ ਸੰਭਾਲਿਆ ਜਾ ਰਿਹਾ ਸੀ। ਹਾਲਾਂਕਿ, ਅਸੀਂ ਫਲਾਇੰਗ ਸਕੁਐਡਜ਼ ਨੂੰ ਵਧੇਰੇ ਢਾਂਚਾਗਤ ਢੰਗ ਨਾਲ ਤਾਇਨਾਤ ਕਰਨ ਦੀ ਕੋਸ਼ਿਸ਼ ਕੀਤੀ ਅਤੇ ਏਆਈ ਦੀ ਵਰਤੋਂ ਨੂੰ ਵੀ ਸੁਧਾਰਿਆ ਗਿਆ ਸੀ। ਮੈਪਿੰਗ ਅਤੇ ਡੇਟਾ ਵਿਸ਼ਲੇਸ਼ਣ ਨੂੰ ਏਕੀਕ੍ਰਿਤ ਕੀਤਾ ਗਿਆ ਸੀ, ਅਤੇ ਯੋਜਨਾਬੱਧ ਤਰੀਕੇ ਨਾਲ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਸ਼ਾਮਲ ਕੀਤੀਆਂ ਗਈਆਂ ਸਨ। ਅਸੀਂ ਇਸ ਸਾਲ ਜੇਈਈ ਇਮਤਿਹਾਨ ਅਤੇ ਸੀਯੂਈਟੀ ਪੀਜੀ ਤੋਂ ਸ਼ੁਰੂ ਕਰਦੇ ਹੋਏ ਉਪਾਅ ਨੂੰ ਲਾਗੂ ਕੀਤਾ ਹੈ। ਇਹ ਆਉਣ ਵਾਲੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਦੇ ਨਾਲ-ਨਾਲ ਨੀਟ ਯੂ ਜੀ, ਸੀਯੂਈਟੀ ਯੂਜੀ ਲਈ ਕੀਤਾ ਜਾਵੇਗਾ," ਉਹ ਕਹਿੰਦਾ ਹੈ। ਸੰਭਾਵੀ ਰੂਪ ਧਾਰਨ ਕਰਨ ਵਾਲੇ ਐਨਟੀਏ ਸੰਭਾਵੀ ਨਕਲ ਕਰਨ ਵਾਲਿਆਂ ਦੀ ਪਛਾਣ ਕਰਨ ਲਈ ਕਮਜ਼ੋਰੀ ਦੀ ਮੈਪਿੰਗ ਕਰਦਾ ਹੈ। "ਸਿਸਟਮ ਵਿੱਚ ਇੱਕ ਸੈਟ ਪੈਟਰਨ ਖੁਆਇਆ ਜਾਂਦਾ ਹੈ, ਅਤੇ ਜੇਕਰ ਕੋਈ ਅਸਾਧਾਰਨ ਗਤੀਵਿਧੀ ਹੁੰਦੀ ਹੈ, ਤਾਂ ਏਆਈ ਇਸਨੂੰ ਉਜਾਗਰ ਕਰਦਾ ਹੈ। ਅਸੀਂ ਪਿਛਲੇ ਸਾਲ ਦੇ ਟੌਪਰਾਂ ਸਮੇਤ ਸਾਰੇ ਉਮੀਦਵਾਰਾਂ ਦੀਆਂ ਫੋਟੋਆਂ ਨਾਲ ਮੇਲ ਖਾਂਦੇ ਹਾਂ ਕਿਉਂਕਿ ਉਹ ਸੰਭਾਵੀ ਨਕਲ ਕਰਨ ਵਾਲੇ ਹਨ ਕਿਉਂਕਿ ਉਹ ਵਿਸ਼ਿਆਂ ਨੂੰ ਚੰਗੀ ਤਰ੍ਹਾਂ ਜਾਣਦੇ ਹਨ ਅਤੇ ਪੇਪਰ ਹੱਲ ਕਰ ਸਕਦੇ ਹਨ," ਡਾਇਰੈਕਟਰ ਕਹਿੰਦਾ ਹੈ ਏਆਈ ਐਲਗੋਰਿਦਮ ਪ੍ਰੀਖਿਆਵਾਂ ਦੌਰਾਨ ਉਮੀਦਵਾਰਾਂ ਦੇ ਵਿਵਹਾਰ ਦਾ ਵਿਸ਼ਲੇਸ਼ਣ ਕਰ ਸਕਦੇ ਹਨ, ਜਿਵੇਂ ਕਿ ਅਸਧਾਰਨ ਹਰਕਤਾਂ ਜਾਂ ਪਰਸਪਰ ਪ੍ਰਭਾਵ, ਅਤੇ ਅਸਲ-ਸਮੇਂ ਵਿੱਚ ਸ਼ੱਕੀ ਗਤੀਵਿਧੀਆਂ ਨੂੰ ਫਲੈਗ ਕਰ ਸਕਦੇ ਹਨ। ਏਆਈ ਟੂਲ ਗਲਤ ਕੰਮਾਂ ਲਈ ਸੰਭਾਵਿਤ ਖੇਤਰਾਂ ਦੀ ਪਛਾਣ ਕਰਨ ਲਈ ਡੇਟਾ ਅਤੇ ਪੈਟਰਨਾਂ ਦਾ ਵਿਸ਼ਲੇਸ਼ਣ ਵੀ ਕਰਦੇ ਹਨ। ਇਹ ਇਮਤਿਹਾਨ ਅਧਿਕਾਰੀਆਂ ਨੂੰ ਸਰੋਤਾਂ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਨਿਰਧਾਰਤ ਕਰਨ ਅਤੇ ਨਿਗਰਾਨੀ ਦੇ ਯਤਨਾਂ 'ਤੇ ਧਿਆਨ ਕੇਂਦਰਿਤ ਕਰਨ ਦੀ ਇਜਾਜ਼ਤ ਦਿੰਦਾ ਹੈ ਜਿੱਥੇ ਉਹਨਾਂ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ। "ਅਸੀਂ ਇਹਨਾਂ ਪੈਟਰਨਾਂ ਦੇ ਅਧਾਰ 'ਤੇ ਕਮਜ਼ੋਰੀ ਦਾ ਵਿਸ਼ਲੇਸ਼ਣ ਅਤੇ ਨਕਸ਼ਾ ਕਰਦੇ ਹਾਂ ਅਤੇ ਨਜ਼ਰ ਰੱਖਦੇ ਹਾਂ। ਇਮਤਿਹਾਨ ਖਤਮ ਹੋਣ ਤੋਂ ਬਾਅਦ ਵੀ, ਐਨਟੀਏ ਪੈਟਰਨਾਂ ਦਾ ਅਧਿਐਨ ਕਰਨਾ ਅਤੇ ਕਿਸੇ ਵੀ ਗਲਤ ਕੰਮ ਦੀ ਪਛਾਣ ਕਰਨ ਲਈ ਵੀਡੀਓ ਡੇਟਾ ਦਾ ਵਿਸ਼ਲੇਸ਼ਣ ਕਰਨਾ ਜਾਰੀ ਰੱਖਦਾ ਹੈ।

ਅਸੀਂ ਏਆਈ ਸਮੇਤ ਡਾਟਾ ਵਿਸ਼ਲੇਸ਼ਣ ਦੀ ਵਰਤੋਂ ਕਰਦੇ ਹਾਂ, ਰਜਿਸਟ੍ਰੇਸ਼ਨ ਪ੍ਰਕਿਰਿਆ ਤੋਂ, ਕੇਂਦਰ ਦੀ ਵੰਡ, ਅਤੇ ਕਿਸੇ ਵੀ ਗਲਤ ਵਿਹਾਰ ਦੀ ਪਛਾਣ ਕਰਨ ਲਈ ਪ੍ਰੀਖਿਆਵਾਂ ਦੇ ਆਯੋਜਨ ਤੋਂ। ਵਿਦਿਆਰਥੀ ਇਹਨਾਂ ਉਪਾਵਾਂ ਬਾਰੇ ਸਿੱਖਣ ਤੋਂ ਬਾਅਦ ਅਨੁਚਿਤ ਤਰੀਕਿਆਂ ਤੋਂ ਬਚਣਗੇ, "ਸਿੰਘ ਕਹਿੰਦਾ ਹੈ। ਯੂਪੀਐਸਸੀ ਪਹਿਲਕਦਮੀਆਂ ਦੀਪਾਂਸ਼ੂ ਸਿੰਘ, ਯੂਪੀਐਸਸੀ ਸਲਾਹਕਾਰ ਅਤੇ ਯੂਪੀ ਸੀਐਮ ਅਭਯੁਦਯ ਯੋਜਨਾ ਦੇ ਕੋਰਸ ਕੋਆਰਡੀਨੇਟਰ, ਕਹਿੰਦੇ ਹਨ, "ਇਸ ਸਾਲ ਵੀ ਯੂ।ਪੀ।ਐਸ।ਸੀ।ਨੇ ਨਵੇਂ ਦਿਸ਼ਾ-ਨਿਰਦੇਸ਼ ਪੇਸ਼ ਕੀਤੇ ਹਨ, ਜਿਸ ਵਿੱਚ ਉਮੀਦਵਾਰਾਂ ਨੂੰ ਔਨਲਾਈਨ ਅਰਜ਼ੀ ਪ੍ਰਕਿਰਿਆ ਦੀ ਸ਼ੁਰੂਆਤ ਤੋਂ 10 ਦਿਨਾਂ ਤੋਂ ਵੱਧ ਪੁਰਾਣੀਆਂ ਫੋਟੋਆਂ ਅਪਲੋਡ ਕਰਨ ਲਈ ਕਿਹਾ ਗਿਆ ਹੈ ਅਤੇ ਪ੍ਰੀਖਿਆ ਦੇ ਅੰਤ ਤੱਕ ਦਿੱਖ ਨੂੰ ਬਰਕਰਾਰ ਰੱਖਣ ਦੀ ਲੋੜ ਹੈ। ਅਧਿਕਾਰੀਆਂ ਨੇ ਇਹਨਾਂ ਫੋਟੋਆਂ ਦੀ ਵਰਤੋਂ ਆਪਣੇ ਸਿਸਟਮ ਵਿੱਚ ਫੀਡ ਕਰਨ ਲਈ ਕੀਤੀ ਹੋਣੀ ਚਾਹੀਦੀ ਹੈ ਅਤੇ ਇਮਤਿਹਾਨਾਂ ਦੌਰਾਨ ਨਕਲ ਅਤੇ ਹੋਰ ਸਬੰਧਤ ਧੋਖਾਧੜੀਆਂ ਦੀ ਜਾਂਚ ਕਰਨ ਲਈ ਏਆਈ ਟੂਲਸ ਦੀ ਵਰਤੋਂ ਕੀਤੀ ਹੋਣੀ ਚਾਹੀਦੀ ਹੈ। " "ਦੇਸ਼ ਵਿੱਚ ਜ਼ਿਆਦਾਤਰ ਮੁਕਾਬਲੇ ਦੀਆਂ ਪ੍ਰੀਖਿਆਵਾਂ ਕੰਪਿਊਟਰ-ਅਧਾਰਤ ਮੋਡ ਵਿੱਚ ਹੋਣ ਦੇ ਨਾਲ, ਅਜਿਹੇ ਸਾਧਨ ਹਨ ਜੋ ਉਮੀਦਵਾਰ ਦੀਆਂ ਅੱਖਾਂ ਦੀ ਗਤੀ ਅਤੇ ਚਿਹਰੇ ਦੇ ਹਾਵ-ਭਾਵ ਦੀ ਨਿਗਰਾਨੀ ਕਰਕੇ ਇੱਕ ਚੇਤਾਵਨੀ ਵਧਾਉਂਦੇ ਹਨ। ਐਡਵਾਂਸਡ ਐਲਗੋਰਿਦਮ ਦੀ ਮਦਦ ਨਾਲ, ਅਧਿਕਾਰੀ ਇਹ ਜਾਂਚ ਕਰ ਸਕਦੇ ਹਨ ਕਿ ਉਮੀਦਵਾਰ ਹਰੇਕ ਸਵਾਲ ਨੂੰ ਕਿੰਨਾ ਸਮਾਂ ਦੇ ਰਿਹਾ ਹੈ।

ਜੇਕਰ ਉਮੀਦਵਾਰ ਕਿਸੇ ਖਾਸ ਸਵਾਲ 'ਤੇ ਧਿਆਨ ਭਟਕਾਉਂਦਾ ਹੈ ਜਾਂ ਬਹੁਤ ਜ਼ਿਆਦਾ ਸਮਾਂ ਬਿਤਾਉਂਦਾ ਹੈ, ਤਾਂ ਔਨਲਾਈਨ ਇਮਤਿਹਾਨਾਂ ਦੌਰਾਨ ਸੰਭਾਵਿਤ ਵਿਗਾੜਾਂ ਦਾ ਮੁਲਾਂਕਣ ਕਰਨ ਅਤੇ ਖੋਜ ਕਰਨ ਲਈ ਔਜ਼ਾਰ ਹਨ। ਪੈੱਨ-ਪੇਪਰ ਮੋਡ ਵਿੱਚ ਏਆਈ ਟੂਲਸ ਦੀ ਵਰਤੋਂ ਸੀਮਤ ਹੈ, ਪਰ ਆਸਾਨੀ ਅਤੇ ਸੁਰੱਖਿਆ ਦੇ ਲਿਹਾਜ਼ ਨਾਲ, ਕੁਝ ਏਆਈ ਟੂਲ ਹਨ ਜਿਨ੍ਹਾਂ ਦੁਆਰਾ ਕਾਪੀਆਂ ਦੀ ਜਾਂਚ ਕੀਤੀ ਜਾ ਸਕਦੀ ਹੈ, ਉਹ ਅੱਗੇ ਕਹਿੰਦਾ ਹੈ। "ਉਦਾਹਰਣ ਵਜੋਂ, ਯੂਪੀਐਸਸੀ ਮੁੱਖ ਪ੍ਰੀਖਿਆ ਵਿੱਚ, ਜੇਕਰ ਕਿਸੇ ਉਮੀਦਵਾਰ ਦੀ ਸੱਤ ਪੇਪਰਾਂ ਵਿੱਚ ਇੱਕ ਹੱਥ ਲਿਖਤ ਹੈ ਅਤੇ ਅੱਠ ਪੇਪਰਾਂ ਵਿੱਚ ਇੱਕ ਵੱਖਰੀ ਲਿਖਤ ਹੈ, ਤਾਂ ਟੂਲ ਗਲਤ ਕੰਮਾਂ ਦਾ ਪਤਾ ਲਗਾਉਣ ਲਈ ਪੈਟਰਨ ਮਾਨਤਾ ਦੇ ਅਧਾਰ ਤੇ ਹੈਂਡਰਾਈਟਿੰਗ ਦਾ ਵਿਸ਼ਲੇਸ਼ਣ ਕਰ ਸਕਦੇ ਹਨ,"। "ਅਜਿਹੀਆਂ ਬਹੁਤ ਸਾਰੀਆਂ ਚੀਜ਼ਾਂ ਹਨ ਜੋ ਅਜੇ ਵੀ ਜਨਤਕ ਖੇਤਰ ਵਿੱਚ ਨਹੀਂ ਹਨ ਕਿਉਂਕਿ ਇਹ ਗਲਤ ਕੰਮਾਂ ਨਾਲ ਨਜਿੱਠਣ ਲਈ ਏਜੰਸੀਆਂ ਦੀ ਪਹੁੰਚ ਵਿੱਚ ਰੁਕਾਵਟ ਬਣ ਸਕਦੀਆਂ ਹਨ। ਸਿੱਖਿਆ ਵਿੱਚ ਏਆਈ ਅਜੇ ਵੀ ਵਿਕਾਸ ਦੇ ਪੜਾਅ ਵਿੱਚ ਹੈ। ਸਾਈਬਰ ਸੁਰੱਖਿਆ, ਸਿਹਤ ਸੰਭਾਲ ਵਰਗੇ ਖੇਤਰਾਂ ਦੇ ਮੁਕਾਬਲੇ ਇਸ ਖੇਤਰ ਵਿੱਚ ਬਹੁਤ ਕੁਝ ਨਹੀਂ ਕੀਤਾ ਗਿਆ ਹੈ। ਸਿਸਟਮ ਨੂੰ ਮਜ਼ਬੂਤ, ਤੇਜ਼ ਅਤੇ ਸੁਰੱਖਿਅਤ ਬਣਾਉਣ ਲਈ ਵਿਦਿਅਕ ਅਧਿਕਾਰੀਆਂ ਨੂੰ ਏਆਈ ਦੀ ਵਰਤੋਂ ਕਰਨ ਦੀ ਲੋੜ ਹੈ। ਨੈਤਿਕ ਮਿਆਰਾਂ ਨੂੰ ਕਾਇਮ ਰੱਖਣਾ "ਪ੍ਰੀਖਿਆ ਅਧਿਕਾਰੀਆਂ ਵਿੱਚ ਨੈਤਿਕ ਮਿਆਰਾਂ ਨੂੰ ਕਾਇਮ ਰੱਖਣਾ ਮਹੱਤਵਪੂਰਨ ਹੈ। ਜੇਕਰ ਅਧਿਕਾਰੀ ਭ੍ਰਿਸ਼ਟ ਹਨ ਜਾਂ ਗਲਤ ਕੰਮਾਂ ਦੇ ਖਿਲਾਫ ਕਾਰਵਾਈ ਕਰਨ ਤੋਂ ਝਿਜਕਦੇ ਹਨ, ਤਾਂ ਇਹ ਪੂਰੇ ਸਿਸਟਮ ਦੀ ਅਖੰਡਤਾ ਨੂੰ ਕਮਜ਼ੋਰ ਕਰ ਸਕਦਾ ਹੈ ਅਤੇ ਧੋਖਾਧੜੀ ਨੂੰ ਜਾਰੀ ਰੱਖਣ ਦੀ ਇਜਾਜ਼ਤ ਦੇ ਸਕਦਾ ਹੈ। ਏਆਈ ਸਿਰਫ ਇੱਕ ਹੱਦ ਤੱਕ ਪਰਰੂਪਣ ਦੀ ਜਾਂਚ ਕਰ ਸਕਦਾ ਹੈ। ਜੇ ਉੱਥੇ ਦਿੱਖ ਵਾਲੇ ਭਰਾ ਹਨ, ਤਾਂ ਇਹ ਪਛਾਣ ਕਰਨ ਦੇ ਯੋਗ ਨਹੀਂ ਹੋ ਸਕਦਾ ਹੈ, ਅਤੇ ਨਿਰੀਖਕ ਉਮੀਦਵਾਰ ਨੂੰ ਪ੍ਰੀਖਿਆ ਕੇਂਦਰ ਦੇ ਅੰਦਰ ਜਾਣ ਦੇਵੇਗਾ। ਸਾਰੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਵਿੱਚ ਏਆਈ ਤਕਨਾਲੋਜੀ ਨੂੰ ਸ਼ਾਮਲ ਕਰਨ ਦੀ ਲੋੜ ਹੈ। "ਹਰ ਪ੍ਰੀਖਿਆ ਕੇਂਦਰ ਲਈ ਨਿਗਰਾਨ ਤੋਂ ਉੱਪਰ ਇਮਾਨਦਾਰੀ ਵਾਲੇ ਪ੍ਰੋਫੈਸਰ ਬਣਾਉਣ ਦੀ ਵੀ ਜ਼ਰੂਰਤ ਹੈ ਜੋ ਕਿਸੇ ਵੀ ਨਿਗਰਾਨੀ ਜਾਂ ਗਲਤ ਕੰਮ ਨੂੰ ਯਕੀਨੀ ਬਣਾ ਸਕਣ। ਧੋਖਾਧੜੀ ਨੂੰ ਰੋਕਣ ਲਈ ਪੇਪਰ ਸੇਟਰਾਂ ਨੂੰ ਇਹ ਵੀ ਹਦਾਇਤ ਕੀਤੀ ਜਾਣੀ ਚਾਹੀਦੀ ਹੈ ਕਿ ਉਹ ਕੋਈ ਸਵਾਲ ਦੁਹਰਾਉਣ ਨਹੀਂ। ਇਹ ਇਮਤਿਹਾਨਾਂ ਵਿੱਚ ਧੋਖਾਧੜੀ ਨੂੰ ਰੋਕ ਸਕਦਾ ਹੈ, "ਉਹ ਅੱਗੇ ਕਹਿੰਦਾ ਹੈ। ਮੁੱਖ ਵਪਾਰਕ ਅਧਿਕਾਰੀ, ਟੇਲੈਂਟਸਪ੍ਰਿੰਟ, ਦਾ ਕਹਿਣਾ ਹੈ, "ਮੁਕਾਬਲੇ ਦੀਆਂ ਪ੍ਰੀਖਿਆਵਾਂ, ਖਾਸ ਤੌਰ 'ਤੇ ਔਨਲਾਈਨ ਪ੍ਰਤੀਯੋਗੀ ਪ੍ਰੀਖਿਆਵਾਂ ਵਿੱਚ ਧੋਖਾਧੜੀ ਦੀ ਸੰਭਾਵਨਾ, ਯੋਗ ਉਮੀਦਵਾਰਾਂ ਲਈ ਇੱਕ ਵੱਡਾ ਖਤਰਾ ਹੈ। ਇਮਤਿਹਾਨ ਪ੍ਰੋਕਟਰਿੰਗ ਵਿੱਚ ਸੁਰੱਖਿਆ ਉਪਾਅ ਬਣਾਉਣ ਵਿੱਚ ਏਆਈ ਇੱਕ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ। ਚਿਹਰੇ ਦੀ ਪਛਾਣ ਦੀਆਂ ਵਿਧੀਆਂ ਦੀ ਵਰਤੋਂ ਪ੍ਰਤੀਰੂਪਤਾ ਦੀਆਂ ਸੰਭਾਵਿਤ ਸਥਿਤੀਆਂ ਨੂੰ ਖਤਮ ਕਰਨ ਲਈ ਕੀਤੀ ਜਾ ਸਕਦੀ ਹੈ। ਡੀਪ ਡਿਜੀਟਲ ਪ੍ਰੋਕਟਰਿੰਗ ਸੈਟਿੰਗ ਦੇ ਵੇਰਵਿਆਂ ਨੂੰ ਪ੍ਰਸਾਰਿਤ ਕਰ ਸਕਦੀ ਹੈ, ਜਿਸ ਵਿੱਚ ਕਿਸੇ ਵੀ ਲੁਕਵੇਂ ਉਪਕਰਣ ਦੀ ਸੰਭਾਵਨਾ ਵੀ ਸ਼ਾਮਲ ਹੈ ਜੋ ਜੈਨਰਿਕ ਪ੍ਰੋਕਟਰਿੰਗ ਵਿੱਚ ਖੁੰਝ ਸਕਦੀ ਹੈ।

"ਏਆਈ ਨੂੰ ਸਰੀਰਕ ਪ੍ਰੀਖਿਆਵਾਂ ਵਿੱਚ ਵੀ ਸਮਝਦਾਰੀ ਨਾਲ ਵਰਤਿਆ ਜਾ ਸਕਦਾ ਹੈ ਅਤੇ ਅਸਲ ਵਿੱਚ ਪਹਿਲਾਂ ਹੀ ਕੁਝ ਪ੍ਰਤੀਯੋਗੀ ਪ੍ਰੀਖਿਆਵਾਂ ਲਈ ਵਿਹਾਰਕ ਵਰਤੋਂ ਵਿੱਚ ਲਿਆ ਗਿਆ ਹੈ। ਅਸੀਂ ਇਸ ਨੂੰ ਮਹਾਂਮਾਰੀ ਦੇ ਚਾਰ ਸਾਲਾਂ ਤੋਂ ਜਾਰੀ ਦੇਖਦੇ ਹਾਂ, ਹੋਰ ਪ੍ਰੀਖਿਆਵਾਂ ਸਰੀਰਕ ਰੂਪਾਂ ਵਿੱਚ ਵਾਪਸ ਆਉਂਦੀਆਂ ਹਨ।"

# ਮੁਢਲੀ ਸਿੱਖਿਆ ਦਾ ਮੁੜ ਮੁਲਾਂਕਣ ਕਰਨਾ: ਨਵੇਂ ਪ੍ਰੀਸਕੂਲ ਅਧਿਐਨ ਤੋਂ ਹੈਰਾਨ ਕਰਨ ਵਾਲੀਆਂ ਸੂਝਾਂ

ਬੱਚੇ ਪ੍ਰੀਸਕੂਲ ਕਲਾਸ ਨਵੀਂ ਖੋਜ ਦਰਸਾਉਂਦੀ ਹੈ ਕਿ ਲੰਬੇ ਸਮੇਂ ਦੀ ਅਕਾਦਮਿਕ ਸਫਲਤਾ ਨੂੰ ਉਤਸ਼ਾਹਿਤ ਕਰਨ ਵਿੱਚ ਪ੍ਰੀਸਕੂਲ ਪ੍ਰੋਗਰਾਮਾਂ ਦੀ ਪ੍ਰਭਾਵਸ਼ੀਲਤਾ ਅਸਪਸ਼ਟ ਹੈ, ਅਧਿਐਨ ਸਕਾਰਾਤਮਕ, ਨਕਾਰਾਤਮਕ ਅਤੇ ਨਿਰਪੱਖ ਨਤੀਜਿਆਂ ਦੇ ਮਿਸ਼ਰਣ ਨੂੰ ਦਰਸਾਉਂਦੇ ਹਨ। ਸ਼ੁਰੂਆਤੀ ਸਿੱਖਿਆ ਪ੍ਰੋਗਰਾਮਾਂ ਨੂੰ ਵਿਆਪਕ ਤੌਰ 'ਤੇ ਮੰਨਿਆ ਜਾਂਦਾ ਹੈ ਕਿ ਉਹ ਬੱਚਿਆਂ ਨੂੰ ਸਕੂਲ ਵਿੱਚ ਸਫਲ ਹੋਣ ਵਿੱਚ ਮਦਦ ਕਰਨ ਅਤੇ ਆਮਦਨ- ਅਤੇ ਨਸਲ-ਅਧਾਰਤ ਪ੍ਰਾਪਤੀ ਦੇ ਪਾੜੇ ਨੂੰ ਘਟਾਉਣ ਲਈ ਪ੍ਰਭਾਵਸ਼ਾਲੀ ਜਨਤਕ ਨਿਵੇਸ਼ ਹਨ। ਹਾਲਾਂਕਿ, ਟੀਚਰਜ਼ ਕਾਲਜ, ਕੋਲੰਬੀਆ ਯੂਨੀਵਰਸਿਟੀ, ਯੂਨੀਵਰਸਿਟੀ ਆਫ ਵਰਜੀਨੀਆ, ਯੂਨੀਵਰਸਿਟੀ ਆਫ ਕੈਲੀਫੋਰਨੀਆ-ਇਰਵਿਨ, ਅਤੇ ਡੇਲਾਵੇਅਰ ਯੂਨੀਵਰਸਿਟੀ ਦੇ ਜਾਂਚਕਰਤਾਵਾਂ ਦੀ ਇੱਕ ਟੀਮ ਦੁਆਰਾ ਕਰਵਾਏ ਗਏ ਇੱਕ ਨਵੇਂ ਬੁਨਿਆਦੀ ਅਧਿਐਨ ਵਿੱਚ ਬੱਚਿਆਂ ਦੀ ਮਦਦ ਕਰਨ ਲਈ ਅੱਜ ਦੇ ਪ੍ਰੀਸਕੂਲ ਪ੍ਰੋਗਰਾਮਾਂ ਦੀ ਲੰਬੇ ਸਮੇਂ ਦੀ ਪ੍ਰਭਾਵਸ਼ੀਲਤਾ 'ਤੇ ਮਿਸ਼ਰਤ ਸਬੂਤ ਮਿਲੇ ਹਨ। ਸਕੂਲ ਵਿੱਚ ਸਫਲ। ਅਧਿਐਨ, "ਸ਼ੁਰੂਆਤੀ ਸਿੱਖਿਆ ਦੇ ਲੰਬੇ ਸਮੇਂ ਤੱਕ ਚੱਲਣ ਵਾਲੇ ਪ੍ਰਭਾਵਾਂ 'ਤੇ ਅਸਥਿਰ ਵਿਗਿਆਨ", ਵਿਗਿਆਨ ਰਸਾਲੇ ਵਿੱਚ ਅੱਜ ਪ੍ਰਕਾਸ਼ਿਤ, ਨੇ ਸਖ਼ਤ ਡਿਜ਼ਾਈਨਾਂ ਦੀ ਵਰਤੋਂ ਕਰਦੇ ਹੋਏ ਚੰਗੀ ਤਰ੍ਹਾਂ ਸਥਾਪਿਤ, ਜਨਤਕ ਤੌਰ 'ਤੇ ਫੰਡ ਪ੍ਰਾਪਤ ਪ੍ਰੀਸਕੂਲ ਪ੍ਰੋਗਰਾਮਾਂ ਦੇ ਪ੍ਰਕਾਸ਼ਿਤ ਮੁਲਾਂਕਣਾਂ ਦੀ ਜਾਂਚ ਕੀਤੀ। ਚਾਰ ਮੁਲਾਂਕਣਾਂ ਨੇ ਐਲੀਮੈਂਟਰੀ ਸਕੂਲ ਅਤੇ ਉਸ ਤੋਂ ਬਾਅਦ ਦੇ ਪ੍ਰੀਸਕੂਲ ਪ੍ਰੋਗਰਾਮਾਂ ਵਿੱਚ ਹਾਜ਼ਰੀ ਭਰਨ ਵਾਲੇ ਅਤੇ ਨਾ ਜਾਣ ਵਾਲੇ ਬੱਚਿਆਂ ਦੇ ਸਕੂਲ ਦੀ ਕਾਰਗੁਜ਼ਾਰੀ ਵਿੱਚ ਸਕਾਰਾਤਮਕ, ਨਕਾਰਾਤਮਕ ਅਤੇ ਕੋਈ ਅੰਤਰ ਦੇ ਮਿਸ਼ਰਣ ਦੀ ਰਿਪੋਰਟ ਕੀਤੀ। ਇਹ ਅਧਿਐਨ ਖੇਤਰ ਦੇ ਅੰਦਰ ਪ੍ਰਚਲਿਤ ਧਾਰਨਾਵਾਂ ਨੂੰ ਚੁਣੌਤੀ ਦਿੰਦਾ ਹੈ, ਉਹਨਾਂ ਮੁੱਖ ਕਾਰਕਾਂ ਦੀ ਪਛਾਣ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੰਦਾ ਹੈ ਜੋ ਅਕਾਦਮਿਕ ਯਤਨਾਂ ਅਤੇ ਜੀਵਨ ਦੋਵਾਂ ਵਿੱਚ ਸਫਲਤਾ ਲਈ ਮਹੱਤਵਪੂਰਨ ਹੁਨਰਾਂ ਦੇ ਵਿਕਾਸ ਨੂੰ ਉਤਸ਼ਾਹਿਤ ਕਰਦੇ ਹਨ, ਖਾਸ ਕਰਕੇ ਵਾਂਝੇ ਪਿਛੋਕੜ ਵਾਲੇ ਬੱਚਿਆਂ ਵਿੱਚ। ਪ੍ਰੀਸਕੂਲ ਪ੍ਰੋਗਰਾਮਾਂ ਤੋਂ ਮਿਸ਼ਰਤ ਨਤੀਜੇ ਵਰਜੀਨੀਆ ਯੂਨੀਵਰਸਿਟੀ ਦੇ ਸੈਂਟਰ ਫਾਰ ਐਡਵਾਂਸਡ ਸਟੱਡੀ ਆਫ਼ ਟੀਚਿੰਗ ਐਂਡ ਲਰਨਿੰਗ ਵਿੱਚ ਖੋਜ ਪ੍ਰੋਫ਼ੈਸਰ ਮਾਰਗਰੇਟ ਬੁਰਚਿਨਲ, ਅਧਿਐਨ ਦੀ ਸੀਨੀਅਰ ਲੇਖਕ ਕਹਿੰਦੀ ਹੈ, "ਪ੍ਰੀਸਕੂਲ ਪ੍ਰੋਗਰਾਮਾਂ ਨੂੰ ਲੰਬੇ ਸਮੇਂ ਤੋਂ ਪ੍ਰਭਾਵਸ਼ਾਲੀ ਦਖਲਅੰਦਾਜ਼ੀ ਵਜੋਂ ਮੰਨਿਆ ਜਾਂਦਾ ਰਿਹਾ ਹੈ, ਫਿਰ ਵੀ ਸਾਡਾ ਅਧਿਐਨ ਇੱਕ ਹੋਰ ਸੂਖਮ ਹਕੀਕਤ ਨੂੰ ਪ੍ਰਗਟ ਕਰਦਾ ਹੈ। "ਜਦੋਂ ਕਿ ਬਹੁਤ ਸਾਰੇ ਆਪਣੇ ਸਕਾਰਾਤਮਕ ਪ੍ਰਭਾਵ ਨੂੰ ਮੰਨਦੇ ਹਨ, ਸਖ਼ਤ ਮੁਲਾਂਕਣ ਨਤੀਜਿਆਂ ਦਾ ਮਿਸ਼ਰਣ ਦਿਖਾਉਂਦੇ ਹਨ, ਜਿਸ ਵਿੱਚ ਸਫਲਤਾਵਾਂ ਅਤੇ ਝਟਕਿਆਂ ਦੋਵੇਂ ਸ਼ਾਮਲ ਹਨ ਅਤੇ, ਕੁਝ ਮਾਮਲਿਆਂ ਵਿੱਚ, ਕੋਈ ਵੀ ਲੰਬੇ ਸਮੇਂ ਦੇ ਪ੍ਰਭਾਵ ਨੂੰ ਸਮਝਣ ਯੋਗ ਨਹੀਂ ਹੈ। ਇਹ ਲਾਜ਼ਮੀ ਹੈ ਕਿ ਅਸੀਂ ਪ੍ਰੀਸਕੂਲ ਪ੍ਰੋਗਰਾਮਾਂ ਨੂੰ ਸਕੂਲ ਦੀ ਸਫਲਤਾ ਨੂੰ ਇਕਸਾਰ ਰੂਪ ਵਿੱਚ ਉਤਸ਼ਾਹਿਤ ਕਰਨ ਲਈ ਤਿਆਰ ਕਰੀਏ, ਖਾਸ ਤੌਰ 'ਤੇ ਘੱਟ ਆਮਦਨ ਵਾਲੇ ਪਰਿਵਾਰਾਂ ਦੇ ਬੱਚਿਆਂ ਲਈ। ਬੁਰਚਿਨਲ ਅੱਗੇ ਜ਼ੋਰ ਦਿੰਦਾ ਹੈ, "ਮਾਪਿਆਂ ਲਈ, ਖਾਸ ਤੌਰ 'ਤੇ ਸੀਮਤ ਵਿੱਤੀ ਸਾਧਨਾਂ ਵਾਲੇ, ਭਰੋਸੇਮੰਦ ਬਾਲ ਦੇਖਭਾਲ ਤੱਕ ਪਹੁੰਚ ਕਰਮਚਾਰੀਆਂ ਦੀ ਭਾਗੀਦਾਰੀ ਲਈ ਜ਼ਰੂਰੀ ਹੈ। ਜਨਤਕ ਪ੍ਰੀਸਕੂਲ ਪ੍ਰੋਗਰਾਮ ਵੀ ਬਰਾਬਰ ਮਹੱਤਵਪੂਰਨ ਹਨ ਜੋ ਨਾ ਸਿਰਫ਼ ਭਰੋਸੇਯੋਗ ਦੇਖਭਾਲ ਦੀ ਪੇਸ਼ਕਸ਼ ਕਰਦੇ ਹਨ ਬਲਕਿ ਉਨ੍ਹਾਂ ਦੇ ਬੱਚਿਆਂ ਦੀ ਅਕਾਦਮਿਕ ਸਫਲਤਾ ਲਈ ਇੱਕ ਮਜ਼ਬੂਤ ਨੀਂਹ ਵੀ ਰੱਖਦੇ ਹਨ।" ਵਿਰੋਧੀ ਸਬੂਤ ਅਤੇ ਹੋਰ ਖੋਜ ਦੀ ਲੋੜ ਪ੍ਰੀਸਕੂਲ ਪ੍ਰਤੀ ਜਨਤਕ ਰਾਏ ਮੁੱਖ ਤੌਰ 'ਤੇ ਦੋ ਵਿਆਪਕ ਤੌਰ 'ਤੇ ਮਾਨਤਾ ਪ੍ਰਾਪਤ ਬੇਤਰਤੀਬੇ ਅਜ਼ਮਾਇਸ਼ਾਂ ਦੁਆਰਾ ਬਣਾਈ ਗਈ ਹੈ ਜਿਨ੍ਹਾਂ ਨੇ ਪ੍ਰੀਸਕੂਲ ਵਿਚ ਜਾਣ ਦੇ ਮਹੱਤਵਪੂਰਨ ਲੰਬੇ ਸਮੇਂ ਦੇ ਲਾਭਾਂ ਦੇ ਨਾਲ-ਨਾਲ ਹੋਰ ਘੱਟ ਸਖ਼ਤ ਅਧਿਐਨਾਂ ਦਾ ਪਤਾ ਲਗਾਇਆ ਹੈ ਜੋ ਸਕਾਰਾਤਮਕ ਥੋੜ੍ਹੇ ਸਮੇਂ ਦੇ ਪ੍ਰਭਾਵਾਂ ਦਾ ਸੁਝਾਅ ਦਿੰਦੇ ਹਨ ਅਤੇ, ਕੁਝ ਮਾਮਲਿਆਂ ਵਿੱਚ, ਸਕਾਰਾਤਮਕ ਲੰਬੇ ਸਮੇਂ ਦੇ ਨਤੀਜੇ। । ਹਾਲਾਂਕਿ, ਜਨਤਕ ਪ੍ਰੀਸਕੂਲ ਪ੍ਰੋਗਰਾਮਾਂ ਦੇ ਹਾਲ ਹੀ ਦੇ ਉੱਚ-ਗੁਣਵੱਤਾ ਦੇ ਬੇਤਰਤੀਬੇ ਮੁਲਾਂਕਣਾਂ ਨੇ ਵਿਰੋਧੀ ਸਬੂਤ ਪੇਸ਼ ਕੀਤੇ ਹਨ। ਹਾਲਾਂਕਿ ਇਹ ਮੁਲਾਂਕਣ ਸਕੂਲ ਦਾਖਲੇ 'ਤੇ ਅਕਾਦਮਿਕ ਹੁਨਰਾਂ 'ਤੇ ਸਕਾਰਾਤਮਕ ਪ੍ਰਭਾਵਾਂ ਨੂੰ ਦਰਸਾਉਂਦੇ ਹਨ, ਇਹ ਅਸਪਸ਼ਟ ਹੈ ਕਿ ਕੀ ਇਹ ਪ੍ਰੋਗਰਾਮ ਲੰਬੇ ਸਮੇਂ ਦੀ ਅਕਾਦਮਿਕ ਸਫਲਤਾ ਨੂੰ ਬਿਹਤਰ ਬਣਾਉਂਦੇ ਹਨ ਅਤੇ ਇਸ ਤੋਂ ਅੱਗੇ। ਸਕੇਲ-ਅੱਪ ਪ੍ਰੀ-ਕਿੰਡਰਗਾਰਟਨ ਪ੍ਰੋਗਰਾਮਾਂ ਦੇ ਦੋ ਮੁਲਾਂਕਣਾਂ ਨੇ ਮਿਸ਼ਰਤ ਨਤੀਜੇ ਦਿਖਾਏ। ਬੋਸਟਨ ਪ੍ਰੋਗਰਾਮ ਨੇ ਹਾਈ ਸਕੂਲ ਗ੍ਰੈਜੂਏਸ਼ਨ ਦਰਾਂ ਵਿੱਚ ਸੁਧਾਰ ਕੀਤਾ, ਜਦੋਂ ਕਿ ਟੈਨੇਸੀ ਪ੍ਰੋਗਰਾਮ ਨੇ ਐਲੀਮੈਂਟਰੀ ਸਕੂਲ ਵਿੱਚ ਮਾੜੇ ਨਤੀਜਿਆਂ ਦੀ ਅਗਵਾਈ ਕੀਤੀ। ਦੋ ਹੋਰ ਮੁਲਾਂਕਣਾਂ ਨੇ ਹਾਜ਼ਰੀਨ ਅਤੇ ਗੈਰ-ਹਾਜ਼ਰਾਂ ਵਿਚਕਾਰ ਨਤੀਜਿਆਂ ਵਿੱਚ ਕੋਈ ਅੰਤਰ ਨਹੀਂ ਪਾਇਆ। ਇਹ ਪ੍ਰਭਾਵੀ ਪ੍ਰੀਸਕੂਲ 'ਤੇ ਹੋਰ ਖੋਜ ਦੀ ਲੋੜ ਨੂੰ ਉਜਾਗਰ ਕਰਦਾ ਹੈਅਮਲ। ਲੰਬੇ ਸਮੇਂ ਦਾ ਪ੍ਰਭਾਵ ਅਨਿਸ਼ਚਿਤ ਇਹ ਚਾਰ ਅਧਿਐਨਾਂ ਪਹਿਲਾਂ ਦੀ ਪੜ੍ਹਾਈ ਨਾਲੋਂ ਬੱਚਿਆਂ ਲਈ ਮੌਕਿਆਂ ਨੂੰ ਵਧਾਉਣ ਲਈ ਪ੍ਰੀਸਕੂਲ ਦੀ ਯੋਗਤਾ ਦੀ ਕੁਝ ਘੱਟ ਗੁਲਾਬੀ ਤਸਵੀਰ ਪੇਂਟ ਕਰਦੀਆਂ ਹਨ। ਲੇਖਕ ਦਲੀਲ ਦਿੰਦੇ ਹਨ ਕਿ 50 ਸਾਲ ਪਹਿਲਾਂ ਤੋਂ ਪਹਿਲਾਂ ਵਿਆਪਕ ਤੌਰ 'ਤੇ ਦਿੱਤੇ ਗਏ ਬੇਤਰਤੀਬੇ-ਅਸਾਈਨਮੈਂਟ ਅਧਿਐਨਾਂ ਤੋਂ ਆਸ਼ਾਵਾਦੀ ਨਤੀਜੇ ਅੱਜ ਦੇ ਪ੍ਰੋਗਰਾਮਾਂ ਤੱਕ ਨਹੀਂ ਪਹੁੰਚ ਸਕਦੇ। ਦੋਵੇਂ ਪ੍ਰੋਗਰਾਮਾਂ ਨੇ ਬਹੁਤ ਘੱਟ ਬੱਚਿਆਂ ਦੀ ਸੇਵਾ ਕੀਤੀ, ਅਤੇ ਦਾਖਲਾ ਲਾਟਰੀਆਂ ਗੁਆਉਣ ਵਾਲੇ ਬੱਚਿਆਂ ਕੋਲ ਅੱਜ ਮਾਪਿਆਂ ਲਈ ਉਪਲਬਧ ਬਹੁਤ ਸਾਰੀਆਂ ਸੁਰੱਖਿਆ-ਨੈੱਟ ਸੇਵਾਵਾਂ ਅਤੇ ਬਾਲ ਦੇਖਭਾਲ ਵਿਕਲਪਾਂ ਤੱਕ ਪਹੁੰਚ ਨਹੀਂ ਹੈ। ਹਾਲਾਂਕਿ ਸਭ ਤੋਂ ਤਾਜ਼ਾ ਮੁਲਾਂਕਣ ਦਰਸਾਉਂਦੇ ਹਨ ਕਿ ਪਬਲਿਕ ਪ੍ਰੀਸਕੂਲ ਪ੍ਰੋਗਰਾਮ ਸਕੂਲ ਦਾਖਲੇ 'ਤੇ ਸਾਖਰਤਾ ਅਤੇ ਗਣਿਤ ਦੇ ਹੁਨਰਾਂ ਵਿੱਚ ਸੁਧਾਰ ਕਰਦੇ ਹਨ, ਇਹ ਫਾਇਦਾ ਐਲੀਮੈਂਟਰੀ ਸਕੂਲ ਵਿੱਚ ਦਾਖਲ ਹੋਣ ਤੋਂ ਬਾਅਦ ਛੇਤੀ ਹੀ ਘੱਟ ਜਾਂਦਾ ਹੈ। ਸਕੇਲ-ਅੱਪ ਪ੍ਰੋਗਰਾਮਾਂ ਦੇ ਘੱਟ ਸਖ਼ਤ ਅਧਿਐਨ ਆਮ ਤੌਰ 'ਤੇ ਹਾਜ਼ਰੀਨ ਅਤੇ ਗੈਰ-ਅਟੈਂਡਰਾਂ ਬਾਰੇ ਸੀਮਤ ਜਾਣਕਾਰੀ 'ਤੇ ਨਿਰਭਰ ਕਰਦੇ ਹਨ, ਜਿਸ ਨਾਲ ਇਹ ਸੰਭਵ ਹੋ ਜਾਂਦਾ ਹੈ ਕਿ ਗੈਰ-ਅਟੈਂਡਰ ਮਹੱਤਵਪੂਰਨ ਹੋਰ ਕਾਰਕਾਂ - ਜਿਵੇਂ ਕਿ ਪਾਲਣ-ਪੋਸ਼ਣ ਵਿਸ਼ਵਾਸ ਅਤੇ ਅਭਿਆਸਾਂ - ਜੋ ਕਿ ਹਾਜ਼ਰ ਲੋਕਾਂ ਦੇ ਪੱਖ ਵਿੱਚ ਖੋਜਾਂ ਦਾ ਕਾਰਨ ਬਣ ਸਕਦੇ ਹਨ, 'ਤੇ ਹਾਜ਼ਰੀਨ ਨਾਲੋਂ ਵੱਖਰੇ ਹਨ। ਭਵਿੱਖ ਦੀ ਖੋਜ ਲਈ ਸਿਫ਼ਾਰਿਸ਼ਾਂ "ਸਾਡੀ ਸਮੀਖਿਆ ਸੁਝਾਅ ਦਿੰਦੀ ਹੈ ਕਿ ਜਨਤਕ ਪ੍ਰੀ-ਕੇ ਪ੍ਰੋਗਰਾਮਾਂ ਦੇ ਪ੍ਰਭਾਵਾਂ ਬਾਰੇ ਨੀਤੀਗਤ ਸਿਫ਼ਾਰਸ਼ਾਂ ਕਰਦੇ ਸਮੇਂ ਖੋਜਕਰਤਾਵਾਂ ਨੂੰ ਵਧੇਰੇ ਸਾਵਧਾਨ ਰਹਿਣਾ ਚਾਹੀਦਾ ਹੈ," ਨੇ ਕਿਹਾ।

"ਮੌਜੂਦਾ ਸਮੇਂ ਵਿੱਚ, ਸਭ ਤੋਂ ਵਧੀਆ ਖੋਜ ਅਧਿਐਨ ਇਹਨਾਂ ਨਿਵੇਸ਼ਾਂ ਦੇ ਲੰਬੇ ਸਮੇਂ ਦੇ ਪ੍ਰਭਾਵਾਂ ਦੀ ਭਵਿੱਖਬਾਣੀ ਕਰਨਾ ਔਖਾ ਬਣਾਉਂਦੇ ਹਨ। ਯਕੀਨਨ, ਅਸੀਂ ਸਹਿਮਤ ਹਾਂ ਕਿ ਸ਼ੁਰੂਆਤੀ ਬਚਪਨ ਦੀ ਸਿੱਖਿਆ ਜਨਤਕ ਨਿਵੇਸ਼ ਲਈ ਇੱਕ ਮਹੱਤਵਪੂਰਨ ਖੇਤਰ ਹੈ। ਫਿਰ ਵੀ, ਅਸੀਂ ਭਰੋਸੇ ਨਾਲ ਇਹ ਦਾਅਵਾ ਨਹੀਂ ਕਰ ਸਕਦੇ ਕਿ ਸਾਰੇ ਜਨਤਕ ਪ੍ਰੀ-ਕੇ ਪ੍ਰੋਗਰਾਮ ਲੰਬੇ ਸਮੇਂ ਦੇ ਸਕਾਰਾਤਮਕ ਨਤੀਜੇ ਪੈਦਾ ਕਰਦੇ ਹਨ।

## ਗਜ਼ਲ

**ਪ੍ਰੋ. ਜੀ. ਸੀ. ਕੌਲ (ਐਮ. ਏ.) ਨੂੰ ਸਮਰਪਿਤ**

ਮਨ ਮੈਥੋਂ ਸਮਝਾ ਨਾ ਹੋਣਾ।
ਤੈਨੂੰ ਯਾਰ ਭੁਲਾ ਨਾ ਹੋਣਾ।


ਤੂੰ ਤੋੜੇਂ ਤਾਂ ਤੇਰੀ ਮਰਜ਼ੀ,
ਸਾਥੋਂ ਕਹਿਰ ਕਮਾ ਨਾ ਹੋਣਾ।

ਸੰਭਲ ਜਾ ਜ਼ਿੰਦਗੀ ਦੇ ਕਾਤਿਲ,
ਹੁਣ ਇਹ ਤੀਰ ਚਲਾ ਨਾ ਹੋਣਾ।

ਘਰ ਰੁਸ਼ਨਾਵਾਂ ਯਾਰਾ ਤੇਰਾ,
ਕਬਰੀਂ ਦੀਪ ਜਲਾ ਨਾ ਹੋਣਾ।

ਤੇਰੇ ਦਿਲ ਦੀ ਤੂੰ ਹੀ ਜਾਣੇਂ,
ਭੰਡ ਅਸਾਥੋਂ ਪਾ ਨਾ ਹੋਣਾ।

ਇਹ ਦਰਦਾਂ ਦਾ ਗੀਤ ਅਨੋਖਾ,
ਸਾਥੋਂ ਯਾਰਾ ਗਾ ਨਾ ਹੋਣਾ।



ਪ੍ਰੋ. ਜੀ. ਸੀ. ਕੌਲ



**ਲੇਖਕ- ਸੀ. ਐਲ. ਚੁੰਬਰ**
(ਧੰਨਵਾਦ ਸਹਿਤ- ਰਵਿਦਾਸ ਪੱਤ੍ਰਿਕਾ, 19 ਜੁਲਾਈ 1977


ਅੰਮ੍ਰਿਤ ਪਵਾਰ

# ਪੰਜਾਬੀ ਫ਼ਿਲਮ ਦਰਪਣ

## ਪੰਜਾਬ ਦੇ ਹਿੱਤ ਦੀ "ਤਬਾਹੀ ਰਿਲੋਡਡ" ਬਣਾਉਣ ਵਾਲੇ ਜਿਉਂਦੇ ਰਹਿਣ ਤੇ ਹੁਣ "ਖੁੱਤਿਆਂ ਪੈਣਗੀਆਂ"

ਪੰਜਾਬ ਦੇ ਵੱਖ ਵੱਖ ਸਿਨੇਮਾ ਘਰਾਂ ਤੋਂ "ਤਬਾਹੀ ਰਿਲੋਡਡ" ਦੀ ਫੀਡ ਬੈਕ ਲਈ ਤੇ "ਗੁਲਾਬ ਕੌਰ" ਦੇ ਕਿਰਦਾਰ ਨੂੰ ਬਹੁਤ ਪਸੰਦ ਕੀਤਾ ਗਿਆ ਕਿਹਾ ਇਹ ਰੋਲ ਮਾਡਲ ਬਣਾਓ ਸੱਚ ਸੁੱਚੀ ਬਿਰਗਿ ਨੇ ਜ਼ਬਰਦਸਤ ਐਕਟਿੰਗ ਕੀਤੀ। ਅੱਜ ਆਰਕੈਸਟਰਾਂ ਕੁੜੀਆਂ ਨਾਲ ਅਜਿਹਾ ਹੋ ਰਿਹਾ ਨੰਗਾ ਸੱਚ ਸਾਮਣੇ ਲਿਆਉਣ ਲਈ ਗੁਆ ਕਿ ਅੱਗੇ ਆਉਣਾ ਪੈਂਦਾ ਫ਼ਿਲਮ ਕਿਵੇਂ ਵੀ ਰਹੇ ਪੈਸਾ ਅਗਲੀ ਵਿੱਚ ਕਮਾ ਲੈਣਗੇ ਪਰ ਭਲਾ ਤਾਂ ਕੀਤਾ ਸੱਚ ਲਿਆ ਤੇ ਇਧਰ "ਖੁਤੀਆਂ ਪੈਣ ਵਾਲੀਆਂ ਨੇ" ਦਿਲਜੀਤ ਦੁਸਾਂਝ ਤੇ ਨੀਰੂ



ਬਾਜਵਾ ਦੀ "3" ਹਿੱਸਾ ਜੱਟ ਤੇ ਜੁਲੀਅਟ ਆ ਰਹੀ ਹੈ। ਜਗਦੀਪ ਸਿੱਧੂ ਫ਼ਿਲਮ ਦਾ ਲੇਖਕ ਤੇ ਨਿਰਦੇਸ਼ਕ ਹੈ ਤੇ ਆਖ਼ਿਰ ਵਿੱਚ ਸਵਰਨ ਸਿੰਘ ਸੱਚ ਦਾ ਸੀ ਐਮ ਲੱਗਿਆ, ਪੂਜਾ ਗਾਬਾ ਸ਼ਾਰਦਾ ਕੋਲ ਸਾਰਾ ਕੁਝ ਏ ਗਲੈਮਰ ਤੇ ਅਭਿਨੈ ਵੀ, ਕਰਨ ਅਰਜਨ ਜਰਮਨ ਮੱਲ੍ਹੀ ਤੇ ਮਨਜੋਤ ਸਿੰਘ ਸੈਣੀ ਜ਼ਿੰਦਾਬਾਦ, ਉਭਰਿਆ ਦਲੇਰ ਮਹਿਤਾ। ਜਨਤਾ ਨੇ ਕਿਹਾ ਚਰਨਜੀਤ ਸਿੰਘ ਬਰਾੜ ਜਿਹੇ ਨੇਤਾ ਤੇ ਬਾਬੂ ਚੰਡੀਗੜ੍ਹੀਆ ਨੇ ਕਿਹਾ ਤਬਾਹੀ ਰਿਲੋਡਡ ਬਣਾ ਖੱਟਿਆ ਪੰਜਾਬ ਦਾ ਦਿਲੋਂ ਪਿਆਰ ਤੇ ਗੁਆ ਲਿਆ ਵਪਾਰ ਹੋਊ ਪਰ ਵਪਾਰ ਤੇ ਭਲਾ ਅਲੱਗ ਹਨ।

## ਨਸੀਬੋ ਖੁਸ਼ ਹੋਈ ਕਿ ਸਰਹੱਦ ਪਾਰਲੇ ਪੰਜਾਬ ਓਸ ਦਾ "ਇਸ਼ਕ ਬੁਢਾਪੇ ਦਾ" ਹਿੱਟ ਹੋ ਗਿਆ

ਨਾਮ ਯਾਦ ਰੱਖਣਾ ਨਸੀਬੋ ਕੰਮ ਆਉਂਦਾ ਹੈ ਤੇ ਪਾਕਸਤਾਨੀ ਪੰਜਾਬੀ ਫ਼ਿਲਮਾਂ ਦੇ ਗਾਣੇ ਤੇ ਫ਼ਿਲਮਾਂ ਨਸੀਬੋ ਹਿੱਟ ਦੀ ਗਰੰਟੀ ਹੈ।ਭਾਰਤੀ ਸੰਗੀਤ ਪ੍ਰੇਮੀ ਵੀ ਓਸ ਦੇ ਪ੍ਰਸੰਸਕ ਹਨ ਤੇ ਇਸ ਵੇਲੇ ਪੰਜਾਬ ਵਿੱਚ ਜਿਸ ਪੰਜਾਬੀ ਫ਼ਿਲਮ ਦਾ ਰੌਲਾ ਏ ਤੇ 3 ਮਈ ਨੂੰ ਹੋਰ ਰਾਜਨੀਤਕ ਮਾਹੌਲ ਵਿੱਚ ਪੈਣਾ ਓਹ ਏ ਸੁਰਜੀਤ ਮੂਵੀਜ਼ ਦੀ "ਤਬਾਹੀ ਰਿਲੋਡਡ" ਤੇ ਇਸ ਵਿੱਚ ਸਥਿਤੀ ਇਹ ਕਿ ਮੁੱਖ ਮੰਤਰੀ ਸਾਹਿਬ ਆਪਣੀ ਵਿਦੇਸ਼ੀ ਮਹਿਲਾ ਦਾ ਜਨਮ ਦਿਨ ਮਨਾ ਰਹੇ ਨੇ ਤੇ ਸੁੱਚੀ ਬੀਰਗੀ ਨੱਚਣ ਦੇ ਨਾਲ ਗਾਣਾ ਗਾ ਰਹੀ "ਡੁੱਬ ਜਾਣਿਆ ਵੇ ਬੜਾ ਬੁਰਾ ਹੁੰਦਾ ਏ ਇਸ਼ਕ ਬੁਢਾਪੇ ਦਾ" ਤੇ ਇਹ ਗਾਣਾ ਇਸ ਨਸੀਬੋ ਨੇ ਹੀ ਗਾਇਆ ਹੈ। ਨਸੀਬੋ ਲਈ ਇਹ ਗਾਣਾ ਅਲਤਾਫ ਬਾਜਵਾ ਨੇ ਲਿਖਿਆ



ਤੇ ਗੌਹਰ ਅਲੀ ਬੱਬੂ ਦਾ ਸੰਗੀਤ ਧੰਨ ਧੰਨ ਹੋ ਗਈ ਹੈ। ਨਸੀਬੋ ਆਖਦੀ ਏ ਕਿ ਸਰਹੱਦ ਪਾਰ ਮਿਲ ਰਿਹਾ ਪਿਆਰ ਓਹ ਫ਼ਿਲਮ ਦੀ ਕਾਮਯਾਬੀ ਲਈ ਦੁਆ ਕਰਦੀ ਹੈ।

ਨਸੀਬੋ ਦੇ ਇਸ ਗਾਣੇ ਤੇ ਸੁੱਚੀ ਦੇ ਨਾਲ ਸਵਰਨ ਸਿੰਘ, ਪੂਜਾ ਗਾਬਾ ਸ਼ਾਰਦਾ, ਦਲੇਰ ਮਹਿਤਾ, ਸਿਮਰਪਾਲ ਸਿੰਘ, ਲਖਬੀਰ ਭੁੱਲਰ ਬਿੱਟਾ ਗਿੱਲ ਹਨ। ਬਲਬੀਰ ਇਕਬਾਲ ਦੀ ਇਹ ਫ਼ਿਲਮ ਅਨੰਦਪੁਰ ਮਤਾ ਖਾਲਸਤਾਨ ਨਹੀਂ, 47 ਤੇ 84, ਪੁਲਿਸ ਮੁਕਾਬਲੇ,ਧਰਮ ਬਦਲੀ ਕਿਸਾਨੀ ਦੇ ਮੁੱਦਿਆਂ ਤੇ ਸਰਕਾਰ ਦੀ ਹੁੰਦੀ ਰਹੀ ਕਾਰਵਾਈ ਤੇ ਅਧਾਰਿਤ ਹੈ। ਨਸੀਬੋ ਨੂੰ ਪੰਜਾਬੀ ਪ੍ਰਸੰਸਕ ਵਰਗ ਤੇ "ਤਬਾਹੀ" ਟੀਮ ਵੱਲੋਂ ਮੁਬਾਰਕਾਂ।

## ਅੱਜ ਦੀ ਪੰਜਾਬੀ ਗਾਇਕੀ ਤੇ ਦੋਗਾਣਾ ਕਲਾਕਾਰੀ ਵਿੱਚ ਤੇਜ਼ੀ ਨਾਲ ਚਮਕੇ ਹਨ ਸ਼ੰਮੀ ਖਾਨ, ਕਿਰਨ ਰੰਧਾਵਾ

ਨਵੀਂ ਪੀੜ੍ਹੀ ਦੇ ਪੰਜਾਬੀ ਗਾਇਕ ਕਲਾਕਾਰਾਂ ਵਿੱਚ ਸ਼ੰਮੀ ਖਾਨ ਦਾ ਨਾਮ ਤੇਜ਼ੀ ਨਾਲ ਉੱਭਰ ਕਿ ਸਾਹਮਣੇ ਆਇਆ ਹੈ। ਸ਼ੰਮੀ ਖਾਨ ਇਸ ਵੇਲੇ ਅੱਜ ਆਸਟ੍ਰੇਲੀਆ, ਭਾਰਤ ਤੇ ਪੰਜਾਬ ਵਿੱਚ ਸ਼ੋ ਲਾ ਰਿਹਾ ਹੈ ਤਾਂ ਜਵਾਨ ਉਮਰ ਵਿੱਚ ਹੀ "ਟਾਈਮ ਟੀਵੀ" ਲਈ ਰਾਇਲਟੀ ਸੰਗੀਤ ਸ਼ੋ "ਸਟਾਰ ਪੰਜਾਬ ਦੇ "ਲਈ ਜੱਜ ਬਣ ਆਉਣਾ ਵੀ ਓਸ ਦੀ ਅਹਿਮ ਪ੍ਰਾਪਤੀ ਹੈ।ਇਹੀ ਹੀ ਨਹੀਂ ਸ਼ੰਮੀ ਖਾਨ





ਦੋਗਾਣਾ ਗਾਇਕੀ ਵਿੱਚ ਵੀ ਮਾਝੇ ਵਿੱਚੋਂ ਇੱਕ ਨੰਬਰ ਤੇ ਅਤੇ ਪੰਜਾਬ ਵਿੱਚ ਚੋਟੀ ਦੇ ਦੱਸ ਦੋਗਾਣਾ ਗਾਇਕ ਜੋੜਿਆਂ ਵਿੱਚ ਸ਼ਾਮਿਲ ਹਨ। ਬਟਾਲਾ ਤੋਂ ਆਪਣਾ ਗਾਇਕੀ ਜੀਵਨ ਸ਼ੁਰੂ ਕਰਨ ਵਾਲੇ ਸ਼ੰਮੀ ਖਾਨ ਨੇ ਮੰਗੀ ਖਾਂ ਤੋਂ ਬਕਾਇਦਾ ਸੰਗੀਤ ਸਿੱਖਿਆ ਤੇ "ਸੜਕ ਸਰਕਾਰੀ" ਨਰਸ ਪਟਿਆਲੇ" ਸ਼ੰਮੀ ਦੇ ਗਾਏ ਓਹ ਦੋਗਾਣੇ ਨੇ ਜਿਹਨਾਂ ਨਾਲ ਓਸ ਦੀ ਤੇ ਕਿਰਨ ਰੰਧਾਵਾ ਦੀ ਗਾਇਕ ਜੋੜੀ ਪ੍ਰਵਾਨਿਤ ਬਣੀ ਤੇ ਦੋਵੇਂ ਜੀਵਨ ਵਿੱਚ ਵੀ ਜੋੜੀਦਾਰ ਬਣੇ ਹਨ। ਸ਼ੰਮੀ ਦੇ ਸੰਬੰਧ ਵਿੱਚ ਸੰਗੀਤਕਾਰ ਪ੍ਰਗਟ ਨੇ ਕਿਹਾ ਸੀ ਕਿ ਇਕੱਲੇ ਗਾਉਣ ਲਈ ਇਸ ਗਾਇਕ ਨੂੰ "ਮਿਰਜ਼ਾ" ਤੇ "ਜਿਉਣਾ ਮੌੜ" ਜਿਹੇ ਉੱਚੀ ਸੁਰ ਦੇ ਗੀਤ ਚਾਹੀਦੇ ਹਨ। "ਉਡਾਈਏ ਗੁੱਡੀਆਂ" ਗੀਤ ਨੇ ਸ਼ੰਮੀ ਤੇ ਕਿਰਨ ਨੂੰ "ਮਾਝੇ ਦੀ ਉੱਤਮ ਗਾਇਕ ਜੋੜੀ" ਦਾ ਸਨਮਾਨ ਦਿਵਾਇਆ। ਇਸ ਤੋਂ ਬਾਅਦ ਓਸ ਦੇ ਜਿੰਨੇ ਵੀ ਗੀਤ ਆਏ ਸਫਲ ਰਹੇ। ਇਸ ਦੌਰਾਨ "ਕਬੱਡੀਆਂ" ਦੋਗਾਣੇ ਨਾਲ ਸ਼ੰਮੀ ਤੇ ਕਿਰਨ ਨੂੰ ਖੇਡ ਮੈਦਾਨਾਂ ਵਿੱਚ ਵੀ ਸਨਮਾਨਿਤ ਕੀਤਾ ਗਿਆ ਹੈ। ਕੰਵਲਜੀਤ ਮਾਨਾਂਵਾਲਾ ਨੇ"ਨਗਾਰਾ ਟੀਵੀ " ਸ਼ੰਮੀ ਖਾਨ ਨੂੰ "ਬ੍ਰਾਂਡ ਸਟਾਰ" ਰੱਖਿਆ ਹੋਇਆ ਹੈ। ਇਸ ਦੌਰਾਨ ਜਦ "ਸਟਾਰ ਪੰਜਾਬ ਦੇ" ਲਈ ਸ਼ੰਮੀ ਖਾਨ ਨੇ ਪਾਕਸਤਾਨੀ ਸੰਗੀਤਕਾਰ ਸਰਦਾਰ ਜਸਪਾਲ, ਸਾਬਰਕੋਟੀ ਨਾਲ ਜੱਜ ਦਾ ਰੋਲ ਅਦਾ ਕੀਤਾ ਤਾਂ ਓਸ ਨੇ ਅਹਿਦ ਕੀਤਾ ਕਿ ਦੋਗਾਣੇ ਵਿੱਚ ਓਹ ਸਦੀਕ ਰਣਜੀਤ ਕੌਰ ਦੀ ਤਰਾਂ ਕਾਮਯਾਬ ਹੋਏਗਾ ਤੇ ਆਮ ਗਾਇਕੀ ਵਿੱਚ ਸ਼ੰਮੀ ਖਾਨ ਦਾ ਇਰਾਦਾ ਸੁਰਜੀਤ ਬਿੰਦਰਖੀਆ ਦੀ ਤਰਾਂ ਅੱਗੇ ਆਓਣ ਲਈ ਬੇਤਾਬ ਹਨ। ਸ਼ੰਮੀ ਖਾਨ ਨੇ ਅਸ਼ੋਕ ਪੁਰੀ ਦੀ ਫ਼ਿਲਮ "ਕ੍ਰਾਂਤੀ ਦੂਤ" ਲਈ ਪਲੇ ਬੈਕ ਦਿੱਤਾ ਹੈ । ਸ਼ੰਮੀ ਖਾਨ ਨੇ ਹੁਣ ਮਾਡਰਨ ਮਿਰਜ਼ਾ ਵੀਡਿਓ ਤੇ ਇਤਹਾਸਕ ਮਿਰਜ਼ਾ ਆਡੀਓ ਵਿੱਚ ਗਾ ਕਿ ਲੱਖਾਂ ਦੀ ਗਿਣਤੀ ਵਿੱਚ ਇਸ ਦੇ ਵਿਊ ਲਏ ਹਨ। ਸ਼ੰਮੀ ਖਾਨ ਦੀ ਗਾਇਕੀ ਨੂੰ ਵਿਸ਼ਵ ਪੱਧਰ ਦੀ ਗਾਇਕੀ ਬਣਾਉਣ ਵਿੱਚ ਗੁਰਦੀਪ ਸੰਧੂ ਤੇ ਕੰਵਲਜੀਤ ਮਾਨਾਂਵਾਲਾ ਦਾ ਵਿਸ਼ੇਸ਼ ਯੋਗਦਾਨ ਹੈ। ਸ਼ੰਮੀ ਖਾਨ ਨੇ ਹੁਣ ਆਸਟ੍ਰੇਲੀਆ ਵਿਖੇ ਕਰਜ਼ੇ ਵਿੱਚ ਡੁੱਬੇ ਕਿਸਾਨ ਤੇ ਉਸਦੀ ਖੁਦਕਸ਼ੀ ਤੇ ਜ਼ਿੰਦ ਸੁਰ ਸਿੰਘ ਦਾ ਲਿਖਿਆ ਗੀਤ ਗਾਇਆ ਹੈ। "ਜੁੱਤੀ ਰਹਿ ਗਈ ਖੇਤ" ਗੀਤ ਜਿਸ ਦਿਨ ਪ੍ਰਸਾਰਿਤ ਹੋਇਆ ਸ਼ੰਮੀ ਖਾਨ ਗਾਇਕੀ ਵਿੱਚ ਸਟਾਰ ਗਾਇਕ ਬਣੇਗਾ। ਰਹੀ ਗੱਲ ਦੋਗਾਣਾ ਗਾਇਕੀ ਦੀ ਤਾਂ ਇਸ ਵਿੱਚ ਓਹ ਕਾਫ਼ੀ ਹੱਦ ਤੱਕ ਸਫ਼ਲ ਹੈ। ਸ਼ੰਮੀ ਖਾਨ ਨੇ ਖੁਦ ਕਿਹਾ ਹੈ ਕਿ ਦੋ ਸਾਲ ਵਿੱਚ ਓਹ ਨਾਮਵਰ ਪੰਜਾਬੀ ਗਾਇਕ ਕਲਾਕਾਰਾਂ ਦੀ ਟੋਪ ਦੱਸ ਵਿੱਚ ਸ਼ਾਮਿਲ ਹੋਇਆ ਹੀ ਸਮਝੋ।

## ਰੁੱਤ ਅਨੋਖੀ ਆਈ !

ਮਿਲ਼ੇ ਟਿਕਟ ਤਾਂ ਕਹਿਣ ਮਾਂ ਪਾਰਟੀ ਏ
ਨਹੀਂ 'ਕੁੱਛੜ' ਵਿੱਚ ਕਿਸੇ ਦੇ ਹੋਰ ਹੁੰਦੇ।

ਸਿਰਫ ਗੱਦੀ ਦੇ ਨਾ਼ਲ ਹੀ ਪ੍ਰੀਤ ਸਮਝੋ
ਕੁਰਸੀ 'ਚੰਦ' ਤੇ ਲੀਡਰ 'ਚਕੋਰ' ਹੁੰਦੇ

ਹਾਈਕਮਾਡਾਂ ਵੀ ਦੇਖ ਕੇ ਦੰਗ ਹੋਈਆਂ
ਧੋਖਾ ਦੇਣ ਜਿਉਂ 'ਚੋਰਾਂ 'ਤੇ ਮੋਰ' ਹੁੰਦੇ।

ਇਧਰੋਂ ਓਧਰ ਨੂੰ ਜਾਣ ਬੇਸ਼ਰਮ ਹੋ ਕੇ
ਖੁਲ੍ਹੇ ਇਨ੍ਹਾਂ ਲਈ ਦਲਾਂ ਦੇ 'ਡੋਰ' ਹੁੰਦੇ।

ਲੋਕੀ ਸੋਚਦੇ ਕਰੀਏ ਯਕੀਨ ਕਿਸ 'ਤੇ
ਕੀ ਬੁੱਝੀਏ ਸਿਆਸਤਾਂ ਗੰਧ਼ਲੀਆਂ ਦੀ।

ਗਰਮੀਂ ਸਿਆ਼ਲ ਬਰਸਾਤ ਤਾਂ ਦੇਖਦੇ ਹਾਂ
ਰੁੱਤ ਆਈ ਏ ਯਾਰੋ ਦਲਬਦਲੀਆਂ ਦੀ!



ਤਰਲੋਚਨ ਸਿੰਘ ਦੁਪਾਲ ਪੁਰ
78146-92724

## ਨਰਸਿੰਗ ਕਾਲਜ ਢਾਹਾਂ ਕਲੇਰਾਂ ਦੀ ਕਲਾਸ ਜੀ ਐਨ ਐਮ ਨਰਸਿੰਗ (ਤੀਜਾ ਸਾਲ) ਦਾ ਸ਼ਾਨਦਾਰ 100% ਨਤੀਜਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜ਼ੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਬੰਧ ਹੇਠਾਂ ਚੱਲ ਰਹੇ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਦੀ ਕਲਾਸ ਜੀ. ਐਨ. ਐਮ. ਨਰਸਿੰਗ ਤੀਸਰਾ ਸਾਲ ਦਾ ਨਤੀਜਾ 100% ਆਇਆ ਹੈ। ਪ੍ਰਿੰਸੀਪਲ ਡਾ. ਸੁਰਿੰਦਰ ਜਸਪਾਲ ਨੇ ਦੱਸਿਆ ਕਿ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਦੀ ਕਲਾਸ ਜੀ।ਐਨ।ਐਮ। ਨਰਸਿੰਗ (ਤੀਸਰਾ ਸਾਲ) ਵਿਚੋਂ ਹਰਲੀਨ ਕੌਰ ਪੁੱਤਰੀ ਸ।ਜਤਿੰਦਰ ਸਿੰਘ– ਰਵਿੰਦਰ ਕੌਰ ਪਿੰਡ ਢਾਹਾਂ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ ।

ਜਦ ਕਿ ਦਲਜੀਤ ਕੌਰ ਪੁੱਤਰੀ ਸ੍ਰੀ ਸੰਤ ਰਾਮ–ਸੁਮਿੱਤਰੀ ਦੇਵੀ ਪਿੰਡ ਖੈਰੜ ਅੱਛਰਵਾਲ ਨੇ ਦੂਜਾ ਸਥਾਨ ਅਤੇ ਸਿਮਰਨਪ੍ਰੀਤ ਕੌਰ ਪੁੱਤਰੀ ਸੰਦੀਪ ਸਿੰਘ–ਰਮੇਸ਼ ਕੌਰ ਪਿੰਡ ਝਿੰਗੜਾਂ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਕਾਲਜ ਟਰੱਸਟ ਦੇ ਪ੍ਰਧਾਨ ਸ। ਕੁਲਵਿੰਦਰ ਸਿੰਘ ਢਾਹਾਂ ਨੇ ਸਮੂਹ ਟਰੱਸਟ ਮੈਂਬਰਾਂ ਵੱਲੋਂ ਜੀ ਐਨ ਐਮ ਨਰਸਿੰਗ ਤੀਜਾ ਸਾਲ ਦੇ ਸ਼ਾਨਦਾਰ ਨਤੀਜੇ ਲਈ ਸਮੂਹ ਨਰਸਿੰਗ ਵਿਦਿਆਰਥੀਆਂ ਨੂੰ, ਉਨ੍ਹਾਂ ਦੇ ਮਾਪਿਆਂ ਨੂੰ, ਸਮੂਹ ਅਧਿਆਪਕਾਂ ਨੂੰ ਅਤੇ ਪ੍ਰਿੰਸੀਪਲ ਡਾ. ਸੁਰਿੰਦਰ ਜਸਪਾਲ ਨੂੰ ਹਾਰਦਿਕ ਵਧਾਈਆਂ ਦਿੱਤੀਆਂ।

ਕਾਲਜ ਦੇ ਸ਼ਾਨਦਾਰ ਨਤੀਜੇ ਦੀ ਜਾਣਕਾਰੀ ਦੇਣ ਮੌਕੇ ਸ. ਅਮਰਜੀਤ ਸਿੰਘ ਕਲੇਰਾਂ ਸਕੱਤਰ ਟਰੱਸਟ, ਪ੍ਰਿੰਸੀਪਲ ਡਾ. ਸੁਰਿੰਦਰ ਜਸਪਾਲ, ਰਮਨਦੀਪ ਕੌਰ, ਸੁਖਮਿੰਦਰ ਕੌਰ, ਨਵਜੋਤ ਕੌਰ ਸਹੋਤਾ, ਰਾਬੀਆ ਹਾਟਾ, ਵੰਦਨਾ ਬਸਰਾ, ਸ਼ਿਵਾਨੀ ਭਰਦਵਾਜ, ਮਨਜਿੰਦਰ ਕੌਰ ਤੋਂ ਇਲਾਵਾ ਸਮੂਹ ਨਰਸਿੰਗ ਅਧਿਆਪਕ ਅਤੇ ਵਿਦਿਆਰਥੀ ਹਾਜ਼ਰ ਸਨ ।

ਵਰਨਣਯੋਗ ਹੈ ਕਿ ਗੁਰੂ ਨਾਨਕ ਕਾਲਜ ਆਫ ਨਰਸਿੰਗ ਦੀ ਕੈਨੇਡਾ ਦੀ ਕਾਰਲਟਨ ਯੂਨੀਵਰਸਿਟੀ ਉਟਾਵਾ ਕੈਨੇਡਾ ਨਾਲ ਵਿੱਦਿਅਕ ਸਾਂਝ ਵੀ ਹੈ।

## ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਬਲਾਕ ਬਹਿਰਾਮ ਦੀ ਮਹੀਨਾਵਾਰ ਮੀਟਿੰਗ ਹੋਈ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295




ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਬਲਾਕ ਬਹਿਰਾਮ ਦੀ ਮਹੀਨਾਵਾਰ ਮੀਟਿੰਗ ਬਲਾਕ ਚੇਅਰਮੈਨ ਡਾ ਸੁਖਵਿੰਦਰ ਮੰਢਾਲੀ ਜੀ ਦੀ ਪ੍ਰਧਾਨਗੀ ਵਿੱਚ ਹੋਈ। ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਜ਼ਿਲ੍ਹਾ ਪ੍ਰਧਾਨ ਡਾ ਬਲਕਾਰ ਕਟਾਰੀਆ ਜੀ ਹਾਜ਼ਰ ਹੋਏ। ਆਪਣੇ ਸੰਬੋਧਨ ਵਿਚ ਉਨ੍ਹਾਂ ਕਿਹਾ ਕਿ ਇਹ ਮੀਟਿੰਗ ਮਜ਼ਦੂਰ ਦਿਵਸ ਨੂੰ ਸਮਰਪਿਤ ਕੀਤੀ ਜਾਂਦੀ ਹੈ ਅਤੇ ਕਿਹਾ ਕਿ ਸਰਕਾਰ ਮੈਡੀਕਲ ਪ੍ਰੈਕਟੀਸ਼ਨਰ ਦੀਆਂ ਜਾਇਜ਼ ਮੰਗਾਂ ਮੰਨ ਕੇ ਪ੍ਰੈਕਟਿਸ ਦਾ ਕਾਨੂੰਨੀ ਅਧਿਕਾਰ ਦੇਵੇ ਨਹੀਂ ਤਾਂ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਡਟਵੇ ਵਿਰੋਧ ਦਾ ਸਾਹਮਣਾ ਕਰਨ ਲਈ ਤਿਆਰ ਰਹੇ। ਇਸ ਮੌਕੇ ਡਾ ਸਰਬਜੀਤ ਸਿੰਘ, ਡਾ ਸਤਨਾਮ ਜੌਹਲ, ਡਾਕਟਰ ਰੋਹਿਤ, ਡਾਕਟਰ ਜਗਦੀਸ਼ ਬੰਗੜ, ਡਾਕਟਰ ਸੁਖਵਿੰਦਰ ਮੰਢਾਲੀ, ਡਾਕਟਰ ਊਸ਼ਾ ਦੇਵੀ, ਡਾਕਟਰ ਸਨੀ, ਡਾਕਟਰ ਰਸ਼ਪਾਲ ਗੁਲਾਬਗੜ੍ਹੀਆ, ਡਾਕਟਰ ਗੁਲਜ਼ਾਰ, ਡਾਕਟਰ ਹੁਸਨ ਲਾਲ, ਡਾਕਟਰ ਬਲਕਾਰ ਚੰਦ, ਡਾਕਟਰ ਚਰਨਜੀਤ, ਡਾਕਟਰ ਪਰਮਜੀਤ, ਡਾਕਟਰ ਅਸ਼ੋਕ ਮੁੰਕਦਪੁਰ, ਡਾਕਟਰ ਰਜਿੰਦਰ ਸੌਂਧੀ, ਡਾਕਟਰ ਸੰਜੇ ਕਪਿਲ, ਡਾਕਟਰ ਗੁਲਸ਼ਨ ਕੁਮਾਰ, ਡਾਕਟਰ ਮਨਦੀਪ ਕੁਮਾਰ, ਡਾਕਟਰ ਰਵੀ ਕੁਮਾਰ, ਡਾਕਟਰ ਸੋਮ ਲਾਲ, ਡਾਕਟਰ ਵਿਜੇ ਕੁਮਾਰ ਆਦਿ ਮੈਂਬਰ ਸ਼ਾਮਿਲ ਹੋਏ।

## ਔਰਤਾਂ ਦੀਆਂ ਬਿਮਾਰੀਆਂ ਅਤੇ ਬਾਂਝਪਣ ਦੇ ਮਾਹਿਰ ਡਾ. ਸ਼ਵੇਤਾ ਬਗੜਿਆ ਨੇ ਢਾਹਾਂ ਕਲੇਰਾਂ ਵਿਖੇ ਕਾਰਜ ਭਾਰ ਸੰਭਾਲਿਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਅੱਜ ਔਰਤਾਂ ਦੀਆਂ ਬਿਮਾਰੀਆਂ ਅਤੇ ਬਾਂਝਪਣ ਦੇ ਮਾਹਿਰ ਡਾ. ਸ਼ਵੇਤਾ ਬਗੜਿਆ ਐਮ ਐਸ (ਗਾਇਨੀ) ਨੇ ਔਰਤਾਂ ਦੇ ਵਿਭਾਗ ਵਿਚ ਮੁੱਖ ਡਾਕਟਰ ਦਾ ਅਹੁਦਾ ਸੰਭਾਲਿਆ ਹੈ। ਡਾ. ਸ਼ਵੇਤਾ ਬਗੜਿਆ ਨੇ ਐਮ. ਬੀ. ਬੀ. ਐਸ. ਦੀ ਡਿਗਰੀ ਸਰਦਾਰ ਪਟੇਲ ਮੈਡੀਕਲ ਕਾਲਜ ਬੀਕਾਨੇਰ ਅਤੇ ਐਮ. ਐਸ. (ਔਬ ਅਤੇ ਗਾਇਨੀ) ਦੀ ਡਿਗਰੀ ਜਵਾਹਰ ਲਾਲ ਨਹਿਰੂ ਮੈਡੀਕਲ ਕਾਲਜ ਅਜਮੇਰ ਰਾਜਿਸਥਾਨ ਤੋਂ ਪਹਿਲੇ ਦਰਜੇ ਵਿਚ ਪ੍ਰਾਪਤ ਕੀਤੀ ਹੈ। ਆਪ ਔਰਤਾਂ ਦੀਆਂ ਹਰ ਤਰ੍ਹਾਂ ਦੀਆਂ ਸਰੀਰਿਕ ਬਿਮਾਰੀਆਂ, ਹਰ ਤਰ੍ਹਾਂ ਦੇ ਜਣੇਪੇ, ਵੱਡੇ ਆਪਰੇਸ਼ਨਾਂ, ਦਰਦ ਰਹਿਤ ਡਲਿਵਰੀ, ਬਾਂਝਪਣ (ਇਨਫਰਟੀਲਿਟੀ) ਦਾ ਇਲਾਜ,



ਬੱਚੇਦਾਨੀ ਅਤੇ ਛਾਤੀ ਦੇ ਕੈਂਸਰ ਦਾ ਇਲਾਜ ਦਾ ਆਧੁਨਿਕ ਢੰਗ ਨਾਲ ਕਰਨ ਦੇ ਮਾਹਿਰ ਡਾਕਟਰ ਹਨ। ਵਰਨਣਯੋਗ ਹੈ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਸਥਾਪਿਤ ਔਰਤਾਂ ਦੇ ਵਿਭਾਗ ਵਿਚ ਹਰ ਤਰ੍ਹਾਂ ਦੀਆਂ ਬਿਮਾਰੀਆਂ ਦਾ ਇਲਾਜ ਅਤੇ ਅਪਰੇਸ਼ਨ ਕਰਨ ਦਾ ਵਧੀਆ ਪ੍ਰਬੰਧ ਹੈ। ਹਸਪਤਾਲ ਢਾਹਾਂ ਕਲੇਰਾਂ ਵਿਖੇ ਨਵਜਨਮੇ ਬੱਚਿਆਂ ਦੀ ਵਧੀਆ ਸਾਂਭ–ਸੰਭਾਲ ਲਈ ਆਧੁਨਿਕ ਮਸ਼ੀਨਾਂ ਅਤੇ ਯੰਤਰ ਵੀ ਉਪਲੱਬਧ ਹਨ। ਇਸ ਮੌਕੇ ਹਸਪਤਾਲ ਪ੍ਰਬੰਧਕ ਸ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜ਼ੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਇਲਾਕਾ ਨਿਵਾਸੀਆਂ ਨੂੰ ਡਾ. ਸ਼ਵੇਤਾ ਬਗੜਿਆ ਐਮ ਐਸ (ਗਾਇਨੀ) ਦੀਆਂ ਵਧੀਆ ਸੇਵਾਵਾਂ ਦਾ ਲਾਭ ਪ੍ਰਾਪਤ ਕਰਨ ਦੀ ਅਪੀਲ ਕੀਤੀ ਹੈ।



HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com




L.A. MERCHANDISE
Whole Sale +Retail
ਯੁਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
500 N. Palora Ave. Yuba City, CA 95991
Loose Fabrics, Groceries, Blankets, Vegetables
ਕੈਰੀ ਬੈਗ ਵਧੀਆ ਤੇ ਸਸਤੇ ਰੇਟਾਂ 'ਤੇ ਉਪਲਬਧ ਹਨ
New folding bed verities
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax
ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ
ਇੱਥੇ ਤਾਜ਼ਾ ਸਬਜ਼ੀਆਂ ਅਤੇ ਆਰਗੈਨਿਕ ਦਾਲਾਂ ਵੀ ਮਿਲਦੀਆਂ ਹਨ।
ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ
Baksho Kaur Bisla Hardev Singh Bisla
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ
530-671-0439, Fax 530-822-0439 Cell- 530-844-3250




Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets




Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138